# ਗਿਆਨੀ ਕਰਤਾਰ ਸਿੰਘ

## ਸਿਆਸਤ ਦਾ ਧਨੀ



**ਧਰਮ ਸਿੰਘ ਸਹੌਤਾ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਤਿਕਾਰ ਸਹਿਤ ਭੇਟ

ਦਯਾ ਸਿੰਘ ਸਰੋਤਾ

13.5.82

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਸਿਆਸਤ ਦਾ ਧਨੀ

# ਗਿਆਨੀ ਕਰਤਾਰ ਸਿੰਘ

ਪ੍ਰੋ: ਧਰਮ ਸਿੰਘ ਸਹੋਤਾ
ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ,
ਟਾਂਡਾ-ਉੜਮੁੜ, (ਹੁਸ਼ਿਆਰਪੁਰ)

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

Digitized by Panjab Digital Library | www.panjabdigilib.org

# SIASAT DA DHANI—GIANI KARTAR SINGH

*by*

Prof. Dharam Singh Sahota

ਪਹਿਲੀ ਵਾਰ—ਮਾਰਚ 1982

**ਮੁੱਲ**—10.00

**ਪ੍ਰਕਾਸ਼ਕ** : ਮਹਿਤਾਬ ਸਿੰਘ,
ਨਿਊ ਬੁੱਕ ਕੰਪਨੀ,
ਮਾਈ ਹੀਰਾਂ ਗੇਟ, ਜਲੰਧਰ ।

**ਛਾਪਕ** : ਹਿੰਦੀ ਪ੍ਰੈਸ,
ਪੱਕਾ ਬਾਗ਼,
ਜਲੰਧਰ ।

Digitized by Panjab Digital Library | www.panjabdigilib.org

# ਸਮਰਪਣ

ਗਿਆਨੀ ਕਰਤਾਰ ਸਿੰਘ ਦੀ ਧਰਮ-ਪਤਨੀ
ਮਾਤਾ ਹਰਨਾਮ ਕੌਰ
ਨੂੰ
ਜੋ ਗਿਆਨੀ ਜੀ ਦੀ ਕੁਰਬਾਨੀ, ਦੇਸ਼-ਸੇਵਾ
ਅਤੇ
ਨਿਰਸੁਆਰਥ ਦੀ ਜੀਂਦੀ ਜਾਗਦੀ ਤਸਵੀਰ ਹੈ
ਅਤੇ
ਆਪਣੇ ਭਰਾਵਾਂ ਦੇ ਆਸਰੇ ਪਿੰਡ ਚਮਿਆਰੀ
ਜ਼ਿਲਾ ਜਲੰਧਰ ਵਿਖੇ ਆਪਣੇ ਜੀਵਨ ਦੇ ਆਖਰੀ
ਦਿਨ ਬਤੀਤ ਕਰ ਰਹੀ ਹੈ ।


Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਗਿਆਨੀ ਕਰਤਾਰ ਸਿੰਘ

Digitized by Panjab Digital Library | www.panjabdigilib.org



ਮਾਸਟਰ ਤਾਰਾ ਸਿੰਘ

Digitized by Panjab Digital Library | www.panjabdigilib.org

# ਭੂਮਿਕਾ

## ਦਰਵੇਸ਼ ਅਤੇ ਲਟਬੌਰਾ ਸਿਆਸਤਦਾਨ

ਮੇਰਾ ਇਕ ਸ਼ਿਅਰ ਹੈ :—

ਵੁਹ ਮਜ਼ਕੂਰ ਨਹੀਂ ਹੈ ਦਿਲਕਸ਼
ਜਿਸ ਮੇਂ ਤੁਮ੍ਹਾਰਾ ਨਾਮ ਨਹੀਂ ਹੈ।

ਪੰਜਾਬ ਤੇ ਖ਼ਾਸ ਤੌਰ ਤੇ ਸਿੱਖ ਸਿਆਸਤ ਵਿਚ ਜੇਕਰ ਗਿਆਨੀ ਕਰਤਾਰ ਸਿੰਘ ਦਾਂ ਨਾਮ ਨਹੀਂ ਆਉਂਦਾ ਤਾਂ ਮੈਂ ਸਮਝਦਾ ਹਾਂ ਕਿ ਸਿਆਸਤ ਦਾ ਉਹ ਅਧਿਆਇ ਮੁਕੰਮਲ ਨਹੀਂ ਹੈ। ਮੇਰਾ ਵਾਹ ਆਪ ਨਾਲ 1942 ਤੋਂ ਪਿਆ ਤੇ ਆਪ ਦੇ ਜੀਵਨ ਦੇ ਅੰਤ ਤਕ ਮੈਂ ਦਿਮਾਗੀ ਤੌਰ ਤੇ ਉਨ੍ਹਾਂ ਦਾ ਚੇਲਾ ਰਿਹਾ ਹਾਂ।

ਮੈਂ ਉਨ੍ਹਾਂ ਨਾਲ ਲੜ-ਭਿੜ ਵੀ ਲੈਂਦਾ ਸਾਂ ਤੇ ਕਈ ਵਾਰ ਗੁੱਸੇ ਵੀ ਹੋ ਜਾਂਦਾ ਸਾਂ। ਪਰ ਮੈਨੂੰ ਉਹ ਸਦਾ ਹੀ ਉਦੋਂ ਮਨਾ ਲੈਂਦੇ ਸਨ ਜਦੋਂ ਉਨ੍ਹਾਂ ਨੇ ਜ਼ਰੂਰੀ ਮਸਲੇ ਵਿਚ ਮੇਰੀ ਸਲਾਹ ਲੈਣੀ ਹੋਵੇ। ਇਸ ਸੰਬੰਧ ਵਿਚ ਮੈਂ ਇਕ ਘਟਨਾ ਦਾ ਹੀ ਜ਼ਿਕਰ ਕਰਾਂਗਾ ਜਿਸ ਤੋਂ ਪਤਾ ਲੱਗ ਜਾਏਗਾ ਕਿ ਉਹ ਕਿਸ ਤਰ੍ਹਾਂ ਕੰਮ ਕਰਦੇ ਸਨ।

ਇਹ ਉਦੋਂ ਦੀ ਗੱਲ ਹੈ ਜਦੋਂ ਉਹ ਵਜ਼ੀਰ ਸਨ ਤੇ ਮੈਂ ਪ੍ਰਭਾਤ ਵਿਚ ਸਾਂ। ਉਹ ਜਾਣਦੇ ਸਨ ਕਿ ਮੈਂ ਪ੍ਰਭਾਤ ਵਿਚ ਕਿਉਂ ਜਾ ਰਿਹਾ ਸਾਂ। ਮੈਂ ਉਨ੍ਹਾਂ ਨਾਲ ਰੁੱਸਿਆ ਹੋਇਆ ਸਾਂ। ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਵਜ਼ੀਰ ਗਿਆਨੀ ਕਰਤਾਰ ਸਿੰਘ ਨੇ ਮੇਰੇ ਦਰਵਾਜ਼ੇ ਤੇ ਦਸਤਕ ਦਿੱਤੀ।

ਮੈਂ ਦਰਵਾਜ਼ਾ ਖੋਲ੍ਹਿਆ ਤਾਂ ਹੈਰਾਨ ਰਹਿ ਗਇਆ ਕਿ ਉਹ ਗਿਆਨੀ

Digitized by Panjab Digital Library | www.panjabdigilib.org

ਜੀ ਸਨ । ਮੈਂ ਪਿਆਰ ਨਾਲ ਸਤਿ ਸ੍ਰੀ ਅਕਾਲ ਕਹਿ ਕੇ ਉਨ੍ਹਾਂ ਨੂੰ ਕੁਰਸੀ ਤੇ ਬੈਠਣ ਲਈ ਕਿਹਾ । ਪਰ ਉਹ ਪਲੰਘ ਤੇ ਬੈਠ ਗਏ ਤੇ ਚੌਕੜੀ ਮਾਰ ਲਈ । ਮੈਂ ਦੇਖਿਆ ਕਿ ਪਹਿਲੇ ਗਿਆਨੀ ਕਰਤਾਰ ਸਿੰਘ ਤੇ ਵਜ਼ੀਰ ਗਿਆਨੀ ਕਰਤਾਰ ਸਿੰਘ ਵਿਚ ਕੋਈ ਫ਼ਰਕ ਨਹੀਂ । ਉਹ ਬੜੀ ਬੇ-ਤਕੱਲਫ਼ੀ ਨਾਲ ਆਖਣ ਲੱਗੇ "ਬੀਬੀ ਨਿਰੰਜਣ ਕੌਰ ਜੀ ਹਮਾਰੇ ਲੀਏ ਪਕੌੜੇ ਬਨਾਈਏ, ਸਰਸੋਂ ਕੇ ਤੇਲ ਕੇ । ਹਾਂ ਜ਼ਰਾ ਗਰਮ-ਗਰਮ ਪਕੌੜੇ ਲਾਈਏ ਬੀਬਾ ।"

ਨਿਰੰਜਣ ਕੌਰ ਨੇ ਸਤਿ ਬਚਨ ਆਖ ਕੇ ਉਨ੍ਹਾਂ ਵੱਲ ਇਸ ਢੰਗ ਨਾਲ ਦੇਖਿਆ ਜਿਵੇਂ ਉਹ ਹੈਰਾਨ ਹੋਵੇ ਕਿ ਇਕ ਵਜ਼ੀਰ ਉਸ ਤੋਂ ਪਕੌੜੇ ਮੰਗ ਰਿਹਾ ਹੋਵੇ ! ਗਿਆਨੀ ਜੀ ਸਮਝ ਕੇ ਤੇ ਹੱਸ ਕੇ ਕਹਿਣ ਲੱਗੇ :—"ਬੀਬੀ ਜੀ ! ਹੈਰਾਨ ਕਿਉਂ ਹੋਤੇ ਹੋ, ਗਿਆਨੀ ਕਰਤਾਰ ਸਿਘ ਵੁਹੀ ਹੈ ਜੋ ਇਸ ਘਰ ਮੇਂ ਮਾਂਗ ਕਰ ਪਕੌੜੇ ਖਾਇਆ ਕਰਤਾ ਹੈ । ਬਾਜ਼ਾਰ ਸੇ ਮੰਗਵਾਨੇ ਕੀ ਜ਼ਰੂਰਤ ਨਹੀਂ, ਖ਼ੁਦ ਹੀ ਬਨਾਏਂ ।"

ਗਿਆਨੀ ਜੀ ਨੇ ਮੈਨੂੰ ਦੱਸਿਆ ਕਿ ਉਹ ਮੇਰੇ ਨਾਲ ਇਕ ਸਲਾਹ ਕਰਨ ਆਏ ਸਨ । ਉਨ੍ਹਾਂ ਨੇ ਦੱਸਿਆ ਕਿ ਹਿੰਦੂ ਇਹ ਗੱਲ ਮੰਨਣ ਲਈ ਤਿਆਰ ਹੋ ਸਕਦੇ ਹਨ ਕਿ ਪੰਜਾਬੀ ਸਾਰੇ ਪੰਜਾਬ ਦੀ ਭਾਸ਼ਾ ਬਣ ਜਾਏਗੀ ਜੇ ਅਸੀਂ (ਅਕਾਲੀ) ਇਹ ਗੱਲ ਮੰਨ ਲਈਏ ਕਿ ਪੰਜਾਬੀ ਦੀ ਲਿੱਪੀ ਗੁਰਮੁਖੀ ਤੋਂ ਇਲਾਵਾ ਦੇਵਨਾਗਰੀ ਵੀ ਮੰਨ ਲਈਏ । ਉਨ੍ਹਾਂ ਨੇ ਵਿਸਥਾਰ ਦੱਸ ਕੇ ਕਿਹਾ ਕਿ ਇਸ ਤਰ੍ਹਾਂ ਪੰਜਾਬੀ ਸਾਰੇ ਪੰਜਾਬ ਦੀ ਜ਼ਬਾਨ ਬਣ ਸਕਦੀ ਹੈ । ਮੈਂ ਪੁੱਛਿਆ "ਕੀ ਉਹ ਇਸ ਨੂੰ ਮਾਤਰੀ ਭਾਸ਼ਾ ਮੰਨ ਲੈਣਗੇ ?" ਗਿਆਨੀ ਜੀ ਨੇ ਕਿਹਾ "ਯਿਹ ਬਾਤ ਵੁਹ ਨਹੀਂ ਮਾਨੇਂਗੇ" ਮੈਂ ਫੇਰ ਪੁੱਛਿਆ ਕਿ "ਤੁਸੀਂ ਕੀ ਇਰਾਦਾ ਬਣਾਇਆ ਹੈ ਗਿਆਨੀ ਜੀ ।" ਗਿਆਨੀ ਜੀ ਨੇ ਦੱਸਿਆ ਕਿ ਉਹ ਇਹ ਸੌਦਾ ਕਰਨ ਲਈ ਤਿਆਰ ਹਨ । ਹੌਲੀ-ਹੌਲੀ ਉਹ ਪੰਜਾਬੀ ਨੂੰ ਪੰਜਾਬੀਆਂ ਦੀ ਮਾਤਰੀ ਭਾਸ਼ਾ ਵੀ ਮੰਨ ਲੈਣਗੇ । ਗਿਆਨੀ ਜੀ ਨੇ ਕਿਹਾ "ਆਪ ਬਤਾਏਂ ਕਿ ਆਪ ਕਾ ਕਿਆ ਖ਼ਿਆਲ ਹੈ ।" ਮੈਂ ਇਹ ਸੁਣ ਕੇ ਭੜਕ ਉੱਠਿਆ । ਮੈਂ ਗਿਆਨੀ ਜੀ ਨੂੰ ਕਿਹਾ ਕਿ "ਮੈਂ ਬੇਸ਼ੱਕ ਇਕੱਲਾ ਰਹਿ ਜਾਵਾਂ ਪਰ ਮੈਂ ਉਦੋਂ ਤਕ ਨਹੀਂ ਮੰਨਾਂਗਾ ਜਦੋਂ ਤਕ ਕਿ ਪੰਜਾਬੀ ਨੂੰ ਸਾਰੇ ਪੰਜਾਬੀਆਂ ਦੀ ਮਾਤਰੀ ਭਾਸ਼ਾ ਨਹੀਂ ਮੰਨਿਆ ਜਾਂਦਾ । ਬੇਸ਼ਕ ਇਕ ਪਿੰਡ ਦਾ ਵੀ ਸੂਬਾ ਬਣ ਜਾਏ ਉਸ ਦੀ ਮਾਤਰੀ ਭਾਸ਼ਾ ਪੰਜਾਬੀ ਤੇ ਲਿੱਪੀ

Digitized by Panjab Digital Library | www.panjabdigilib.org

ਇਕੋ ਗੁਰਮੁਖੀ ਹੋਵੇਗੀ। ਸਾਰੇ ਹੀ ਸਿੱਖ ਲੀਡਰ ਮੰਨ ਜਾਣ ਪਰ ਮੈਂ ਨਹੀਂ ਮੰਨਾਂਗਾ। ਤੁਸੀਂ ਸਮਝੌਤਾ ਕਰ ਲਓ ਮੇਰੀ ਇਕੱਲੇ ਦੀ ਕੀ ਪੁਜ਼ੀਸ਼ਨ ਹੈ? ਤੁਸੀਂ ਦੱਸਿਆ ਹੈ ਮਾਸਟਰ ਤਾਰਾ ਸਿੰਘ ਵੀ ਇਹ ਗੱਲ ਮੰਨ ਜਾਣਗੇ। ਉਹ ਵੀ ਮੰਨ ਜਾਣ ਪਰ ਮੈਂ ਨਹੀਂ ਮੰਨਾਂਗਾ। ਉਂਝ ਮੈਂ ਜਾਣਦਾ ਹਾਂ ਕਿ ਮੇਰੀ ਆਪਣੇ ਤੌਰ ਤੇ ਕੋਈ ਕੀਮਤ ਨਹੀਂ। ਮੇਰੇ ਪਾਸ ਕੋਈ ਅਖ਼ਬਾਰ ਨਹੀਂ (ਮੈਂ ਅਜੇ ਪ੍ਰਭਾਤ ਵਿਚ ਨਹੀਂ ਸਾਂ ਗਇਆ) ਮੈਂ ਹਫ਼ਤਾਵਾਰ ਪਰਚਾ ਕੱਢ ਕੇ ਤੁਹਾਡਾ ਸਭ ਦਾ ਮੁਕਾਬਲਾ ਕਰਾਂਗਾ।"

ਇਹ ਸੁਣ ਕੇ ਗਿਆਨੀ ਜੀ ਸੋਚੀਂ ਪੈ ਗਏ ਤੇ ਕਾਫ਼ੀ ਸਮਾਂ ਚੁੱਪ ਰਹੇ ਤੇ ਪਕੌੜੇ ਖਾਂਦੇ ਰਹੇ। ਮੈਂ ਪੁੱਛਿਆ "ਗਿਆਨੀ ਜੀ ਮੈਂ ਸਮਝ ਗਿਆ ਹਾਂ ਕਿ ਤੁਸੀਂ ਇਹ ਫ਼ੈਸਲਾ ਕਰ ਹੀ ਲੈਣਾ ਹੈ ਪਰ ਯਾਦ ਰੱਖੋ ਤੁਸੀਂ ਪੰਜਾਬੀ ਤੇ ਪੰਜਾਬੀਅਤ ਦਾ ਵਿਸਾਹਘਾਤ ਕਰੋਗੇ।"

ਗਿਆਨੀ ਜੀ ਫੇਰ ਵੀ ਚੁੱਪ ਰਹੇ। ਚਾਹ ਪੀ ਕੇ ਉੱਠਦੇ ਹੋਏ ਕਹਿਣ ਲੱਗੇ:

"ਸਾਧੂ ਸਿੰਘ ਜੀ ਸ਼ੁਕਰੀਆ! ਆਪ ਨੇ ਮੇਰਾ ਇਮਾਨ ਤਾਜ਼ਾ ਕਰ ਦੀਆ, ਬਾਤ ਆਪ ਕੀ ਹੀ ਠੀਕ ਹੈ। ਪੰਜਾਬੀ ਕੇ ਮੁਖ਼ਾਲਿਫ਼ ਬਹੁਤ ਸ਼ਾਤਰ ਹੈਂ। ਵੁਹ ਕੁਛ ਦੇਰ ਦੇ ਬਾਅਦ ਦੇਵਨਾਗਰੀ ਮੇਂ ਲਿਖੀ ਹੁਈ ਪੰਜਾਬੀ ਕੋ ਆਪ ਕੇ ਕਹਿਨੇ ਕੇ ਮੁਤਾਬਿਕ ਅਸ਼ੁੱਧ ਹਿੰਦੀ ਕਹਿ ਕਰ ਯਹੀ ਕਹੇਂਗੇ ਕਿ ਜਬ ਸਭ ਲੋਗ ਦੇਵਨਾਗਰੀ ਪੜ੍ਹਤੇ ਹੈਂ ਤੋ ਕਿਉਂ ਅਸ਼ੁੱਧ ਹਿੰਦੀ ਪੜ੍ਹੇਂ, ਕਿਉਂ ਨਾ ਹਿੰਦੀ ਹੀ ਪੜ੍ਹੇ। ਜਬ ਕਿ ਯੇਹ ਪੰਜਾਬੀ ਕੇ 67 ਫ਼ੀ ਸਦੀ ਲੋਗੋਂ ਕੀ ਮਾਤਰੀ ਭਾਸ਼ਾ ਹੈ। ਆਪ ਨੇ ਮੇਰਾ ਈਮਾਨ ਤਾਜ਼ਾ ਕਰ ਦੀਆ।"

ਗਿਆਨੀ ਜੀ ਇਕ ਦਰਵੇਸ਼ ਸਿਆਸਤਦਾਨ ਸਨ। ਉਨ੍ਹਾਂ ਦਾ ਬੈਂਕ ਬੈਲੈਂਸ ਕੁਝ ਨਹੀਂ ਨਿਕਲਿਆ। ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਵੀ ਵਿਕ ਚੱਕੀ ਸੀ ਤੇ ਉਨ੍ਹਾਂ ਦੇ ਅਕਾਲੀ-ਪੱਤ੍ਰਿਕਾ ਕੰਪਨੀ ਦੇ ਹਿੱਸੇ ਵੀ ਪ੍ਰਬੰਧਕਾਂ ਨੇ ਆਪਣੇ ਨਾਮ ਲਿਖਵਾ ਲਏ ਸਨ ਜਦੋਂ ਗਿਆਨੀ ਜੀ ਆਖ਼ਰੀ ਸਾਹਾਂ ਤੇ ਨੀਮ-ਬੇਹੋਸ਼ੀ ਦੀ ਹਾਲਤ ਵਿਚ ਪਏ ਸਨ। ਇਨ੍ਹਾਂ ਲੋਕਾਂ ਨੇ ਗਿਆਨੀ ਜੀ ਦੇ ਖ਼ੈਰ-ਖਾਹਾਂ ਦੇ ਵਿਰੁੱਧ ਬਹੁਤ ਪ੍ਰਾਪੇਗੰਡਾ ਕੀਤਾ। ਮੇਰੇ ਦਿਲ ਵਿਚ ਇਹ ਹਸਰਤ ਸਦਾ ਰਹੇਗੀ ਕਿ ਉਨ੍ਹਾਂ ਨਮਿਤ ਰੱਖੇ ਗਏ ਸਮਾਰੋਹ ਵਿਚ ਮੈਨੂੰ ਦੋ

Digitized by Panjab Digital Library | www.panjabdigilib.org

ਸ਼ਬਦ ਵੀ ਨਾ ਬੋਲਣ ਦਿੱਤੇ। ਜੱਥੇਦਾਰ ਉਜਾਗਰ ਸਿੰਘ ਸੇਖਵਾਂ ਸਟੇਜ ਸਕੱਤਰ ਸਨ ਤੇ ਉਨ੍ਹਾਂ ਨੇ ਵਾਅਦੇ ਕਰ ਕੇ ਵੀ ਦੋ ਸੱਜਣਾਂ ਦੀ ਘੁਰਕੀ ਤੇ ਮੈਨੂੰ ਸਮਾਂ ਨਹੀਂ ਸੀ ਦਿੱਤਾ ਜਦ ਕਿ ਮੈਂ ਦੋ ਮਿੰਟ ਹੀ ਮੰਗਦਾ ਸਾਂ। ਪਿਛੋਂ ਅਫ਼ਸੋਸ ਕਰਨ ਦਾ ਕੀ ਲਾਭ ਸੀ।

ਪ੍ਰੋਫ਼ੈਸਰ ਧਰਮ ਸਿੰਘ ਸਹੋਤਾ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਇਕ ਉੱਦਮ ਕੀਤਾ ਹੈ ਤੇ ਇਹ ਕਿਤਾਬ ਛਪਵਾਈ ਹੈ। ਮੈਂ ਗਿਆਨੀ ਜੀ ਬਾਰੇ "ਯਾਦ ਬਣੀ ਇਤਿਹਾਸ" ਵਿਚ ਬਰਾਬਰ ਲਿਖ ਰਿਹਾ ਹਾਂ ਤੇ ਮੇਰੀ ਪੁਸਤਕ ਵਿਚ ਜੋ ਤਿੰਨ ਕਿਤਾਬਾਂ ਦੇ ਰੂਪ ਵਿਚ ਹੋਵੇਗੀ। ਗਿਆਨੀ ਜੀ ਦੀ ਜ਼ਿੰਦਗੀ ਕਾਫ਼ੀ ਆ ਜਾਏਗੀ ਤੇ ਪਿੱਛੋਂ ਮੈਂ ਉਸ ਵਿਚ ਹੋਰ ਲਿਖ ਕੇ ਇਕ ਆਜ਼ਾਦ ਕਿਤਾਬ ਲਿਖਣ ਦਾ ਵਾਅਦਾ ਵੀ ਕਰਦਾ ਹਾਂ।

ਗਿਆਨੀ ਜੀ ਦੇ ਸੱਚੇ ਹਿਤੈਸ਼ੀਆਂ ਦੀ ਘਾਟ ਨਹੀਂ। ਮੈਂ ਅਪੀਲ ਕਰਾਂਗਾ ਕਿ ਉਹ ਸਾਰੇ ਇਕੱਠੇ ਹੋ ਕੇ ਗਿਆਨੀ ਜੀ ਦੀ ਕੋਈ ਢੁਕਵੀਂ ਯਾਦਗਾਰ ਬਣਾਉਣ। ਗਿਆਨੀ ਜੀ ਪੰਜਾਬ ਦੀ ਸਿਆਸਤ ਦਾ ਧੁਰਾ (ਮਹਿਵਰ) ਰਹੇ ਹਨ ਤੇ ਕਿਸੇ ਵੀ ਹੋਰ ਲੀਡਰ ਨੇ ਏਨਾ ਕੰਮ ਨਹੀਂ ਕੀਤਾ ਜਿੰਨਾ ਇਹ ਦਰਵੇਸ਼ ਤੇ ਮੁਫ਼ੱਕਰ-ਆਜ਼ਮ ਸਿਆਸਤਦਾਨ ਕਰ ਗਿਆ ਹੈ। ਆਪਣੇ ਵਕਤਾਂ ਵਿਚ ਗਿਆਨੀ ਜੀ ਹੀ ਸਿਆਸਤ ਦਾ ਚੱਕਰ ਚਲਾਉਂਦੇ ਰਹੇ ਹਨ ਤੇ ਦੂਜੇ ਬੰਨੇ ਪੰਜਾਬ ਦੀ ਸਿਆਸਤ ਵੀ ਇਨ੍ਹਾਂ ਦੇ ਦੁਆਲੇ ਘੁੰਮਦੀ ਰਹੀ ਹੈ।

ਮੈਨੂੰ ਗਿਆਨੀ ਜੀ ਸੰਬੰਧੀ ਇਹ ਸਤਰਾਂ ਲਿਖ ਕੇ ਆਪਣੇ ਫ਼ਰਜ਼ ਦਾ ਅਹਿਸਾਸ ਹੋ ਰਿਹਾ ਹੈ ਤੇ ਮੇਰੀ ਅਰਦਾਸ ਹੈ ਕਿ ਵਾਹਿਗੁਰੂ ਗਿਆਨੀ ਜੀ ਦੇ ਸਮਰਥਕਾਂ ਨੂੰ ਬਲ ਬਖ਼ਸ਼ੇ ਤਾਂ ਜੋ ਉਹ ਇਸ ਲਟਬੌਰੇ ਸਿਆਸਤਦਾਨ ਦੀ ਢੁਕਵੀਂ ਯਾਦਗਾਰ ਕਾਇਮ ਕਰਨ। ਸਹੋਤਾ ਜੀ ਦਾ ਸਾਨੂੰ ਸਭ ਨੂੰ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਇਸ ਸੰਬੰਧ ਵਿਚ ਇਹ ਕਿਤਾਬ ਲਿਖ ਕੇ ਸ਼ੁਰੂਆਤ ਕੀਤੀ ਹੈ।

ਅਜੀਤ ਭਵਨ,
ਜਲੰਧਰ।

**ਡਾ. ਸਾਧੂ ਸਿੰਘ ਹਮਦਰਦ**
**ਐਡੀਟਰ ਅਜੀਤ,**

Digitized by Panjab Digital Library | www.panjabdigilib.org

# ਮੁੱਖ-ਬੰਦ

ਇਹ ਛੋਟੀ ਜਿਹੀ ਪੁਸਤਕ ਪੰਜਾਬ ਦੇ ਮਹਾਨ ਅਤੇ ਨਿਰਸੁਆਰਥ ਨੇਤਾ ਗਿਆਨੀ ਕਰਤਾਰ ਸਿੰਘ ਦੇ ਰਾਜਨੀਤਕ ਅਤੇ ਸਮਾਜਿਕ ਕਾਰਜਾਂ ਸੰਬੰਧੀ ਵਿਸਥਾਰ-ਪੂਰਵਕ ਗਿਆਨ ਭੰਡਾਰ ਨਹੀਂ ਹੈ। ਇਹ ਕੇਵਲ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਇਕ ਤੁੱਛ ਯਤਨ ਹੈ। ਇਹ ਗੱਲ ਵਰਨਣਯੋਗ ਹੈ ਕਿ ਆਧੁਨਿਕ ਭਾਰਤ ਅਤੇ ਪੰਜਾਬ ਦੀ ਸੰਵਿਧਾਨਿਕ ਅਤੇ ਰਾਜਨੀਤਕ ਪ੍ਰਗਤੀ ਸੰਬੰਧੀ ਅੰਗਰੇਜ਼ ਜਾਂ ਭਾਰਤੀ ਇਤਿਹਾਸਕਾਰਾਂ ਨੇ ਜੋ ਵੀ ਪੁਸਤਕਾਂ ਲਿਖੀਆਂ ਹਨ। ਉਹਨਾਂ ਵਿਚ ਕਿਤੇ ਨਾ ਕਿਤੇ ਗਿਆਨੀ ਕਰਤਾਰ ਸਿੰਘ ਦੀ ਰਾਜਨੀਤਕ ਘਾਲਣਾ ਦਾ ਵਰਨਣ ਜ਼ਰੂਰ ਆਉਂਦਾ ਹੈ, ਪਰ ਇਹ ਅਜੀਬ ਲੱਗਦਾ ਹੈ ਕਿ ਅਜੇ ਕੇਵਲ ਗਿਆਨੀ ਜੀ ਦੀ ਜੀਵਨੀ ਜਾਂ ਉਹਨਾਂ ਦੀ ਰਾਜਨੀਤਕ ਘਾਲਣਾ ਸੰਬੰਧੀ ਕੋਈ ਪੁਸਤਕ ਵੀ ਨਹੀਂ ਲਿਖੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬ ਦੇ ਵੀਹਵੀਂ ਸਦੀ ਦੇ ਇਤਿਹਾਸ ਨੂੰ ਸੰਕਲਿਤ ਕਰਨ ਲਈ ਇਕ ਅਲੱਗ ਸੈਲ ਸਥਾਪਤ ਕੀਤਾ ਹੈ ਅਤੇ ਇਸ ਵਿਭਾਗ ਨੇ ਸਾਬਕਾ ਮੰਤਰੀ ਸਰਦਾਰ ਜਸਦੇਵ ਸਿੰਘ ਸੰਧੂ ਦੀ ਸਹਾਇਤਾ ਨਾਲ ਗਿਆਨੀ ਕਰਤਾਰ ਸਿੰਘ ਦੇ ਮੁੱਢਲੇ ਜੀਵਨ ਸੰਬੰਧੀ ਕਾਫ਼ੀ ਮਸਾਲਾ ਵੀ ਇਕੱਠਾ ਕੀਤਾ ਹੈ, ਪਰ ਅਜੇ ਉਹਨਾਂ ਦੀ ਕੁਰਬਾਨੀ, ਮੌਲਿਕ ਵਿਚਾਰਾਂ ਸੰਬੰਧੀ ਅਤੇ ਆਧੁਨਿਕ ਪੰਜਾਬ ਦੇ ਵਿਕਾਸ ਵਿਚ ਉਹਨਾਂ ਦੇ ਯੋਗਦਾਨ ਸੰਬੰਧੀ ਵਿਦਵਾਨ ਅਤੇ ਖੋਜੀ ਕਾਫ਼ੀ ਹੋਰ ਮਸਾਲਾ ਇਕੱਠਾ ਕਰ ਸਕਦੇ ਹਨ।

ਇਹ ਗੱਲ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ ਕਿ 1920 ਤੋਂ 1966 ਤਕ ਸ਼੍ਰੀਮਾਨ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ

Digitized by Panjab Digital Library | www.panjabdigilib.org

ਸਿੱਖਾਂ ਦੇ ਅਤੇ ਸ਼ਰੋਮਣੀ ਅਕਾਲੀ ਦਲ ਦੇ ਸਭ ਤੋਂ ਪ੍ਰਸਿੱਧ, ਨਿਰਸੁਆਰਥ, ਈਮਾਨਦਾਰ ਅਤੇ ਮੌਲਿਕ ਵਿਚਾਰਧਾਰਾ ਪੇਸ਼ ਕਰਨ ਵਾਲੇ ਨੇਤਾਵਾਂ ਦੇ ਰੂਪ ਵਿਚ ਉੱਘੇ ਹੋਏ ਅਤੇ ਉਹਨਾਂ ਦੀ ਪੰਥ ਅਤੇ ਪੰਜਾਬ ਲਈ ਸੇਵਾ ਸ਼ਲਾਂਘਾ ਯੋਗ ਹੈ। ਉਹਨਾਂ ਨੇ ਸਿੱਖਾਂ ਵਿਚ ਸੁਤੰਤ੍ਰਤਾ ਸੰਗਰਾਮ ਅਤੇ ਸਿੱਖ ਹਿਤਾਂ ਦੀ ਰਾਖੀ ਲਈ ਨਵੀਂ ਸੇਧ ਦਿੱਤੀ ਅਤੇ ਉਹਨਾਂ ਦੇ ਦੇਸ਼ ਪਿਆਰ ਅਤੇ ਰਾਸ਼ਟਰੀ ਭਾਵਨਾ ਦੀ ਹਮੇਸ਼ਾ ਹੀ ਕਦਰ ਕੀਤੀ ਜਾਂਦੀ ਰਹੀ ਹੈ। ਮੇਰਾ ਉਦੇਸ਼ ਇਸ ਸੰਬੰਧ ਵਿਚ ਹੋਰ ਖੋਜ ਕਰਨ ਦੀ ਪ੍ਰੇਰਨਾ ਦੇਣਾ ਹੈ ਅਤੇ ਪੰਜਾਬ ਦੀ ਜਨਤਾ ਲਈ ਗਿਆਨੀ ਕਰਤਾਰ ਸਿੰਘ ਦੀ ਸੇਵਾ ਨੂੰ ਉਘੇੜ ਕੇ ਸਾਹਮਣੇ ਲਿਆਉਣਾ ਹੈ।

ਇਹ ਪੁਸਤਕ ਲਿਖਣ ਵਿਚ ਮੇਰਾ ਦੂਜਾ ਉਦੇਸ਼ ਆਮ ਲੋਕਾਂ ਦੇ ਦਿਲਾਂ ਵਿਚੋਂ ਇਹ ਵਹਿਮ ਦੂਰ ਕਰਨਾ ਹੈ ਕਿ ਗਿਆਨੀ ਕਰਤਾਰ ਸਿੰਘ ਦੀ ਵਿਅਕਤੀਗਤ ਰਹਿਣੀ-ਬਹਿਣੀ ਅਤੇ ਸਮਾਜਿਕ ਕਾਰਜਾਂ ਸੰਬੰਧੀ ਸੋਚ ਕੋਈ ਅਜੀਬ ਕਿਸਮ ਦੀ ਸੀ ਅਤੇ ਉਹਨਾਂ ਦੀ ਸਾਦਗੀ ਹਾਸੋਹੀਣੀ ਹੱਦ ਤਕ ਪਹੁੰਚ ਚੁੱਕੀ ਸੀ। ਅਸਲ ਵਿਚ ਉਹ ਆਮ ਲੋਕਾਂ ਦੇ ਸੇਵਾਦਾਰ ਸਨ ਅਤੇ ਬਹੁਤ ਘੱਟ ਲੋਕ ਜਾਣਦੇ ਹਨ ਕਿ ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਉਹਨਾਂ ਦਾ ਨਾਂ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਣ ਦੇ ਯੋਗ ਹੈ। ਆਮ ਤੌਰ ਤੇ ਉਹਨਾਂ ਦੇ ਨਿਕਟਵਰਤੀ ਮਿੱਤਰ ਅਤੇ ਰਿਸ਼ਤੇਦਾਰ ਵੀ ਏਨਾ ਕੁਝ ਹੀ ਜਾਣਦੇ ਹਨ ਕਿ ਗਿਆਨੀ ਜੀ ਦਾ ਸੁਭਾਅ ਬੜਾ ਹੀ ਸਾਦਾ ਸੀ ਅਤੇ 1947 ਵਿਚ ਉਹਨਾਂ ਨੇ ਸ਼ਰਨਾਰਥੀਆਂ ਦੇ ਦੁੱਖ ਦੂਰ ਕਰਨ ਦੇ ਵਿਸ਼ੇਸ਼ ਯਤਨ ਕੀਤੇ ਅਤੇ ਪੰਜਾਬੀ ਸੂਬੇ ਦੇ ਨਿਰਮਾਣ ਵਿਚ ਵੀ ਉਹਨਾ ਨੇ ਬਹੁਤ ਕੁਝ ਕੀਤਾ ਹੈ। ਉਹਨਾਂ ਦੇ ਜੀਵਨ ਦੇ ਆਲੇ ਦੁਆਲੇ ਕਈ ਤਰ੍ਹਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ, ਪਰ ਉਹਨਾਂ ਨੂੰ ਗਿਆਨੀ ਜੀ ਦੀ ਆਖ਼ਰੀ ਦਮ ਤਕ ਰਾਜਨੀਤਕ ਜੱਦੋਜਹਿਦ ਅਤੇ ਮੌਲਿਕ ਸੁਝਾਵਾਂ ਬਾਰੇ ਬਹੁਤ ਘੱਟ ਗਿਆਨ ਹੈ। ਮੇਰਾ ਉਦੇਸ਼ ਉਹਨਾਂ ਦੇ ਰਾਜਨੀਤੀ ਵਿਚ ਅਸਲੀ ਯੋਗਦਾਨ ਨੂੰ ਉਜਾਗਰ ਕਰਨਾ ਹੈ ਅਤੇ ਸਾਬਤ ਕਰਨਾ ਹੈ ਕਿ ਗਿਆਨੀ ਕਰਤਾਰ ਸਿੰਘ ਦੀ ਸਾਦਗੀ ਦਾ ਮੁੱਢਲਾ ਕਾਰਨ ਇਹ ਸੀ ਕਿ ਉਹਨਾਂ ਨੇ ਆਪਣੇ ਜਾਂ ਆਪਣੇ ਨਿਕਟਵਰਤੀਆਂ ਅਤੇ ਸੰਬੰਧੀਆਂ ਨੂੰ ਕਿਸੇ ਪ੍ਰਕਾਰ ਦਾ ਮਾਲੀ ਜਾਂ ਰਾਜਨੀਤਕ ਲਾਭ ਨਾ ਪਹੁੰਚਾਉਣ ਦਾ ਪ੍ਰਣ ਕੀਤਾ ਹੋਇਆ ਸੀ। ਇਕ ਮੰਤਰੀ

Digitized by Panjab Digital Library | www.panjabdigilib.org

ਦੇ ਰੂਪ ਵਿਚ ਉਹਨਾਂ ਦੀ ਸਾਦਗੀ ਅੱਜ ਕੱਲ ਦੇ ਹਾਲਾਤ ਅਨੁਸਾਰ ਲੋਕਾਂ ਨੂੰ ਬੜੀ ਅਜੀਬ ਜਿਹੀ ਲੱਗਦੀ ਸੀ। ਉਹਨਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜਦੋਂ ਕਿ ਕਈ ਆਮ ਰਾਜਨੀਤਕ ਕਾਰਕੁਨ, ਸੰਸਦ ਮੈਂਬਰ ਅਤੇ ਮੰਤਰੀ ਥੋੜ੍ਹੇ ਸਮੇਂ ਵਿਚ ਹੀ ਲੱਖਾਂ ਦੀ ਜਾਇਦਾਦ ਬਣਾ ਲੈਂਦੇ ਹਨ। ਗਿਆਨੀ ਜੀ ਨੇ ਆਪਣੀ ਜੱਦੀ ਜਾਇਦਾਦ ਵੀ ਦੇਸ਼ ਅਤੇ ਕੌਮ ਦੇ ਲੇਖੇ ਲਾ ਦਿੱਤੀ ਅਤੇ ਆਪਣੀ ਪਤਨੀ ਜਾਂ ਭਰਾਵਾਂ ਲਈ ਇਕ ਪੈਸਾ ਵੀ ਨਾ ਛੱਡਿਆ। ਜੇ ਉਹ ਸਾਦਾਂ ਜੀਵਨ ਪਰ ਉੱਚੇ ਵਿਚਾਰ ਦੇ ਸਿਧਾਂਤ ਤੇ ਚਲਦੇ ਸਨ ਤਾਂ ਇਹ ਉਹਨਾਂ ਦੀ ਮਹਾਨਤਾ ਅਤੇ ਕਰਬਾਨੀ ਦੀ ਪ੍ਰਤੀਕ ਹੈ ਅਤੇ ਇਸ ਦਾ ਕਾਰਨ ਉਹਨਾਂ ਦੀਆਂ ਕੋਈ ਅਜੀਬ ਆਦਤਾਂ ਨਹੀਂ ਸੀ। ਮਹਾਤਮਾ ਗਾਂਧੀ ਵਾਂਗ ਉਹ ਆਮ ਲੋਕਾਂ ਦੀ ਪੱਧਰ ਤੇ ਜੀਵਨ ਬਤੀਤ ਕਰ ਰਹੇ ਸਨ ਅਤੇ ਦਿਖਾਵੇ ਅਤੇ ਪਖੰਡ ਤੋਂ ਕੋਹਾਂ ਦੂਰ ਭੱਜਦੇ ਸਨ। ਏਸੇ ਕਾਰਨ ਆਮ ਲੋਕ ਉਹਨਾਂ ਦਾ ਹੱਦੋਂ ਵੱਧ ਸਤਿਕਾਰ ਕਰਦੇ ਸਨ। ਅੱਜ ਕਲ ਦੇ ਬਹੁਤ ਸਾਰੇ ਰਾਜਨੀਤਕ ਨੇਤਾ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਉਹਨਾਂ ਦੇ ਘਰੇਲੂ ਹਾਲਾਤ ਅਤੇ ਵਾਤਾਵਰਨ ਉਹਨਾਂ ਨੂੰ ਗਿਆਨੀ ਕਰਤਾਰ ਸਿੰਘ ਦੇ ਪੂਰਨਿਆਂ ਤੇ ਨਹੀਂ ਚਲਣ ਦਿੰਦੇ। ਗਿਆਨੀ ਜੀ ਉਹਨਾਂ ਨੇਤਾਵਾਂ ਵਿਚੋਂ ਨਹੀਂ ਸਨ ਜੋ ਲੰਬੇ ਭਾਸ਼ਨ ਦੇਣ ਤੇ ਕਦੀ-ਕਦੀ ਜੇਲ੍ਹ ਜਾਣ ਤੋਂ ਵੱਧ ਕੁਝ ਨਹੀਂ ਕਰ ਸਕਦੇ। ਉਹ ਹਮੇਸ਼ਾ ਮੌਲਿਕ ਵਿਚਾਰ ਪੇਸ਼ ਕਰਦੇ ਸਨ ਅਤੇ ਆਪਣਾ ਸਾਰਾ ਸਮਾਂ ਤਨ, ਮਨ ਅਤੇ ਧਨ ਕੌਮ ਅਤੇ ਦੇਸ਼ ਦੇ ਲੇਖੇ ਲਾ ਰਹੇ ਸਨ।

ਕੁਝ ਵਿਚਾਰਵਾਨ ਇਸ ਗੱਲ ਤੇ ਇਤਰਾਜ਼ ਕਰਦੇ ਹਨ ਕਿ ਗਿਆਨੀ ਕਰਤਾਰ ਸਿੰਘ ਸੁਤੰਤ੍ਰਤਾ ਤੋਂ ਪਿਛੋਂ ਦੋ ਵਾਰ ਸ਼ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਫਿਰ ਅਕਾਲੀ ਦਲ ਵਿਚ ਆ ਜਾਂਦੇ ਰਹੇ। ਪਰ ਸਾਨੂੰ ਉਹਨਾਂ ਦਾ ਆਪਣਾ ਜ਼ਾਤੀ ਸੁਆਰਥ ਕਿਤੇ ਵੀ ਨਜ਼ਰ ਨਹੀਂ ਆਏਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗਿਆਨੀ ਕਰਤਾਰ ਸਿੰਘ ਇਕ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੂੰ ਪੰਜਾਬ ਦੇ ਰਾਜਨੀਤੀ ਖੇਤਰ ਵਿਚ ਬਹੁਤ ਹੀ ਗ਼ਲਤ ਸਮਝਿਆ ਗਿਆ ਅਤੇ ਉਹ ਇਕ ਵਿਵਾਦੀ ਸ਼ਖਸ਼ੀਅਤ ਸਨ ਅਤੇ ਕਦੇ-ਕਦੇ ਤਾਂ ਲੋਕ ਉਹਨਾਂ ਦੇ ਜੀਵਨ ਅਤੇ ਵਿਚਾਰਧਾਰਾ ਵਿਚਕਾਰ ਵਿਰੋਧਤਾ ਵੀ ਲੱਭ ਹੀ ਲੈਂਦੇ ਹਨ। ਪਰ ਅੱਜ ਤਕ ਕਿਸੇ ਨੇ ਵੀ

Digitized by Panjab Digital Library | www.panjabdigilib.org

ਉਸ ਦੀ ਸੱਚੇ ਦਿਲੋਂ ਸੇਵਾ ਅਤੇ ਕੁਰਬਾਨੀ ਦੀ ਭਾਵਨਾ ਤੇ ਸ਼ੱਕ ਨਹੀਂ ਕੀਤਾ। ਰਾਜਨੀਤਕ ਮਸਲਿਆਂ ਨੂੰ ਹੱਲ ਕਰਨ ਦਾ ਉਨ੍ਹਾਂ ਦਾ ਆਪਣਾ ਹੀ ਢੰਗ ਸੀ। ਉਹ ਆਪਣੇ ਜੀਵਨ ਕਾਲ ਵਿਚ ਹੀ ਸਿਆਸਤ ਦੇ ਧਨੀ ਬਣ ਗਏ। ਉਹਨਾਂ ਨੂੰ ਵਿਸ਼ਵਾਸ ਸੀ ਕਿ ਸਿੱਖਾਂ ਜਿਹੀ ਛੋਟੀ ਸੰਪਰਦਾਇ ਕੇਵਲ ਅੰਦੋਲਨਾਂ ਰਾਹੀਂ ਆਪਣੇ ਨਿਸ਼ਾਨੇ ਪਰਾਪਤ ਨਹੀਂ ਕਰ ਸਕਦੀ। ਕਾਂਗਰਸ ਦੇ ਪ੍ਰਮੁਖ ਨੇਤਾਵਾਂ ਨਾਲ ਨੇੜੇ ਦੇ ਸੰਪਟਕ ਹੋਣ ਦੇ ਕਾਰਨ ਹੀ ਉਹ ਪੰਜਾਬੀ ਸੂਬਾ ਹਾਸਲ ਕਰਨ ਵਿਚ ਸਫ਼ਲ ਹੋ ਸਕੇ। ਉਨ੍ਹਾਂ ਦੀ ਨੀਤੀ ਹਮੇਸ਼ਾ ਦਲੀਲ ਅਤੇ ਠੀਕ ਵਿਚਾਰਧਾਰਾ ਤੇ ਆਧਾਰਿਤ ਸੀ। ਉਨ੍ਹਾਂ ਦਾ ਮੁੱਖ ਉਦੇਸ਼ ਸਿੱਖ ਰਾਜਨੀਤੀ ਦਾ ਭਾਰਤ ਦੀ ਸਮੁੱਚੀ ਰਾਸ਼ਟਰੀ ਰਾਜਨੀਤੀ ਨਾਲ ਸੁਮੇਲ ਪੈਦਾ ਕਰਨਾ ਅਤੇ ਪੰਜਾਬ ਨੂੰ ਇਕ ਨਮੂਨੇ ਦੇ ਆਧੁਨਿਕ ਅਤੇ ਧਰਮ ਨਿਰਪੱਖ ਰਾਜ ਵਿਚ ਬਦਲਣਾ ਸੀ।

ਇਸ ਪੁਸਤਕ ਦੇ ਅਧਿਐਨ ਤੋਂ ਭਲੀ-ਭਾਂਤ ਸਪੱਸ਼ਟ ਹੋ ਜਾਵੇਗਾ ਕਿ ਗਿਆਨੀ ਕਰਤਾਰ ਸਿੰਘ ਪੰਜਾਬ ਦੇ 20ਵੀਂ ਸਦੀ ਦੇ ਪ੍ਰਮੁੱਖ ਨੇਤਾਵਾਂ ਵਿਚੋਂ ਇਕ ਸਨ। ਉਹਨਾਂ ਨੂੰ ਠੀਕ ਹੀ ਪੰਥ ਦਾ ਦਿਮਾਗ, ਪੱਥ ਪ੍ਰਦਰਸ਼ਕ ਅਤੇ ਵਿਚਾਰ ਭੰਡਾਰ ਕਿਹਾ ਗਿਆ ਹੈ। ਗਿਆਨੀ ਜੀ ਨੇ 1919 ਦੇ ਜੱਲ੍ਹਿਆਂ-ਵਾਲਾ ਹੱਤਿਆ ਕਾਂਡ ਤੋਂ ਪਿਛੋਂ ਰਾਜਨੀਤੀ ਵਿਚ ਪ੍ਰਵੇਸ਼ ਕੀਤਾ ਅਤੇ ਛੇਤੀ ਹੀ ਗੁਰਦਵਾਰਾ ਸੁਧਾਰ ਲਹਿਰ ਅਤੇ ਅਕਾਲੀ ਅੰਦੋਲਨ ਵਿਚ ਪ੍ਰਸਿੱਧਤਾ ਹਾਸਲ ਕਰ ਲਈ। 1940 ਤਕ, ਜਦੋਂ ਮੁਸਲਮ ਲੀਗ ਨੇ ਪਾਕਿਸਤਾਨ ਦਾ ਪ੍ਰਸਤਾਵ ਪਾਸ ਕੀਤਾ। ਗਿਆਨੀ ਕਰਤਾਰ ਸਿੰਘ ਸ਼ਰੋਮਣੀ ਅਕਾਲੀ ਦਲ ਦੇ ਕੁਲਵਕਤੀ ਕਾਰਕੁਨ ਅਤੇ ਪੰਜਾਬ ਦੇ ਸੂਝਵਾਨ ਅਤੇ ਚਤਰ ਸਿਆਸਤਦਾਨ ਵਜੋਂ ਪ੍ਰਸਿੱਧਤਾ ਹਾਸਲ ਕਰ ਚੁੱਕੇ ਸਨ। ਜਦੋਂ ਭਾਰਤ ਅਤੇ ਪੰਜਾਬ ਦੀ ਵੰਡ ਇਕ ਅਸਲੀਅਤ ਬਣ ਰਹੀ ਸੀ ਤਾਂ ਮਾਸਟਰ ਤਾਰਾ ਸਿੰਘ ਨਾਲ ਮਿਲ ਕੇ ਗਿਆਨੀ ਕਰਤਾਰ ਸਿੰਘ ਨੇ ਸਿੱਖ ਹਿਤਾਂ ਸੰਬੰਧੀ ਮੌਲਿਕ ਸੁਝਾਅ ਦੇ ਕੇ ਇਕ ਵਿਸ਼ੇਸ਼ ਰੋਲ ਅਦਾ ਕੀਤਾ। ਭਾਰਤ ਦਾ ਕੋਈ ਵੀ ਇਤਿਹਾਸਕਾਰ ਗਿਆਨੀ ਜੀ ਨੂੰ ਪੰਜਾਬ ਦੇ ਪਿਛਲੇ 50 ਸਾਲ ਦੇ ਇਤਿਹਾਸ ਵਿਚ ਪ੍ਰਮੁੱਖ ਅਸਥਾਨ ਦੇਣ ਤੋਂ ਸੰਕੋਚ ਨਹੀਂ ਕਰ ਸਕਦਾ।

ਭਾਰਤ ਦੀ ਵੰਡ ਤੋਂ ਬਹੁਤ ਪਹਿਲਾਂ ਗਿਆਨੀ ਕਰਤਾਰ ਸਿੰਘ ਇਹ ਅਨੁਭਵ ਕਰ ਚੁੱਕਿਆ ਸੀ ਕਿ ਦੇਰ ਸਵੇਰ ਪਾਕਿਸਤਾਨ ਅਵੱਸ਼

Digitized by Panjab Digital Library | www.panjabdigilib.org

ਹੋਂਦ ਵਿਚ ਆ ਜਾਏਗਾ। ਅਕਾਲੀ ਪਾਰਟੀ ਦੇ ਦਿਮਾਗ ਦੇ ਤੌਰ ਤੇ ਉਸ ਨੇ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਆਜ਼ਾਦ ਪੰਜਾਬ ਦਾ ਵਿਚਾਰ ਅਤੇ "ਪੰਥ ਆਜ਼ਾਦ ਤੇ ਦੇਸ਼ ਆਜ਼ਾਦ" ਦਾ ਨਾਅਰਾ ਦਿੱਤਾ। ਉਸ ਨੇ ਖੁੱਲ੍ਹੇ ਤੌਰ ਤੇ ਧਮਕੀ ਦਿੱਤੀ ਕਿ "ਜੇ ਬਰਿਟਸ਼ ਸੰਗੀਨਾਂ ਨਾਲ ਸਿੱਖਾਂ ਤੇ ਪਾਕਿਸਤਾਨ ਠੋਸਿਆ ਗਿਆ ਤਾਂ ਅਸੀਂ ਇਸ ਨੂੰ ਇਸ ਤਰ੍ਹਾਂ ਟੁਕੜੇ-ਟੁਕੜੇ ਕਰ ਦਿਆਂਗੇ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਸਾਮਰਾਜ ਦਾ ਅੰਤ ਅਤੇ ਨਾਸ਼ ਕਰ ਦਿੱਤਾ ਸੀ।" ਪੰਜਾਬ ਦੇ ਇਤਿਹਾਸ ਦੇ ਭਿਆਨਕ ਸਾਲ 1947 ਵਿਚ ਗਿਆਨੀ ਕਰਤਾਰ ਸਿੰਘ ਸ਼ਰੋਮਣੀ ਅਕਾਲੀ ਦਲ ਦੇ ਪਰਧਾਨ ਸਨ। ਅਕਾਲੀ ਨੇਤਾਵਾਂ ਵਲੋਂ ਕੋਈ ਠੋਸ ਫ਼ੈਸਲਾ ਹੀ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਦੀ ਰਾਖੀ ਕਰ ਸਕਦਾ ਸੀ। ਮਾਸਟਰ ਤਾਰਾ ਸਿੰਘ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਨੇਤਾਵਾਂ ਦੇ ਸੁਝਾਅ ਤੇ ਗਿਆਨੀ ਜੀ ਨੇ ਪੰਜਾਬ ਦੀ ਵੰਡ ਤੇ ਜ਼ੋਰ ਦਿੱਤਾ। ਇਸ ਤੋਂ ਪਿੱਛੋਂ ਉਸ ਨੇ ਆਬਾਦੀ ਦੇ ਵਟਾਂਦਰੇ ਤੇ ਜ਼ੋਰ ਦਿੱਤਾ ਅਤੇ ਸ਼ਰਨਾਰਥੀਆਂ ਨੂੰ ਅੰਬਾਲਾ ਜ਼ਿਲ੍ਹੇ ਤੋਂ ਅੱਗੇ ਨਾ ਜਾਣ ਦਾ ਸੁਝਾਅ ਦਿੱਤਾ। ਉਸ ਨੇ ਪਾਕਿਸਤਾਨ 'ਚੋਂ ਆਏ ਸਿੱਖਾਂ ਨੂੰ ਪੰਜਾਬੀ ਬੋਲਦੇ ਇਲਾਕਿਆਂ ਵਿਚ ਵਸਊਣ ਦੇ ਯਤਨ ਕੀਤੇ। ਜਿਸ ਦੇ ਪਿੱਛੋਂ ਬੜੇ ਦੂਰ ਰਸ ਨਤੀਜੇ ਨਿਕਲੇ। ਸਿੱਟੇ ਵਜੋਂ ਭਾਰਤ ਵਿਚ ਪੰਜਾਬੀ ਬੋਲੀ ਦੇ ਰਾਜ ਦੀ ਨੀਹ ਰੱਖਣ ਵਿਚ ਵੀ ਗਿਆਨੀ ਕਰਤਾਰ ਸਿੰਘ ਦਾ ਹੱਥ ਸੀ।

ਸੁਤੰਤਰ ਭਾਰਤ ਵਿਚ ਗਿਆਨੀ ਕਰਤਾਰ ਸਿੰਘ ਨੇ ਆਧੁਨਿਕ ਪੰਜਾਬ ਦੇ ਵਿਕਾਸ ਅਤੇ ਉੱਨਤੀ ਵਿਚ ਵਿਸ਼ੇਸ਼ ਅਤੇ ਕ੍ਰਿਆਤਮਕ ਹਿੱਸਾ ਪਾਇਆ। ਉਸ ਨੇ ਮੁਸੀਬਤ ਵਿਚ ਫਸੇ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਭਰਪੂਰ ਉਪਰਾਲੇ ਕੀਤੇ ਅਤੇ ਮੁਰੱਬਾਬੰਦੀ ਅਤੇ ਸਟੈਂਡਰਡ ਏਕੜਾਂ ਦੇ ਆਧਾਰ ਤੇ ਸ਼ਰਨਾਰਥੀ ਭੂਮੀ ਮਾਲਕਾਂ ਨੂੰ ਮੁਸਲਮਾਨਾਂ ਦੀ ਜ਼ਮੀਨ ਤਕਸੀਮ ਕਰਵਾਈ। ਸੱਚਰ-ਗਿਆਨੀ ਫ਼ਾਰਮੂਲੇ ਅਤੇ ਰਿਜਨਲ ਫ਼ਾਰਮੂਲੇ ਰਾਹੀਂ ਪੰਜਾਬੀ ਸੂਬੇ ਦੀ ਪਰਾਪਤੀ ਉਸ ਦੇ ਰਾਜਨੀਤਕ ਜੀਵਨ ਦਾ ਇਕ ਪ੍ਰਸਿੱਧ ਮੀਲ ਪੱਥਰ ਸੀ।

ਇਸ ਤੋਂ ਉਪ੍ਰੰਤ ਕੁਝ ਸਮੇਂ ਤੋਂ ਮੇਰਾ ਇਹ ਯਤਨ ਰਿਹਾ ਹੈ ਕਿ ਜਿੱਥੇ ਵੀ ਰਹਾਂ, ਉਥੋਂ ਦੇ ਸਥਾਨਕ ਇਤਿਹਾਸ ਬਾਰੇ ਕੁਝ ਨਾ ਕੁਝ ਜ਼ਰੂਰ ਲਿਖਾਂ। 1968 ਤੋਂ 1971 ਤਕ ਜਦੋਂ ਮੈਨੂੰ ਪੰਜਾਬ ਸਰਕਾਰ ਵਲੋਂ

Digitized by Panjab Digital Library | www.panjabdigilib.org

ਡੈਪੂਟੇਸ਼ਨ ਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਨੰਦਪੁਰ ਸਾਹਿਬ ਦਾ ਬਾਨੀ ਪ੍ਰਿੰਸੀਪਲ ਬਣਾ ਕੇ ਭੇਜਿਆ ਗਿਆ ਤਾਂ ਮੈਂ ਸਾਹਿਤ ਸਭਾ ਦੀ ਸਹਾਇਤਾ ਨਾਲ ਅਨੰਦਪੁਰ ਸਾਹਿਬ ਦੇ ਗੁਰਦਵਾਰਿਆਂ ਸੰਬੰਧੀ ਇਕ ਪੈਂਫਲਿਟ ਪ੍ਰਕਾਸ਼ਤ ਕੀਤਾ। ਪਿਛੋਂ 1971 ਤੋਂ 1975 ਤਕ ਲਾਜਪਤ ਰਾਇ ਸੈਂਟਨਰੀ ਕਾਲਜ ਢੁੱਡੀਕੇ ਦਾ ਪ੍ਰਿੰਸੀਪਲ ਰਹਿਣ ਦਾ ਅਵਸਰ ਮਿਲਿਆ ਤਾਂ ਉਥੇ ਮੈਂ ਸਥਾਨਕ ਗਦਰੀ ਬਾਬਿਆਂ ਅਤੇ ਲਾਲਾ ਲਾਜਪਤ ਰਾਇ ਦੀਆਂ ਜੀਵਨੀਆਂ "ਢੁੱਡੀਕੇ ਦੇ ਗ਼ੱਦਰੀ ਬਾਬੇ" ਅਤੇ ਲਾਲਾ ਲਾਜਪਤ ਰਾਇ-ਹਿਜ਼ ਲਾਈਫ਼ ਐਂਡ ਥਾਟ" ਪੁਸਤਕਾਂ ਲਿਖ ਕੇ ਮਹਾਨ ਦੇਸ਼-ਭਗਤਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। 1978 ਵਿਚ ਮੈਂ ਇਤਿਹਾਸ ਵਿਭਾਗ ਦੇ ਮੁਖੀ ਵਜੋਂ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ-ਉੜਮੁੜ ਵਿਖੇ ਆਪਣੀ ਬਦਲੀ ਕਰਵਾ ਲਈ ਅਤੇ ਪੁਰਾਣੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਹੁਣ ਮੈਂ ਗਿਆਨੀ ਕਰਤਾਰ ਸਿੰਘ ਦੀ ਰਾਜਨੀਤਕ ਘਾਲਣਾ ਸੰਬੰਧੀ ਇਹ ਪੁਸਤਕ ਪ੍ਰਕਾਸ਼ਤ ਕਰ ਰਿਹਾ ਹਾਂ। ਪੰਜਾਬ ਦੀ ਵੰਡ ਪਿੱਛੋਂ ਗਿਆਨੀ ਕਰਤਾਰ ਸਿੰਘ ਦਾ ਪਰਿਵਾਰ ਏਥੇ ਹੀ ਵਸਿਆ ਅਤੇ ਗਿਆਨੀ ਜੀ ਦੀ ਮਿਰਤੂ ਤੋਂ ਪਿਛੋਂ ਸਰਕਾਰੀ ਕਾਲਜ ਟਾਂਡਾ ਵੀ ਉਹਨਾਂ ਦੇ ਨਾਂ ਸਮਰਪਤ ਕਰ ਦਿੱਤਾ ਗਿਆ।

ਇਸ ਸਾਰੇ ਉਪਰਾਲੇ ਵਿਚ ਮੈਨੂੰ ਦਰਵੇਸ਼ ਸਿਆਸਤਦਾਨ ਗਿਆਨੀ ਕਰਤਾਰ ਸਿੰਘ ਦੇ ਪਰਿਵਾਰ ਦੀ ਕੁਰਬਾਨੀ ਅਤੇ ਹਮਦਰਦੀ ਨੇ ਵਿਸ਼ੇਸ਼ ਪ੍ਰੇਰਨਾ ਦਿੱਤੀ ਹੈ। ਸਰਦਾਰ ਅਮਰ ਸਿੰਘ ਅੰਬਾਲਵੀ ਅਤੇ ਸਾਬਕਾ ਐਮ. ਐਲ. ਸੀ. ਸਰਦਾਰ ਕਾਬਲ ਸਿੰਘ ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਜੋ ਕਈ ਸਾਲ ਤਕ ਗਿਆਨੀ ਕਰਤਾਰ ਸਿੰਘ ਦੇ ਬਹੁਤ ਨੇੜੇ ਰਹੇ ਹਨ, ਨੇ ਗਿਆਨੀ ਜੀ ਦੀ ਰਾਜਨੀਤਕ ਘਾਲਣਾ ਬਾਰੇ ਮੈਨੂੰ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਬਾਰੇ ਦੱਸਿਆ ਹੈ। ਜ਼ਹੂਰਾ ਨਿਵਾਸੀ ਬਜ਼ੁਰਗ ਦੇਸ਼-ਭਗਤ ਬਾਬਾ ਸੱਮਾਂ ਸਿੰਘ ਲਾਇਲਪੁਰੀ ਪੂਰੇ 50 ਸਾਲ ਗਿਆਨੀ ਕਰਤਾਰ ਸਿੰਘ ਦੇ ਸਭ ਤੋਂ ਨੇੜੇ ਦੇ ਧੜੱਲੇਦਾਰ ਸਾਥੀ, ਸਲਾਹਕਾਰ ਅਤੇ ਨਿਰਸੁਆਰਥ ਨਿਕਟਵਰਤੀ ਰਹੇ ਹਨ। ਉਨ੍ਹਾਂ ਨਾਲ ਕਈ ਭੇਂਟਾਂ ਨਾਲ ਮੈਨੂੰ ਵਿਸੇਸ਼ ਲਾਭ ਹੋਇਆ ਹੈ। 78 ਸਾਲ ਦੀ ਉਮਰ ਵਿਚ ਵੀ ਗਿਆਨੀ ਕਰਤਾਰ ਸਿੰਘ ਦੇ ਰਾਜਨੀਤਕ ਜੀਵਨ ਨਾਲ ਸੰਬੰਧਤ ਘਟਨਾਵਾਂ ਸੰਬੰਧੀ

Digitized by Panjab Digital Library | www.panjabdigilib.org

ਉਨ੍ਹਾਂ ਦੀ ਯਾਦਦਾਸ਼ਤ ਹੈਰਾਨ ਕਰਨ ਵਾਲੀ ਹੈ । ਉਨ੍ਹਾਂ ਨੇ ਮੇਰੇ ਗਿਆਨ ਵਿਚ ਕਾਫ਼ੀ ਵਾਧਾ ਕੀਤਾ ਹੈ ਅਤੇ ਮੈਂ ਉਨ੍ਹਾਂ ਦਾ ਵੀ ਅਤੀ ਧੰਨਵਾਦੀ ਹਾਂ । ਗਿਆਨੀ ਜੀ ਦੇ ਦੇਸ਼-ਭਗਤ ਪਰਿਵਾਰ ਬਾਰੇ ਇਕ ਅਧਿਆਇ ਲਿਖਣ ਦਾ ਉਦੇਸ਼ ਕੇਵਲ ਇਹ ਹੈ ਕਿ ਪਾਠਕਾਂ ਨੂੰ ਗਿਆਨੀ ਜੀ ਦੀ ਕੁਰਬਾਨੀ ਦੀ ਝਲਕ ਮਿਲ ਜਾਵੇ ਅਤੇ ਉਹਨਾਂ ਦੇ ਆਪਣੇ ਪਰਿਵਾਰ ਵਲ ਸਨੇਹ ਅਤੇ ਪਿਆਰ ਬਾਰੇ ਵੀ ਗਿਆਨ ਪ੍ਰਾਪਤ ਹੋ ਜਾਵੇ । ਮੁੱਢਲੇ ਦਿਨਾਂ ਵਿਚ ਉਹਨਾਂ ਦੇ ਤਾਇਆ ਜੀ ਰਸਾਲਦਾਰ ਮੇਜਰ ਜਗਤ ਸਿੰਘ ਉਹਨਾਂ ਦੇ ਪ੍ਰੇਰਨਾ ਸਰੋਤ ਸਨ ਅਤੇ ਉਹਨਾਂ ਦੇ ਪਰਿਵਾਰ ਨੇ ਬਗੈਰ ਕਿਸੇ ਲਾਲਚ ਅਤੇ ਲਾਭ ਦੇ ਹਮੇਸ਼ਾ ਉਹਨਾਂ ਦੀ ਪਿੱਠ ਪੂਰੀ ਹੈ ।

ਮੇਰਾ ਇਹ ਪੂਰਾ ਯਤਨ ਰਿਹਾ ਹੈ ਕਿ ਮੈਂ ਗਿਆਨੀ ਜੀ ਸੰਬੰਧੀ ਕਿਸੇ ਵਾਦ-ਵਿਵਾਦ ਵਿਚ ਨਾ ਪਵਾਂ ਅਤੇ ਇਸ ਪੁਸਤਕ ਦੀ ਸਾਰੀ ਸਮਗਰੀ ਤੱਥਾਂ ਤੇ ਆਧਾਰਿਤ ਹੋਵੇ । ਪਰ ਫਿਰ ਵੀ ਜੇ ਕਿਸੇ ਵਿਅਕਤੀ ਨੂੰ ਇਸ ਪੁਸਤਕ ਵਿਚ ਦਿੱਤੇ ਵਿਚਾਰ ਠੀਕ ਨਾ ਲੱਗਣ ਤਾਂ ਉਸ ਲਈ ਮੈਂ ਖ਼ਿਮਾਂ ਦਾ ਜਾਚਕ ਹਾਂ ਅਤੇ ਇਸ ਸੰਬੰਧੀ ਸਹੀ ਹਾਲਾਤ ਦੇ ਬਾਰੇ ਵਿਚ ਖੋਜ ਕੀਤੀ ਜਾ ਸਕਦੀ ਹੈ ।

ਮੈਂ ਪੰਜਾਬ ਦੀ ਮਹਾਨ ਹਸਤੀ ਡਾਕਟਰ ਸਾਧੂ ਸਿੰਘ ਹਮਦਰਦ, ਐਡੀਟਰ ਰੋਜ਼ਾਨਾ 'ਅਜੀਤ' ਦਾ ਅਤੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਬੇਨਤੀ ਨੂੰ ਮੰਨਦੇ ਹੋਏ ਇਸ ਛੋਟੀ ਜਿਹੀ ਪੁਸਤਕ ਦੀ ਭੂਮਿਕਾ ਲਿਖਣਾ ਸਵੀਕਾਰ ਕਰ ਲਿਆ । ਉਹ ਗਿਆਨੀ ਕਰਤਾਰ ਸਿੰਘ ਦੇ ਨਿਕਟਵਰਤੀ ਸਾਥੀ ਸਨ ਅਤੇ ਗਿਆਨੀ ਜੀ ਦੇ ਵਿਸ਼ੇਸ਼ ਸਨੇਹੀ ਅਤੇ ਵਿਸ਼ਵਾਸ-ਪਾਤਰ ਸਨ । ਗਿਆਨੀ ਕਰਤਾਰ ਸਿੰਘ ਸੰਬੰਧੀ ਉਹਨਾਂ ਦਾ ਲਿਖਿਆ ਇਕ-ਇਕ ਅੱਖਰ ਮਹਾਨਤਾ ਭਰਪੂਰ ਹੈ । ਅੰਤ ਵਿਚ ਮੈਂ ਆਪਣੇ ਮਿੱਤਰ ਸਰਦਾਰ ਮਹਿਤਾਬ ਸਿੰਘ ਮਾਲਕ ਮੈਸਰਜ਼ ਨਿਊ ਬੁਕ ਕੰਪਨੀ ਜਲੰਧਰ ਅਤੇ ਉਹਨਾਂ ਦੇ ਮਿਹਨਤੀ ਅਮਲੇ ਦਾ ਅਤੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਵਿਚ ਖ਼ਾਸ ਹਿੱਸਾ ਪਾਇਆ ਹੈ ।

ਅਧਿਅਕਸ਼ ਇਤਿਹਾਸ ਵਿਭਾਗ,
ਗਿਆਨੀ ਕਰਤਾਰ ਸਿੰਘ ਮੈਮੋਰੀਅਲ,
ਸਰਕਾਰੀ ਕਾਲਜ, ਟਾਂਡਾ-ਉੜਮੁੜ,
ਜ਼ਿਲਾ ਹੁਸ਼ਿਆਰਪੁਰ ।

**—ਧਰਮ ਸਿੰਘ ਸਹੋਤਾ**

30-3-82.

Digitized by Panjab Digital Library | www.panjabdigilib.org

# ਵਿਸ਼ਾ ਸੂਚੀ


ਭੂਮਿਕਾ — ਡਾਕਟਰ ਸਾਧੂ ਸਿੰਘ ਹਮਦਰਦ

ਮੁੱਖ-ਬੰਦ — ਪ੍ਰੋ: ਧਰਮ ਸਿੰਘ ਸਹੋਤਾ

1. ਆਰੰਭਕ ਜੀਵਨ — 17
2. ਰਾਜਨੀਤੀ ਵਿਚ ਪ੍ਰਵੇਸ਼ — 24
3. ਸਿੱਖ ਅਧਿਕਾਰਾਂ ਲਈ ਸੰਘਰਸ਼ — 31
4. ਸਿੱਖ ਰਾਜਨੀਤੀ ਦਾ ਪੱਥ ਪ੍ਰਦਰਸ਼ਕ — 49
5. ਕਠਨ ਸਥਿਤੀ—ਭਾਰਤ ਅਤੇ ਪੰਜਾਬ ਦੀ ਵੰਡ — 55
6. ਪੰਜਾਬ ਦੇ ਵਿਕਾਸ ਦਾ ਭਾਈਵਾਲ — 71
7. ਰਿਜਨਲ ਫ਼ਾਰਮੂਲ ਤੋਂ ਅੰਤਮ ਯਾਤਰਾ ਤਕ — 85
8. ਗਿਆਨੀ ਕਰਤਾਰ ਸਿੰਘ ਦਾ ਪਰਿਵਾਰ — 102

ਅੰਤਿਕਾ 1. ਸੱਚਰ-ਗਿਆਨੀ ਫ਼ਾਰਮੂਲਾ

2. ਰਿਜਨਿਲ ਫ਼ਾਰਮੂਲੇ ਦੀਆਂ ਭਾਸ਼ਾ ਸੰਬੰਧੀ ਮੱਦਾਂ

3. ਪੁਸਤਕ ਸੂਚੀ


★

Digitized by Panjab Digital Library | www.panjabdigilib.org

# 1

# ਆਰੰਭਕ ਜੀਵਨ

ਗਿਆਨੀ ਕਰਤਾਰ ਸਿੰਘ ਦਾ ਜਨਮ 12 ਦਸੰਬਰ 1902 ਨੂੰ ਲਾਇਲਪੁਰ ਜ਼ਿਲ੍ਹੇ ਦੇ ਇਕ ਪਿੰਡ ਚੱਕ ਨੰਬਰ 40 ਝੰਗ ਬ੍ਰਾਂਚ ਵਿਖੇ ਹੋਇਆ। ਇਸ ਨਗਰ ਵਿਚ ਉਸ ਦੇ ਦਾਦਾ ਦਫੇਦਾਰ ਮੇਜਰ ਅਮਰ ਸਿੰਘ ਨੂੰ 12 ਨੰਬਰ ਰਸਾਲੇ ਵਿਚ ਬਾਲਾ ਹਿਸਾਰ ਦੇ ਯੁੱਧ ਵਿਚ ਪਠਾਣ ਵਿਦਰਹੀਆਂ ਵਿਰੁੱਧ ਵਿਸ਼ੇਸ਼ ਬਹਾਦਰੀ ਦਿਖਾਉਣ ਦੇ ਸਿਲਸਿਲੇ ਵਜੋਂ ਸੰਨ 1898 ਵਿਚ ਦੋ ਮਰੱਬੇ ਜ਼ਮੀਨ ਮਿਲੀ ਹੋਈ ਸੀ। ਗਿਆਨੀ ਕਰਤਾਰ ਸਿੰਘ ਦੀਆਂ ਤਿੰਨ ਭੈਣਾਂ ਅਤੇ ਇਕ ਭਰਾ ਸੀ। ਪਰ ਉਸ ਦਾ ਭਰਾ 1918 ਵਿਚ ਛੋਟੀ ਉਮਰ ਵਿਚ ਹੀ ਪ੍ਰਲੋਕ ਸਿਧਾਰ ਗਿਆ। ਪਰਿਵਾਰ ਵਿਚ ਇਕੱਲਾ ਪੁੱਤਰ ਹੋਣ ਕਾਰਨ ਕਰਤਾਰ ਸਿੰਘ ਨੂੰ ਘਰ ਦੇ ਸਾਰੇ ਮੈਂਬਰ ਪਿਆਰ ਕਰਦੇ ਸਨ ਅਤੇ ਉਸ ਤੋਂ ਬੜੀਆਂ ਉਮੀਦਾਂ ਲਾਈ ਬੈਠੇ ਸਨ।

## ਵਿਦਿਆ

ਛੇ ਸਾਲ ਦੀ ਆਯੂ ਹੋਣ ’ਤੇ ਉਸ ਨੂੰ ਪਿੰਡ ਦੇ ਗੁਰਦਵਾਰੇ ਵਿਚ ਪੰਜਾਬੀ ਦੀ ਮੁੱਢਲੀ ਵਿਦਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਇਸ ਤੋਂ ਪਿੱਛੋਂ ਉਸ ਨੇ ਖਾਲਸਾ ਹਾਈ ਸਕੂਲ ਚੱਕ ਨੰਬਰ 41 ਤੋਂ ਦਸਵੀਂ ਜਮਾਤ ਪਾਸ ਕੀਤੀ। ਇਹ ਗੱਲ ਵਰਨਣਯੋਗ ਹੈ ਕਿ ਜਦੋਂ ਉਹ ਸਕੂਲ ਜਾਂਦਾਂ ਜਾਂ ਵਾਪਸ ਆਉਂਦਾ ਤਾਂ ਰਾਹ ਵਿਚ ਕੁਝ ਸਮੇਂ ਲਈ ਪਿੰਡੋਂ ਬਾਹਰ ਗੁਰਦਵਾਰੇ ਸੰਤਾਂ ਦੀ ਸੰਗਤ ਜ਼ਰੂਰ ਕਰਦਾ। ਉਸ ਦੇ



Digitized by Panjab Digital Library | www.panjabdigilib.org

ਸੁਭਾਅ ਵਿਚ ਸਾਦਗੀ, ਨਿਮਰਤਾ ਅਤੇ ਧਾਰਮਿਕ ਭਾਵਨਾ ਦਿਨ-ਬ-ਦਿਨ ਵਧਣ ਲੱਗੀ ਅਤੇ ਉਸ ਦੀ ਸਾਦਾ ਤੇ ਧਾਰਮਿਕ ਰੁਚੀ ਦੇ ਆਧਾਰ ਤੇ ਨਗਰ ਨਿਵਾਸੀਆਂ ਨੇ ਉਸ ਨੂੰ ਗਿਆਨੀ ਕਹਿਣਾ ਆਰੰਭ ਕਰ ਦਿੱਤਾ।

ਇਸ ਤੋਂ ਉਪਰੰਤ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜੋ ਹਾਈ ਸਕੂਲ ਚੱਕ ਨੰਬਰ 41 ਦੇ ਹੈਡਮਾਸਟਰ ਸਨ, ਧਾਰਮਿਕ ਭਾਵਨਾ ਅਤੇ ਰਾਸ਼ਟਰ ਪਿਆਰ ਵਿਚ ਦ੍ਰਿੜ੍ਹ ਵਿਅਕਤੀ ਸਨ। ਸਕੂਲ ਦੇ ਬਹੁਤ ਸਾਰੇ ਸਿੱਖ ਵਿਦਿਆਰਥੀ ਪਿੰਡਾਂ ਵਿਚ ਅਖੰਡ ਪਾਠ ਕਰਨ ਜਾਂਦੇ ਸਨ ਅਤੇ ਇਸਦੇ ਫਲਸਰੂਪ ਹੋਈ ਆਮਦਨੀ ਸਕੂਲ ਦੇ ਫੰਡ ਵਿਚ ਜਮ੍ਹਾਂ ਕਰਵਾ ਦਿੰਦੇ ਸਨ। ਵਿਦਿਆਰਥੀ ਕਰਤਾਰ ਸਿੰਘ ਹਮੇਸ਼ਾ ਅਖੰਡ ਪਾਠੀ ਵਿਦਿਆਰਥੀਆਂ ਦਾ ਮੁਖੀ ਹੁੰਦਾ ਸੀ। ਉਸ ਨੂੰ ਉੱਚੀ-ਉੱਚੀ ਸ਼ਬਦ ਪੜ੍ਹਨ ਦਾ ਵੀ ਬਹੁਤ ਸ਼ੌਂਕ ਸੀ। ਪਹਿਲਾਂ-ਪਹਿਲਾਂ ਉਹ ਨਾਮਧਾਰੀਆਂ ਵਾਂਗ ਚਿੱਟੀ ਗੋਲ ਪੱਗ ਬੰਨ੍ਹਦਾ ਸੀ ਅਤੇ ਨਾਮਧਾਰੀ ਮਹਾਂਪੁਰਸ਼ ਬਾਬਾ ਤ੍ਰਿਪਤ ਸਿੰਘ ਦਾ ਉਸ ਤੇ ਪ੍ਰਭਾਵ ਸੀ ਪਰ ਪਿੱਛੋਂ ਅੰਮ੍ਰਿਤ ਛੱਕ ਕੇ ਉਹ ਤਿਆਰ-ਬਰ-ਤਿਆਰ ਸਿੰਘ ਸਜ ਗਿਆ। ਉਸ ਦੀਆਂ ਧਾਰਮਿਕ ਰੁਚੀਆਂ ਅਤੇ ਅਖੰਡ ਪਾਠਾਂ ਅਤੇ ਦੀਵਾਨਾਂ ਵਿਚ ਸ਼ਬਦ ਕੀਰਤਨ ਵਿਚ ਭਾਗ ਲੈਣ ਕਾਰਨ ਇਲਾਕੇ ਦੇ ਲੋਕ ਵੀ ਪਿਆਰ ਨਾਲ ਉਸਨੂੰ ਗਿਆਨੀ ਕਹਿਣ ਲੱਗ ਪਏ ਅਤੇ ਪਿਛੋਂ ਇਹ ਉਪਨਾਮ ਹਮੇਸ਼ਾ ਲਈ ਉਸ ਦੇ ਨਾਂ ਨਾਲ ਜੁੜ ਗਿਆ।

ਸਕੂਲ ਵਿਚ ਹੀ ਉਹ ਸਿੰਘ ਸਭਾ ਲਹਿਰ ਅਤੇ ਕਿਸਾਨ ਅੰਦੋਲਨ ਵਿਚ ਦਿਲਚਸਪੀ ਲੈਣ ਲੱਗ ਪਿਆ ਸੀ। ਛੋਟੀ ਉਮਰ ਵਿਚ ਹੀ ਉਸ ਨੂੰ ਗ਼ਦਰ ਲਹਿਰ ਦੇ ਬਹਾਦਰ ਦੇਸ਼ ਭਗਤਾਂ ਦੀਆਂ ਕਹਾਣੀਆਂ ਸੁਣਨ ਦਾ ਅਵਸਰ ਮਿਲਦਾ ਰਿਹਾ ਸੀ ਅਤੇ ਵਿਸ਼ੇਸ਼ ਰੂਪ ਵਿਚ ਉਹ ਭਾਈ ਪਰਮਾਨੰਦ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਅਤੇ ਲਾਲਾ ਲਾਜਪਤ ਰਾਇ ਦੀਆਂ ਲਿਖਤਾਂ ਤੋਂ ਪ੍ਰਭਾਵਤ ਹੋ ਰਿਹਾ ਸੀ। ਕੁਝ ਰਾਜਨੀਤਕ ਕਾਨਫਰੰਸਾਂ ਵਿਚ ਉਹ "ਪਗੜੀ ਸੰਭਾਲ ਜੱਟਾ" ਜਿਹੇ ਦਿਲ ਹਲਾਊ ਗੀਤ ਅਤੇ ਕ੍ਰਾਂਤੀਕਾਰੀ ਭਾਸ਼ਨ ਸੁਣ ਕੇ ਹੈਰਾਨ ਜਿਹਾ ਹੋ ਜਾਂਦਾ ਸੀ ਅਤੇ ਸਹਿਜੇ ਹੀ ਉਸ ਦੇ ਮਾਸੂਮ ਮਨ ਤੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਜਾਗਰਤਾ ਦੀ ਛਾਪ ਲੱਗ ਗਈ।

## ਜਲ੍ਹਿਆਂ ਵਾਲਾ ਹੱਤਿਆ ਕਾਂਡ

ਉਸ ਤੇ ਵੱਡਾ ਰਾਜਨੀਤਿਕ ਪ੍ਰਭਾਵ 1919 ਵਿਚ ਜਲ੍ਹਿਆਂ ਵਾਲਾ

Digitized by Panjab Digital Library | www.panjabdigilib.org

ਹੱਤਿਆ ਕਾਂਡ ਦਾ ਪਿਆ। ਓਦੋਂ ਉਹ 9ਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ ਅਤੇ ਆਪਣੇ ਤਾਇਆ ਰਸਾਲਦਾਰ ਜਗਤ ਸਿੰਘ, ਜੋ ਕਿ ਅੰਮ੍ਰਿਤਸਰ ਵਿਖੇ ਫ਼ੌਜੀ ਦਫ਼ਤਰ ਵਿਚ ਸਪਲਾਈ ਵਿਭਾਗ ਵਿਚ ਲੱਗੇ ਹੋਏ ਸਨ, ਨੂੰ ਮਿਲਣ ਗਿਆ ਹੋਇਆ ਸੀ। ਉਹ ਰੋਜ਼ ਆਪਣੇ ਤਾਇਆ ਜੀ ਦੇ ਡਿਊਟੀ ਤੇ ਜਾਣ ਉਪਰੰਤ ਸ਼ਹਿਰ ਦੇਖਣ ਨਿਕਲ ਜਾਂਦਾ ਤੇ ਫਿਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਂਦਾ ਤੇ ਉਨ੍ਹਾਂ ਦੇ ਸਾਢੇ ਚਾਰ ਵਜੇ ਦਫ਼ਤਰ ਤੋਂ ਆਉਣ ਤੋਂ ਪਹਿਲਾਂ ਹੀ ਘਰ ਵਾਪਸ ਚਲਾ ਜਾਂਦਾ। 1919 ਦੀ ਵਿਸਾਖੀ ਵਾਲੇ ਦਿਨ ਉਹ ਰੋਜ਼ ਵਾਂਗ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਹੋਇਆ ਸੀ। ਜਦੋਂ ਉਹ ਜਲ੍ਹਿਆਂ ਵਾਲਾ ਬਾਗ ਵਲੋਂ ਲੰਘਿਆ ਤਾਂ ਉਸਨੇ ਉਥੇ ਲੋਕਾਂ ਦਾ ਇਕ ਬਹੁਤ ਵੱਡਾ ਇਕੱਠ ਵੇਖਿਆ। ਕਿਉਂਕਿ ਉਸ ਨੇ ਆਪਣੇ ਤਾਇਆ ਜੀ ਦੇ ਆਉਣ ਤੋਂ ਪਹਿਲਾਂ ਘਰ ਪਹੁੰਚਣਾ ਸੀ, ਇਸ ਲਈ ਉਹ ਚਾਹੁੰਦਾ ਹੋਇਆ ਵੀ ਉਥੇ ਹੋ ਰਹੇ ਜਲਸੇ ਵਿਚ ਭਾਗ ਨਾ ਲੈ ਸਕਿਆ। ਜਦੋਂ ਉਸ ਨੂੰ ਜਨਰਲ ਡਾਇਰ ਦੇ ਅਤਿੱਆਚਾਰਾਂ ਅਤੇ ਉਸ ਵਲੋਂ ਜਲ੍ਹਿਆਂ ਵਾਲਾ ਬਾਗ ਵਿਖੇ ਇਕੱਠ ਤੇ ਅੰਨ੍ਹੇ-ਵਾਹ ਗੋਲੀ ਚਲਾਉਣ ਅਤੇ ਸੈਂਕੜੇ ਮਾਸੂਮ ਅਤੇ ਦੇਸ਼ ਭਗਤਾਂ ਦੀ ਹੱਤਿਆ ਕਰਨ ਬਾਰੇ ਪਤਾ ਲੱਗਾ, ਤਾਂ ਉਹ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਅਤੇ ਉਸ ਨੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਹੱਥ ਜੋੜ ਕੇ ਦ੍ਰਿੜ੍ਹ ਇਰਾਦੇ ਨਾਲ ਪ੍ਰਣ ਲਿਆ ਕਿ ਉਹ ਆਪਣਾ ਸਾਰਾ ਜੀਵਨ ਦੇਸ਼ ਅਤੇ ਕੌਮ ਦੀ ਸੇਵਾ ਵਿਚ ਅਰਪਣ ਕਰ ਦੇਵੇਗਾ। ਉਸ ਦੇ ਨਿਕਟ-ਵਰਤੀ ਮਿੱਤਰਾਂ ਭਗਤ ਸਿੰਘ ਜਾਮਕਾ ਅਤੇ ਗੰਗਾ ਸਿੰਘ ਨੇ ਵੀ ਪਿੱਛੋਂ ਉਸ ਨੂੰ ਸਾਥ ਦੇਣ ਦਾ ਵਚਨ ਦਿੱਤਾ।

## ਰਾਜਨੀਤੀ ਵਲ ਝੁਕਾਅ

ਇਸ ਤੋਂ ਪਿਛੋਂ ਗਿਆਨੀ ਕਰਤਾਰ ਸਿੰਘ ਦਾ ਦਿਲ ਦੁਨੀਆ ਦੇ ਆਮ ਧੰਦਿਆਂ ਤੋਂ ਉਪਰਾਮ ਹੋ ਗਿਆ। ਉਸ ਦੀ ਦੇਸ਼ ਸੇਵਾ ਲਈ ਸੌਂਹ ਉਸ ਨੂੰ ਹਰ ਵਕਤ ਯਾਦ ਰਹਿੰਦੀ। ਉਸ ਨੇ ਪ੍ਰਸਿੱਧ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਦੀ ਅਪੀਲ ਤੇ ਆਪਣੇ ਇਲਾਕੇ ਵਿਚੋਂ ਜਲ੍ਹਿਆਂ ਵਾਲਾ ਬਾਗ਼ ਦੇ ਪੀੜਤਾਂ ਲਈ 500 ਰੁਪਿਆ ਇਕੱਠਾ ਕੀਤਾ ਅਤੇ ਇਸ ਤਰ੍ਹਾਂ ਰਾਸ਼ਟਰੀ ਅੰਦੋਲਨ ਵਿਚ ਕੁੱਦ ਪਿਆ। ਥੋੜ੍ਹੇ ਸਮੇਂ ਪਿੱਛੋਂ ਉਹ ਪਿੰਡ ਧਾਰੋਵਾਲੀ ਵਿਖੇ ਕਾਨਫ਼ਰੰਸ ਵਿਚ

Digitized by Panjab Digital Library | www.panjabdigilib.org

ਸ਼ਾਮਲ ਹੋਇਆ। ਇਸ ਕਾਨਫ਼ਰੰਸ ਦੀ ਪ੍ਰਧਾਨਗੀ ਜਥੇਦਾਰ ਲਛਮਣ ਸਿੰਘ ਨੇ ਕੀਤੀ, ਜਿਸ ਨੇ ਪਿਛੋਂ ਨਨਕਾਣਾ ਸਾਹਿਬ ਵਿਖੇ ਸ਼ਹੀਦੀ ਪ੍ਰਾਪਤ ਕੀਤੀ। ਇਸ ਸਮਾਗਮ ਵਿਚ ਡਾਕਟਰ ਸੈਫ-ਉ-ਦੀਨ ਕਿਚਲੂ, ਮਾਸਟਰ ਮੋਤਾ ਸਿੰਘ ਅਤੇ ਭਾਈ ਤੇਜਾ ਸਿੰਘ ਚੂਹੜਕਾਣਾ ਦੇ ਭਾਸ਼ਣਾਂ ਨੇ ਉਸ ਤੇ ਕ੍ਰਾਂਤੀਕਾਰੀ ਪ੍ਰਭਾਵ ਪਾਇਆ। ਸੰਨ 1920 ਵਿਚ ਉਸ ਨੇ ਗੁਜਰਾਂਵਾਲਾ ਵਿਖੇ ਇਕ ਵਿਦਿਆਰਥੀ ਕਾਨਫਰੰਸ ਵਿਚ ਭਾਗ ਲਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਦੇਸ਼ ਭਗਤ ਲਾਲਾ ਲਾਜਪਤ ਰਾਇ ਨੇ ਕੀਤੀ। ਗਿਆਨੀ ਕਰਤਾਰ ਸਿੰਘ ਇਕ ਸੂਝਵਾਨ ਨੌਜਵਾਨ ਸੀ ਅਤੇ ਉਸ ਨੂੰ ਆਪਣੇ ਭਵਿੱਖ ਦਾ ਵੀ ਪੂਰਾ ਪੂਰਾ ਧਿਆਨ ਸੀ। ਰਾਜਨੀਤਿਕ ਰੁਝੇਵਿਆਂ ਦੇ ਹੁੰਦਿਆਂ ਹੋਇਆਂ ਵੀ ਉਸ ਨੇ ਚੰਗੇ ਨੰਬਰਾਂ ਨਾਲ ਮੈਟ੍ਰਿਕ ਪਾਸ ਕਰ ਲਈ।

## ਨਨਕਾਣਾ ਸਾਹਿਬ ਕਾਂਡ

ਉਸ ਦਿਨ ਉਹ ਆਪਣੇ ਪਿੰਡ ਹੀ ਸੀ ਜਦੋਂ ਉਸ ਨੇ ਨਨਕਾਣਾ ਸਾਹਿਬ ਦੇ ਹੱਤਿਆ ਕਾਂਡ ਬਾਰੇ ਖਬਰ ਸੁਣੀ। 20 ਫਰਵਰੀ 1921 ਨੂੰ ਸਿੱਖ ਸ਼ਰਧਾਲੂਆਂ ਦਾ ਇਕ ਜਥਾ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਦਲੀਪ ਸਿੰਘ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਗੁਰਦਵਾਰੇ ਦੀ ਯਾਤਰਾ ਲਈ ਪਹੁੰਚਾ। ਅੱਗੋਂ ਮਹੰਤ ਨਰਾਇਣ ਦਾਸ ਦੇ ਪਾਲਤੂ ਗੁੰਡਿਆਂ ਨੇ ਸਰਦਾਰ ਲਛਮਣ ਸਿੰਘ, ਭਾਈ ਦਲੀਪ ਸਿੰਘ ਅਤੇ 131 ਦੇ ਕਰੀਬ ਹੋਰ ਸਿੰਘਾਂ ਨੂੰ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਉਹਨਾਂ ਦੀਆਂ ਲਾਸ਼ਾਂ ਨੂੰ ਲੱਕੜੀ ਦੇ ਢੇਰ ਤੇ ਸੁੱਟ ਕੇ ਅੱਗ ਲਾ ਦਿੱਤੀ। ਇਸ ਭਿਆਨਕ ਘਟਨਾ ਤੋਂ ਪ੍ਰਭਾਵਤ ਹੋ ਕੇ ਮਹਾਤਮਾ ਗਾਂਧੀ ਨੇ ਕਿਹਾ "ਜੋ ਦੇਸ਼ ਭਾਈ ਦਲੀਪ ਸਿੰਘ ਸਾਹੋਕੇ ਜਿਹੇ ਸ਼ਹੀਦ ਪੈਦਾ ਕਰ ਸਕਦਾ ਹੈ, ਉਸ ਨੂੰ ਦੁਨੀਆਂ ਦੀ ਕੋਈ ਤਾਕਤ ਵੀ ਨਹੀਂ ਦਬਾ ਸਕਦੀ।" ਇਹ ਘਟਨਾ ਗਿਆਨੀ ਕਰਤਾਰ ਸਿੰਘ ਦੇ ਇਲਾਕੇ ਵਿਚ ਹੀ ਹੋਈ ਅਤੇ ਇਸ ਘਟਨਾ ਤੋਂ ਬਾਅਦ ਉਸ ਦਾ ਰਾਜਨੀਤੀ ਵਿਚ ਪ੍ਰਵੇਸ਼ ਕਰਨ ਦਾ ਇਰਾਦਾ ਹੋਰ ਵੀ ਪੱਕਾ ਹੋ ਗਿਆ। ਦੂਸਰੇ ਪਾਸੇ ਆਪਣੇ ਮਾਂ ਬਾਪ ਦੀਆਂ ਆਸਾਂ ਦੀ ਪੂਰਤੀ ਲਈ 1921 ਵਿਚ ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਉੱਚ-ਵਿਦਿਆ ਪ੍ਰਾਪਤ ਕਰਨ ਲਈ ਦਾਖਲ ਹੋ ਗਿਆ। ਉਸ ਨੇ ਦੋ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਵਿਦਿਆ ਹਾਸਲ

Digitized by Panjab Digital Library | www.panjabdigilib.org

ਕਰਨ ਲਈ ਗੁਜ਼ਾਰੇ ਅਤੇ ਉਸ ਦੇ ਜੀਵਨ ਤੇ ਉਸ ਦੇ ਟਿਊਟਰ ਬਾਵਾ ਹਰਕਿਸ਼ਨ ਸਿੰਘ ਦੀ ਮਹਾਨ ਸ਼ਖਸੀਅਤ, ਧਾਰਮਿਕ ਜੀਵਨ ਅਤੇ ਰਾਜਨੀਤਿਕ ਵਿਚਾਰਧਾਰਾ ਦਾ ਵਿਸ਼ੇਸ਼ ਪ੍ਰਭਾਵ ਪਿਆ। ਉਸ ਦੀਆਂ ਅੱਖਾਂ ਸਾਹਮਣੇ ਹੀ ਅਕਾਲੀ ਅੰਦੋਲਨ ਜ਼ੋਰ ਫੜ ਰਿਹਾ ਸੀ। ਉਸ ਨੂੰ ਚਾਬੀਆਂ ਦੇ ਝਗੜੇ ਅਤੇ ਗੁਰੂ ਕੇ ਬਾਗ ਦੇ ਮੋਰਚੇ ਦੀਆਂ ਹਰ ਰੋਜ਼ ਖਬਰਾਂ ਮਿਲ ਰਹੀਆਂ ਸਨ।

## ਚਾਬੀਆਂ ਦੀ ਵਾਪਸੀ

ਸਰਕਾਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦੀ ਸੀ ਅਤੇ 7 ਜਨਵਰੀ 1921 ਨੂੰ ਡਿਪਟੀ ਕਮਿਸ਼ਨਰ ਨੇ ਸ੍ਰੀ ਹਰਮੰਦਰ ਸਾਹਿਬ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਸਰਕਾਰੀ ਪ੍ਰਤੀਨਿਧ ਅਤੇ ਸਰਬਰਾਹ ਕੈਪਟਨ ਬਹਾਦਰ ਸਿੰਘ ਨੂੰ ਦੇ ਦਿੱਤੀਆਂ। ਕੈਪਟਨ ਬਹਾਦਰ ਸਿੰਘ ਨੇ ਥੋੜ੍ਹੇ ਦਿਨਾਂ ਪਿਛੋਂ ਹੀ ਤਿਆਗ-ਪੱਤਰ ਦੇ ਦਿੱਤਾ। ਸਰਕਾਰ ਨੇ ਬਾਬਾ ਖੜਕ ਸਿੰਘ ਸਮੇਤ ਕਈ ਪ੍ਰਮੁੱਖ ਸਿੱਖ ਨੇਤਾ ਗਰਿਫ਼ਤਾਰ ਕਰ ਲਏ। ਸਾਰੇ ਪੰਜਾਬ ਵਿਚ ਅਕਾਲੀਆਂ ਨੇ ਸਰਕਾਰ ਵਿਰੋਧੀ ਅੰਦੋਲਨ ਛੇੜ ਦਿੱਤਾ। ਸਰਕਾਰ ਘਾਬਰ ਗਈ ਅਤੇ ਬਾਬਾ ਖੜਕ ਸਿੰਘ ਨੂੰ ਮਾਸਟਰ ਤਾਰਾ ਸਿੰਘ ਅਤੇ ਹੋਰ ਨੇਤਾਵਾਂ ਸਮੇਤ ਰਿਹਾ ਕਰ ਦਿੱਤਾ ਗਿਆ ਅਤੇ 19 ਜਨਵਰੀ 1922 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਆਪ ਉਨ੍ਹਾਂ ਨੂੰ ਮੁੜ ਕੇ ਚਾਬੀਆਂ ਦੇਣ ਆਇਆ। ਇਸ ਜਿੱਤ ਤੋਂ ਪ੍ਰਭਾਵਤ ਹੋ ਕੇ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਵਧਾਈ ਦੀ ਇਕ ਤਾਰ ਵਿਚ ਲਿਖਿਆ "ਵਧਾਈ ਹੋਵੇ, ਭਾਰਤ ਦੇ ਸੁਤੰਤਰਤਾ ਅੰਦੋਲਨ ਦੇ ਪਹਿਲੇ ਪੜਾਅ ਵਿਚ ਅਸੀਂ ਮਹੱਤਵਪੂਰਨ ਜਿੱਤ ਪ੍ਰਾਪਤ ਕਰ ਲਈ ਹੈ।"

ਪੰਜਾਬ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਦੀਆਂ ਕੁਰਬਾਨੀਆਂ ਦਾ ਗਿਆਨੀ ਕਰਤਾਰ ਸਿੰਘ ਦੇ ਮਨ ਤੇ ਡੂੰਘਾ ਪ੍ਰਭਾਵ ਪੈ ਰਿਹਾ ਸੀ। ਇਸ ਤੋਂ ਉਪਰੰਤ ਨੌਜਵਾਨ ਕਰਤਾਰ ਸਿੰਘ ਤੇ ਗੁਰਦਾਸਪੁਰ ਦੇ ਸ੍ਰ: ਭਾਗ ਸਿੰਘ ਐਡਵੋਕੇਟ, ਸ੍ਰ: ਤੇਜਾ ਸਿੰਘ ਸਮੁੰਦਰੀ, ਸਰਦਾਰ ਹਰੀ ਸਿੰਘ ਜਲੰਧਰੀ, ਝਬਾਲ ਭਰਾਵਾਂ, ਗਿਆਨੀ ਸ਼ੇਰ ਸਿੰਘ ਅਤੇ ਸਰਦਾਰ ਮਹਿਤਾਬ ਸਿੰਘ ਦੇ ਸੰਘਰਸ਼ ਭਰਪੂਰ ਜੀਵਨ ਅਤੇ ਕਾਲਜ ਵਿਖੇ ਨੌਜਵਾਨ ਕ੍ਰਾਂਤੀਕਾਰੀ ਕਵੀ ਬਿਸ਼ਨ ਸਿੰਘ ਦੀਆਂ ਕਵਿਤਾਵਾਂ ਨੇ ਵੀ ਉਸ ਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ।

Digitized by Panjab Digital Library | www.panjabdigilib.org

## ਗੁਰੂ ਕੇ ਬਾਗ਼ ਦਾ ਮੋਰਚਾ

ਹੁਣ ਗਿਆਨੀ ਕਰਤਾਰ ਸਿੰਘ ਦੀ ਪੜ੍ਹਾਈ ਵਲ ਰੁਚੀ ਬਹੁਤ ਘੱਟ ਰਹਿ ਗਈ ਸੀ ਅਤੇ ਉਹ ਗੁਰਦਵਾਰਾ ਅੰਦੋਲਨ ਵਿਚ ਵੱਧ ਚੜ੍ਹ ਕੇ ਭਾਗ ਲੈਣ ਦਾ ਇਛੱਕ ਸੀ। ਜਦੋਂ ਉਹ ਬਾਰ੍ਹਵੀਂ ਦਾ ਵਿਦਿਆਰਥੀ ਸੀ ਤਾਂ ਗੁਰੂ ਕੇ ਬਾਗ਼ ਦਾ ਮੋਰਚਾ ਲੱਗ ਗਿਆ। ਉਹ ਜਥਿਆਂ ਦੇ ਨਾਲ-ਨਾਲ ਤੁਰ ਪੈਂਦਾ ਅਤੇ ਸ਼ਹਿਰ ਜਾਂ ਖਾਲਸਾ ਕਾਲਜ ਵਿਚ ਸਾਰੇ ਰਾਜਨੀਤਿਕ ਇਕੱਠਾਂ ਵਿਚ ਵਧ ਚੜ੍ਹ ਕੇ ਭਾਗ ਲੈਂਦਾ। ਖਾਲਸਾ ਕਾਲਜ ਅੰਮ੍ਰਿਤਸਰ ਦਾ ਅੰਗਰੇਜ਼ ਪ੍ਰਿੰਸੀਪਲ ਵਾਦਨ ਵੀ ਸਿੱਖ ਵਿਦਿਆਰਥੀਆਂ ਦੀ ਹੌਂਸਲਾ-ਅਫਜ਼ਾਈ ਹੀ ਕਰਦਾ ਸੀ ਅਤੇ ਇਸ ਵਾਤਾਵਰਨ ਵਿਚ ਗਿਆਨੀ ਕਰਤਾਰ ਸਿੰਘ ਜ਼ਖਮੀਆਂ ਦੀ ਸੇਵਾ ਵਿਚ ਜੁੱਟ ਗਿਆ ਅਤੇ ਆਪਣੀ ਨਿਰ-ਸੁਆਰਥ ਸੇਵਾ ਲਈ ਹਰਮਨ-ਪਿਆਰਾ ਹੋ ਗਿਆ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਤਿੰਨ ਸਿਰ-ਕੱਢ ਪ੍ਰੋਫੈਸਰ, ਬਾਵਾ ਹਰਕਿਸ਼ਨ ਸਿੰਘ, ਨਰਿੰਜਣ ਸਿੰਘ ਅਤੇ ਤੇਜਾ ਸਿੰਘ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਉਹ ਗੁਰੂ ਕੇ ਬਾਗ ਦੇ ਮੋਰਚੇ ਦੇ ਪ੍ਰਚਾਰ ਲਈ ਜ਼ਿਮੇਵਾਰ ਸਨ। ਗਿਆਨੀ ਕਰਤਾਰ ਸਿੰਘ ਹਰ ਸਮੇਂ ਉਹਨਾਂ ਦੀ ਸੇਵਾ ਵਿਚ ਰਹਿੰਦਾ ਸੀ। ਪ੍ਰਸਿੱਧ ਕਾਂਗਰਸ ਨੇਤਾ ਅਤੇ ਇਸਾਈ ਮਿਸ਼ਨਰੀ ਸੀ. ਐਫ. ਐਡਰੀਯੂਜ਼ ਨੇ ਅਕਾਲੀਆਂ ਦੀਆਂ ਕੁਰ-ਬਾਨੀਆਂ ਅਤੇ ਸਹਿਨ-ਸ਼ੀਲਤਾ ਦੀ ਵਿਸ਼ੇਸ਼ ਸ਼ਲਾਘਾ ਕੀਤੀ ਅਤੇ 19 ਦਿਨ ਸਰਕਾਰ ਦਾ ਘੋਰ ਅਤਿਆਚਾਰ ਜਾਰੀ ਰਿਹਾ। ਪੰਡਤ ਮਦਨ ਮੋਹਨ ਮਾਲਵੀਆ ਨੇ ਵੀ ਸਿੱਖਾਂ ਤੇ ਅਤਿਆਚਾਰਾਂ ਦਾ ਦ੍ਰਿਸ਼ ਅੱਖੀਂ ਦੇਖਿਆ ਅਤੇ ਭਾਰਤ ਦੇ ਅਖ਼ਬਾਰਾਂ ਵਿਚ ਇਸ ਮੋਰਚੇ ਦੀ ਵਿਸ਼ੇਸ਼ ਚਰਚਾ ਹੋਈ। ਇਸ ਮੋਰਚੇ ਨੇ ਗਿਆਨੀ ਕਰਤਾਰ ਸਿੰਘ ਦਾ ਕੁਰਬਾਨੀ ਲਈ ਉਤਸ਼ਾਹ ਹੋਰ ਵੀ ਵਧਾ ਦਿੱਤਾ। ਅਖੀਰ ਸਰ ਗੰਗਾ ਰਾਮ ਨੇ ਵਿਚ ਪੈ ਕੇ ਸਮਝੌਤਾ ਕਰਾ ਦਿੱਤਾ ਅਤੇ ਗੁਰ ਕਾ ਬਾਗ਼ ਅਕਾਲੀਆਂ ਦੇ ਹਵਾਲੇ ਕਰ ਦਿੱਤਾ ਗਿਆ। ਆਪਣੇ ਹਫਤਾਵਾਰੀ ਪੱਤਰ "ਯੰਗ ਇੰਡੀਆ" ਵਿਚ ਮਹਾਂਤਮਾ ਗਾਂਧੀ ਨੇ ਇਸ ਮੋਰਚੇ ਦੀ ਵੀ ਭਰਪੂਰ ਪ੍ਰਸੰਸਾ ਕੀਤੀ ਅਤੇ ਇਸ ਨੂੰ ਸਰਕਾਰ ਵਿਰੁੱਧ ਯੁਧ ਵਿਚ ਦੂਜੀ ਮਹੱਤਵ ਪੂਰਨ ਜਿੱਤ ਕਿਹਾ।

## ਪੜ੍ਹਾਈ ਦਾ ਅੰਤ

ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਗਿਆਨੀ ਕਰਤਾਰ ਸਿੰਘ ਆਪਣੇ ਪਿੰਡ ਚੱਕ

Digitized by Panjab Digital Library | www.panjabdigilib.org

ਨੰਬਰ 40 ਨੂੰ ਚਲਾ ਗਿਆ। ਜਦੋਂ ਉਹ ਵਾਪਸ ਖਾਲਸਾ ਕਾਲਜ ਅੰ-ਮ੍ਰਿਤਸਰ ਵਿਖੇ ਗੁਰੂ ਹਰਗੋਬਿੰਦ ਹੋਸਟਲ ਵਿਚ ਆਇਆ, ਤਾਂ ਉਹ ਸਖਤ ਬੀਮਾਰ ਪੈ ਗਿਆ। ਉਸਨੂੰ ਚੇਚਕ ਨਿਕਲ ਆਈ। ਬਾਵਾ ਹਰਕਿਸ਼ਨ ਸਿੰਘ ਨੇ ਉਸ ਦੇ ਪਿਤਾ ਨੂੰ ਤਾਰ ਦਿੱਤੀ। ਉਸ ਦੇ ਦਾਦਾ ਦਫੇਦਾਰ ਮੇਜਰ ਅਮਰ ਸਿੰਘ ਅਤੇ ਦਾਦੀ ਜੀ ਛੇਤੀ ਹੀ ਉਸ ਨੂੰ ਅੰ-ਮ੍ਰਿਤਸਰੋਂ ਆਪਣੇ ਪਿੰਡ ਲੈ ਗਏ। ਉਸ ਦੀ ਬੀਮਾਰੀ ਹੋਰ ਵਧ ਗਈ। ਉਹ ਕੁਝ ਦਿਨ ਬੇਹੋਸ਼ ਰਿਹਾ। ਇਥੋਂ ਤਕ ਕਿ ਉਸ ਦੇ ਬਚਣ ਦੀ ਉਮੀਦ ਵੀ ਬਹੁਤ ਘੱਟ ਗਈ ਸੀ। ਪਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਕੁਝ ਸਮੇਂ ਪਿਛੋਂ ਉਸਦੀ ਸਿਹਤ ਠੀਕ ਹੋ ਗਈ ਅਤੇ ਉਹ ਫਿਰ ਜ਼ੋਰ ਸ਼ੋਰ ਨਾਲ ਰਾਜਨੀਤਕ ਅਤੇ ਸਮਾਜਿਕ ਕੰਮਾਂ ਵਿਚ ਭਾਗ ਲੈਣ ਲੱਗ ਪਿਆ। ਹੁਣ ਉਸ ਨੇ ਇਹ ਫ਼ੈਸਲਾ ਕਰ ਲਿਆ ਕਿ ਉਹ ਅੱਗੇ ਪੜ੍ਹਾਈ ਲਈ ਕਾਲਜ ਨਹੀਂ ਜਾਵੇਗਾ ਅਤੇ ਪੂਰਨ ਤੌਰ ਤੇ ਰਾਜਨੀਤਕ ਅਤੇ ਸਮਾਜ ਸੇਵਾ ਵਿਚ ਜੁੱਟ ਜਾਵੇਗਾ।

☐

Digitized by Panjab Digital Library | www.panjabdigilib.org

# 2

# ਰਾਜਨੀਤੀ ਵਿਚ ਪ੍ਰਵੇਸ਼

ਗਿਆਨੀ ਕਰਤਾਰ ਸਿੰਘ ਆਪਣਾ ਸਾਰਾ ਸਮਾਂ ਪੂਰੀ ਤਰ੍ਹਾਂ ਰਾਜਨੀਤਕ ਕੰਮਾਂ ਵਿਚ ਲਾਉਣ ਲਈ ਤਿਆਰ ਹੋ ਚੁੱਕਿਆ ਸੀ । ਉਸ ਨੇ ਇਕ ਸਵਾਰਥਹੀਣ ਵਾਲੰਟੀਅਰ ਅਤੇ ਕਾਰਕੁਨ ਦੇ ਰੂਪ ਵਿਚ ਸਿੱਖ ਰਾਜਨੀਤੀ ਵਿਚ ਦਾਖ਼ਲ ਹੋਣ ਦਾ ਪੱਕਾ ਇਰਾਦਾ ਕਰ ਲਿਆ ਸੀ । ਉਸ ਦੇ ਬਾਬਾ ਜੀ ਅਤੇ ਮਾਤਾ ਪਿਤਾ ਨੇ ਵੀ ਉਸ ਨੂੰ ਉਤਸ਼ਾਹ ਦਿੱਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਦਾ ਵਿਸ਼ਵਾਸ ਦਿੱਤਾ । ਭਾਵੇਂ ਗਿਆਨੀ ਕਰਤਾਰ ਸਿੰਘ ਆਪਣੇ ਮਾਂ ਬਾਪ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦਾ ਵਿਆਹ ਵੀ ਹੋ ਚੁੱਕਾ ਸੀ, ਪਰ ਛੇਤੀ ਹੀ ਉਹ ਘਰੇਲੂ ਜੀਵਨ ਤੋਂ ਉਪਰਾਮ ਹੋ ਗਿਆ ਅਤੇ ਉਸ ਨੇ ਆਪਣਾ ਸਾਰਾ ਸਮਾਂ ਦੇਸ਼ ਸੇਵਾ, ਧਾਰਮਿਕ ਅਤੇ ਸਮਾਜਿਕ ਸੇਵਾ ਲਈ ਅਰਪਣ ਕਰ ਦਿੱਤਾ ।

## ਸਮਾਜ ਸੇਵਾ ਅਤੇ ਅਕਾਲੀ ਅੰਦੋਲਨ

ਸਭ ਤੋਂ ਪਹਿਲਾਂ ਉਸ ਨੇ ਆਪਣੇ ਪਿੰਡ ਦੇ ਲੰਬੜਦਾਰ ਸਰਦਾਰ ਸੂਰਤ ਸਿੰਘ ਦੇ ਮਿਲਵਰਤਣ ਨਾਲ ਸਮਾਜ ਸੁਧਾਰ ਸਭਾ ਬਣਾਈ । ਛੇਤੀ ਹੀ ਉਸ ਦੇ ਕੰਮ ਦਾ ਦਾਇਰਾ ਪੰਜਾਬ ਦੇ ਹਰ ਪਾਸੇ ਵਧਣ ਲੱਗਾ ਕਿਉਂਕਿ ਸਿੱਖਾਂ ਅਤੇ ਅੰਗਰੇਜ਼ਾਂ ਦੇ ਸੰਬੰਧ ਦਿਨ-ਬ-ਦਿਨ ਵਿਗੜ ਰਹੇ ਸਨ । ਨਨਕਾਣਾ ਸਾਹਿਬ ਹੱਤਿਆ ਕਾਂਡ ਅਤੇ



Digitized by Panjab Digital Library | www.panjabdigilib.org

ਗੁਰੂ ਕੇ ਬਾਗ਼ ਦੇ ਮੋਰਚੇ ਨੇ ਬਲਦੀ ਅੱਗ ਤੇ ਤੇਲ ਦਾ ਕੰਮ ਕੀਤਾ। ਮਾਸਟਰ ਮੋਤਾ ਸਿੰਘ ਅਤੇ ਹਵਾਲਦਾਰ ਕਿਸ਼ਨ ਸਿੰਘ ਬੜਿੰਗ ਦੀ ਅਗਵਾਈ ਵਿਚ ਆਰੰਭ ਹੋਇਆ ਬੱਬਰ ਅਕਾਲੀ ਅੰਦੋਲਨ ਵੀ ਸਿੱਖ ਨੌਜਵਾਨਾਂ ਨੂੰ ਆਪਣੀ ਵੱਲ ਖਿੱਚ ਰਿਹਾ ਸੀ। ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਅਤੇ ਜੈਤੋ ਦੇ ਮੋਰਚੇ ਦਾ ਨੌਜਵਾਨ ਗਿਆਨੀ ਕਰਤਾਰ ਸਿੰਘ ਤੇ ਡੂੰਘਾ ਪ੍ਰਭਾਵ ਪਿਆ। ਸਰਕਾਰ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਜਦੋਂ ਜੈਤੋ ਦੇ ਮੋਰਚੇ ਲਈ ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਵਿਚੋਂ ਲੰਘਿਆ ਤਾਂ ਜੱਥੇਦਾਰ ਸੇਵਾ ਸਿੰਘ ਨੇ ਨੌਜਵਾਨ ਗਿਆਨੀ ਕਰਤਾਰ ਸਿੰਘ ਨੂੰ ਜੱਥੇ ਲਈ ਰਾਸ਼ਨ ਇਕੱਠਾ ਕਰਨ ਤੇ ਹੋਰ ਪ੍ਰਬੰਧ ਲਈ ਤੁਰੰਤ ਲਾਇਲਪੁਰ ਪਹੁੰਚਣ ਦਾ ਆਦੇਸ਼ ਦਿੱਤਾ। ਗਿਆਨੀ ਕਰਤਾਰ ਸਿੰਘ ਚੱਕ ਨੰਬਰ 204 ਰਖ ਬਰਾਂਚ ਤਕ ਸ਼ਹੀਦੀ ਜੱਥੇ ਦੇ ਨਾਲ ਗਿਆ ਤੇ ਪੂਰੇ ਉਤਸ਼ਾਹ ਅਤੇ ਤਨਦੇਹੀ ਨਾਲ ਦੇਸ਼-ਭਗਤਾਂ ਦੀ ਸੇਵਾ ਕੀਤੀ। ਉਹਨਾਂ ਦਿਨਾਂ ਵਿਚ ਹੀ ਦਲਜੀਤ ਸਿੰਘ ਭਾਗੋਵਾਲੀਆ, ਭਗਤ ਸਿੰਘ ਟੋਭਾ, ਹਾਕਮ ਸਿੰਘ ਅਤੇ ਭਾਈ ਬੂਟਾ ਸਿੰਘ ਉਸ ਦੇ ਬਹੁਤ ਨੇੜੇ ਆ ਗਏ। ਸਰਕਾਰ ਨੇ ਇਲਾਕੇ ਦੇ ਪ੍ਰਸਿੱਧ ਵਰਕਰ ਗ੍ਰਿਫ਼ਤਾਰ ਕਰ ਲਏ, ਪਰ ਗਿਆਨੀ ਜੀ ਨੇ ਚੱਕ ਨੰਬਰ 204 ਰਖ ਬਰਾਂਚ ਵਿਖੇ ਜੱਥੇ ਦੇ ਸਵਾਗਤ ਲਈ ਹਜ਼ਾਰਾਂ ਲੋਕ ਇਕੱਤਰ ਕਰ ਲਏ। ਥੋੜ੍ਹੇ ਸਮੇਂ ਪਿਛੋਂ ਲਾਇਲਪੁਰ ਜ਼ਿਲੇ ਦੇ ਮੁਖੀ ਅਕਾਲੀ ਨੇਤਾਵਾਂ ਭਾਈ ਨਰੰਜਣ ਸਿੰਘ ਕੰਦੋਵਾਲੀ ਅਤੇ ਜੱਥੇਦਾਰ ਮੱਘਰ ਸਿੰਘ ਚੱਕ ਨੰਬਰ 232 ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਇਕ ਪ੍ਰਤੀਨਿਧ ਮੰਡਲ ਅੰਮ੍ਰਿਤਸਰ ਅਕਾਲੀ ਨੇਤਾਵਾਂ ਨੂੰ ਮਿਲਣ ਲਈ ਗਿਆ। ਅਕਾਲੀ ਦਲ ਹਾਈ ਕਮਾਂਡ ਨੇ ਭਾਈ ਮੱਲ ਸਿੰਘ ਚੱਕ ਨੰਬਰ 338, ਘੋਗਰਾ ਬਰਾਂਚ ਤਹਿਸੀਲ ਸਮੁੰਦਰੀ ਨੂੰ ਲਾਇਲਪੁਰ ਅਕਾਲੀ ਜੱਥੇ ਦਾ ਪਰਧਾਨ ਅਤੇ ਗਿਆਨੀ ਕਰਤਾਰ ਸਿੰਘ ਨੂੰ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ। ਇਹ ਗਿਆਨੀ ਕਰਤਾਰ ਸਿੰਘ ਦੇ ਰਾਜਨੀਤਕ ਜੀਵਨ ਵਿਚ ਇਕ ਮਹਾਨ ਮੀਲ ਪੱਥਰ ਸਿੱਧ ਹੋਇਆ ਅਤੇ ਉਸ ਦਾ ਹੌਸਲਾ ਵਧ ਗਿਆ।

## ਜੇਲ੍ਹ ਯਾਤਰਾ

ਗਿਆਨੀ ਜੀ ਨੇ ਗੁਰਦਵਾਰਾ ਸਿੰਘ ਸਭਾ ਲਾਇਲਪੁਰ ਵਿਖੇ ਆਪਣਾ ਦਫ਼ਤਰ ਸਥਾਪਤ ਕਰ ਲਿਆ। ਗੋਲ ਬਾਜ਼ਾਰ ਅਤੇ ਹੋਰ ਮੁਹੱਲਿਆਂ ਦੇ ਦੁਕਾਨਦਾਰਾਂ ਨੇ ਵੱਧ

Digitized by Panjab Digital Library | www.panjabdigilib.org

ਚੜ੍ਹ ਕੇ ਮਾਲੀ ਸਹਾਇਤਾ ਕੀਤੀ ਅਤੇ ਇਸ ਕੰਮ ਵਿਚ ਗੁਰਦਵਾਰੇ ਦੇ ਗ੍ਰੰਥੀ ਭਾਈ ਹਰੀ ਸਿੰਘ ਦਾ ਯੋਗਦਾਨ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ। ਫਿਰ ਉਸ ਨੇ ਜੈਤੋ ਲਈ 13ਵੇਂ ਸ਼ਹੀਦੀ ਜੱਥੇ ਦੇ ਸਵਾਗਤ ਦੀ ਤਿਆਰੀ ਆਰੰਭ ਕਰ ਦਿੱਤੀ। ਇਸ ਜੱਥੇ ਵਿਚ ਸ਼ਾਮਲ ਹੋਣ ਲਈ 50 ਸਿੰਘ ਕਨੇਡਾ ਅਤੇ ਅਮਰੀਕਾ ਵਿਚੋਂ ਆਏ ਸਨ। ਗਿਆਨੀ ਕਰਤਾਰ ਸਿੰਘ ਦੀ ਅਗਵਾਈ ਵਿਚ ਲਾਇਲਪੁਰ ਵਿਖੇ ਇਸ ਜੱਥੇ ਦਾ ਸ਼ਾਨਦਾਰ ਸੁਵਾਗਤ ਕੀਤਾ ਗਿਆ। ਗਿਆਨੀ ਕਰਤਾਰ ਸਿੰਘ ਉਸ ਨੌਜਵਾਨ ਸਿੱਖ ਇਸਤਰੀ ਦੀ ਕੁਰਬਾਨੀ ਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਇਆ, ਜਿਸ ਨੇ ਆਪਣਾ ਛੋਟਾ ਜਿਹਾ ਲੜਕਾ ਕੁੱਛੜ ਚੁੱਕਿਆ ਹੋਇਆ ਸੀ ਅਤੇ ਜੱਥੇ ਦੇ ਖ਼ਰਚ ਲਈ 5000 ਰੁਪਏ ਦਾਨ ਵਜੋਂ ਵੀ ਭੇਂਟ ਕੀਤੇ ਸਨ। ਪਿਛੋਂ ਇਹ ਹੋਣਹਾਰ ਲੜਕਾ ਸੁਤੰਤਰ ਭਾਰਤ ਵਿਚ ਰਾਜ ਸਭਾ ਦਾ ਮੈਂਬਰ ਚੁਣਿਆ ਗਿਆ ਅਤੇ ਹੁਣ ਇਹ ਕਾਂਗਰਸ ਦਾ ਪ੍ਰਸਿੱਧ ਨੇਤਾ ਸਰਦਾਰ ਰਘਬੀਰ ਸਿੰਘ ਪੰਜ-ਹਜ਼ਾਰੀ ਹੈ।

ਗਿਆਨੀ ਕਰਤਾਰ ਸਿੰਘ ਹੁਣ ਹਰ ਤਰ੍ਹਾਂ ਦੀ ਮੁਸੀਬਤ ਦੇ ਟਾਕਰੇ ਲਈ ਤਿਆਰ ਸੀ। ਜੇਲ੍ਹ ਯਾਤਰਾ ਦਾ ਉਸ ਨੂੰ ਕੋਈ ਭੈ ਨਹੀਂ ਸੀ। ਸਰਕਾਰ ਵਲੋਂ ਉਸ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋ ਗਏ, ਪਰ ਉਹ ਰੂਪੋਸ਼ ਹੋ ਗਿਆ। ਕੁਝ ਦਿਨਾਂ ਪਿਛੋਂ ਪੁਲੀਸ ਉਸ ਨੂੰ ਨੜਵਾਲਾ ਬੰਗਲੇ ਤੋਂ ਗ੍ਰਿਫ਼ਤਾਰ ਕਰਨ ਵਿਚ ਸਫ਼ਲ ਹੋ ਗਈ ਅਤੇ ਉਸ ਨੂੰ ਲਾਇਲਪੁਰ ਜੇਲ੍ਹ ਭੇਜ ਦਿੱਤਾ ਗਿਆ।

ਇਹ ਜੇਲ੍ਹ ਜੀਵਨ ਗਿਆਨੀ ਜੀ ਦਾ ਪਹਿਲਾ ਤਜਰਬਾ ਸੀ। ਉਸ ਨੂੰ ਛੇ ਮਹੀਨੇ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਕੈਂਬਲਪੁਰ ਦੀ ਬਦਨਾਮ ਜੇਲ੍ਹ ਵਿਚ ਭੇਜ ਦਿੱਤਾ ਗਿਆ। ਜੇਲ੍ਹ ਵਿਚ ਜੱਥੇਦਾਰ ਕੇਸਰ ਸਿੰਘ ਲਾਇਲਪੁਰੀ, ਬਾਬਾ ਨਰਾਇਣ ਸਿੰਘ ਰਾਏਪੁਰ-ਗੁੱਜਰਵਾਲ ਅਤੇ ਸੰਤ ਹਜ਼ੂਰਾ ਸਿੰਘ ਨਾਮਧਾਰੀ ਭੈਣੀ ਸਾਹਿਬ ਦੀ ਸੰਗਤ ਨੇ ਉਸ ਨੂੰ ਸਿੱਖ ਰਹਿਤ ਮਰਯਾਦਾ ਵਿਚ ਦ੍ਰਿੜ੍ਹਤਾ ਨਾਲ ਕਾਇਮ ਰੱਖਣ ਲਈ ਹੋਰ ਪੱਕਾ ਕਰ ਦਿੱਤਾ ਅਤੇ ਉਸ ਨੂੰ ਸਿੱਖ ਧਰਮ ਅਤੇ ਇਤਿਹਾਸ ਬਾਰੇ ਆਪਣੇ ਗਿਆਨ ਵਿਚ ਵਿਸ਼ੇਸ਼ ਵਾਧਾ ਕਰਨ ਦਾ ਵੀ ਅਵਸਰ ਮਿਲਿਆ। ਉਸ ਨੇ ਸਿੱਖ ਕੈਦੀਆਂ ਨੂੰ ਭਾਰਤ ਦੇ ਰਾਸ਼ਟਰੀ ਅੰਦੋਲਨ ਬਾਰੇ ਲਗ ਪਗ 20 ਭਾਸ਼ਨ ਦਿੱਤੇ ਅਤੇ ਉਹਨਾਂ ਦੇ ਗਿਆਨ ਤੇ ਰਾਜਨੀਤਕ ਦ੍ਰਿਸ਼ਟੀਕੋਣ ਵਿਚ ਸਪੱਸ਼ਟਤਾ ਪੈਦਾ ਕੀਤੀ। ਉਸ ਦੇ ਇਹ ਭਾਸ਼ਨ ਪ੍ਰਸਿੱਧ ਕ੍ਰਾਂਤੀਕਾਰੀ ਅਤੇ ਗਦਰ ਲਹਿਰ ਦੇ ਮੁਖੀ ਨੇਤਾ

Digitized by Panjab Digital Library | www.panjabdigilib.org

ਭਾਈ ਪਰਮਾਨੰਦ ਦੀ ਪੁਸਤਕ ਤਾਰੀਖ਼ਿ-ਹਿੰਦ ਤੇ ਆਧਾਰਿਤ ਸਨ। ਆਪਣੇ ਸਾਰੇ ਰਾਜਨੀਤਕ ਜੀਵਨ ਵਿਚ ਉਹ ਹਮੇਸ਼ਾ ਪੰਜਾਬ ਦੇ ਮਸਲਿਆਂ ਨੂੰ ਸਮੁੱਚੇ ਭਾਰਤ ਦੀ ਰਾਜਨੀਤੀ ਦਾ ਇਕ ਅੰਗ ਸਮਝਦੇ ਹੋਏ ਹੀ ਹੱਲ ਕਰਨ ਦਾ ਯਤਨ ਕਰਦਾ ਰਿਹਾ। ਇਹ ਉਸ ਦੀ ਆਰੰਭਕ ਗਿਆਨ ਪ੍ਰਾਪਤੀ ਅਤੇ ਵਿਸ਼ਾਲ ਦਰਿਸ਼ਟੀਕੋਣ ਦਾ ਹੀ ਸਿੱਟਾ ਸੀ।

## ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

1924 ਵਿਚ ਅੰਗਰੇਜ਼ ਸਰਕਾਰ ਨੇ ਜੈਤੋ ਵਿਖੇ ਅਖੰਡ ਪਾਠ ਕਰਨ ਦੀ ਆਗਿਆ ਦੇ ਦਿੱਤੀ ਅਤੇ 1925 ਵਿਚ ਨਵਾਂ ਗੁਰਦਵਾਰਾ ਬਿੱਲ ਪਾਸ ਕਰ ਦਿੱਤਾ। ਇਸ ਸੰਘਰਸ਼ ਵਿਚ ਗਿਆਨੀ ਕਰਤਾਰ ਸਿੰਘ ਦਾ ਝੁਕਾਅ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਵੱਲ ਸੀ ਅਤੇ ਉਹ ਅਕਾਲੀ ਦਲ ਦੇ ਕੁਝ ਅੰਗਰੇਜ਼ ਪਿੱਠੂ ਨੇਤਾਵਾਂ ਦਾ ਕੱਟੜ ਵਿਰੋਧੀ ਸੀ। ਉਸ ਸਮੇਂ ਤਕ ਗਿਆਨੀ ਕਰਤਾਰ ਸਿੰਘ ਆਪਣੇ ਚੰਗੇ ਗੁਣਾਂ ਕਰ ਕੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਿਆ ਸੀ ਅਤੇ ਲਾਇਲਪੁਰ ਜ਼ਿਲੇ ਦੇ ਡਿਜਕੋਟ ਹਲਕੇ ਤੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ। ਸਭ ਤੋਂ ਪਹਿਲਾਂ ਉਸ ਨੇ ਅਕਾਲੀ ਦਲ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਅੰਦਰੂਨੀ ਫੁੱਟ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ। ਸਿੱਖ ਮਸਲਿਆਂ ਦੇ ਹੱਲ ਲੱਭਣ ਲਈ ਅਤੇ ਉਹਨਾਂ ਨੂੰ ਸਮੁੱਚੇ ਭਾਰਤ ਦੀ ਰਾਜਨੀਤੀ ਨਾਲ ਜੋੜਨ ਲਈ ਉਸ ਨੇ ਕੁਝ ਸਿੱਖ ਵਿਦਵਾਨਾਂ ਨਾਲ ਆਪਣਾ ਸੰਪਰਕ ਵਧਾਇਆ। ਬਾਅਦ ਵਿਚ ਉਹ ਸਮੂਹ ਭਾਰਤ ਕਾਂਗਰਸ ਪਾਰਟੀ ਦਾ ਵੀ ਮੈਂਬਰ ਬਣ ਗਿਆ ਅਤੇ ਮਹਾਤਮਾ ਗਾਂਧੀ ਵਲੋਂ ਚਲਾਈ ਨਾ-ਮਿਲਵਰਤਣ ਲਹਿਰ ਵਿਚ ਸਰਗਰਮ ਭਾਗ ਲੈਣ ਲੱਗ ਪਿਆ।

## ਸਾਇਮਨ ਕਮਿਸ਼ਨ

1927 ਵਿਚ ਉਸ ਨੇ ਸਾਇਮਨ ਕਮਿਸ਼ਨ ਵਿਰੁੱਧ ਵਿਖਾਵਿਆਂ ਵਿਚ ਸਰਗਰਮ ਭਾਗ ਲਿਆ। ਪਰ ਸਿੱਖ ਹਿਤਾਂ ਦੀ ਰਾਖੀ ਲਈ ਅਤੇ ਪੰਜਾਬ ਦੀ ਨਵੇਂ ਵਿਧਾਨ ਅਨੁਸਾਰ ਬਣ ਰਹੀ ਵਿਧਾਨ ਸਭਾ ਵਿਚ ਸਿੱਖਾਂ ਲਈ 30 ਫ਼ੀ ਸਦੀ ਪ੍ਰਤੀਨਿਧਤਾ ਲੈਣ ਸੰਬੰਧੀ ਸਾਇਮਨ ਕਮਿਸ਼ਨ ਨੂੰ ਇਕ ਮੰਗ ਪੱਤਰ ਪੇਸ਼ ਕੀਤਾ।

ਸਾਇਮਨ ਕਮਿਸ਼ਨ ਦੀ ਗਿਆਨੀ ਕਰਤਾਰ ਸਿੰਘ ਨਾਲ ਸੰਬੰਧਤ ਇਕ ਰੋਚਿਕ

Digitized by Panjab Digital Library | www.panjabdigilib.org

ਘਟਨਾ ਵਰਨਣਯੋਗ ਹੈ। ਉਸ ਸਮੇਂ ਗਿਆਨੀ ਕਰਤਾਰ ਸਿੰਘ ਡਿਸਟਰਿਕਟ ਬੋਰਡ ਲਾਇਲਪੁਰ ਦਾ ਮੈਂਬਰ ਸੀ। ਸਾਇਮਨ ਕਮਿਸ਼ਨ ਨੇ ਪੰਜਾਬ ਵਿਚ ਦੋ ਜ਼ਿਲਾ ਬੋਰਡਾਂ ਦੇ ਕੰਮ ਕਰਨ ਦੇ ਢੰਗ ਦਾ ਅਧਿਐਨ ਕਰਨਾ ਸੀ। ਬੋਰਡ ਦੀ ਕਾਰਵਾਈ ਚਲ ਰਹੀ ਸੀ ਅਤੇ ਸਾਇਮਨ ਕਮਿਸ਼ਨ ਦੇ ਮੈਂਬਰ ਵੀ ਬੈਠੇ ਸਨ। ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਪੰਜਾਬੀ ਮੈਂਬਰ ਸਰ ਫ਼ਿਰੋਜ਼ ਖ਼ਾਂ ਨੂਨ ਵੀ ਕਮਿਸ਼ਨ ਦੇ ਨਾਲ ਆਏ ਹੋਏ ਸਨ। ਗਿਆਨੀ ਕਰਤਾਰ ਸਿੰਘ ਨੇ ਇਕ ਮਤਾ ਪੇਸ਼ ਕੀਤਾ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਡਿਸਟਰਿਕਟ ਬੋਰਡ ਦੇ ਇਜਲਾਸ ਦੀ ਕਾਰਵਾਈ ਆਮ ਲੋਕਾਂ ਨੂੰ ਸੁਣਨ ਦੀ ਆਗਿਆ ਦਿੱਤੀ ਜਾਵੇ। ਡਿਪਟੀ ਕਮਿਸ਼ਨਰ ਨੇ ਇਸ ਸੁਝਾਅ ਦਾ ਕਰੜਾ ਵਿਰੋਧ ਕੀਤਾ ਅਤੇ ਗਿਆਨੀ ਜੀ ਦਾ ਮਤਾ ਰੱਦ ਹੋ ਗਿਆ। ਉਸ ਸਮੇਂ ਗਿਆਨੀ ਕਰਤਾਰ ਸਿੰਘ ਨੇ ਬੜੇ ਹੌਸਲੇ ਨਾਲ ਕਿਹਾ ਕਿ ਜੇ ਗ਼ੈਰ-ਮੈਂਬਰ ਮੀਟਿੰਗਾਂ ਵਿਚ ਨਹੀਂ ਬੈਠ ਸਕਦੇ ਤਾਂ ਸਾਇਮਨ ਕਮਿਸ਼ਨ ਦੇ ਮੈਂਬਰ ਅਤੇ ਸਰ ਫ਼ਿਰੋਜ਼ ਖ਼ਾਂ ਨੂਨ ਜੋ ਇਸ ਬੋਰਡ ਦੇ ਮੈਂਬਰ ਨਹੀਂ ਹਨ, ਹੁਣੇ ਮੀਟਿੰਗ 'ਚੋਂ ਬਾਹਰ ਚਲੇ ਜਾਣ। ਡਿਪਟੀ ਕਮਿਸ਼ਨਰ ਉਸ ਦੀ ਇਸ ਟਿੱਪਣੀ ਤੇ ਘਬਰਾ ਗਿਆ, ਪਰ ਕਮਿਸ਼ਨ ਦੇ ਮੈਂਬਰ ਅਤੇ ਸਰ ਫ਼ਿਰੋਜ਼ ਖ਼ਾਂ ਨੂਨ ਹੱਸਦੇ ਹੋਏ ਹਾਲ 'ਚੋਂ ਬਾਹਰ ਚਲੇ ਗਏ ਅਤੇ ਮਤੇ ਦੀ ਪਾਲਣਾ ਕਰਨ ਵਿਚ ਪਹਿਲ ਕੀਤੀ। ਇਸ ਪਿਛੋਂ ਉਹ ਸਰਕਾਰ ਦੀਆਂ ਨਜ਼ਰਾਂ ਵਿਚ ਹੋਰ ਰੜਕਣ ਲੱਗਾ।

## ਨਹਿਰੂ ਰਿਪੋਰਟ

ਫ਼ਰਵਰੀ 1928 ਵਿਚ ਕਾਂਗਰਸ ਨੇ ਦਿੱਲੀ ਵਿਚ ਸਾਰੀਆਂ ਪਾਰਟੀਆਂ ਦਾ ਇਕ ਸੰਮੇਲਨ ਬੁਲਾਇਆ। ਇਸ ਸੰਮੇਲਨ ਵਿਚ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਨਿਯੁਕਤ ਕੀਤੀ ਗਈ, ਜਿਸ ਨੂੰ ਭਾਰਤ ਦਾ ਸੰਵਿਧਾਨ ਬਣਾਉਣ ਦਾ ਕੰਮ ਸੌਂਪਿਆ ਗਿਆ। ਇਸ ਕਮੇਟੀ ਦੀ ਪਹਿਲੀ ਇਕੱਤਰਤਾ ਬੰਬਈ ਵਿਚ ਬੁਲਾਈ ਗਈ। ਸਿੱਖ ਹਿਤਾਂ ਦੀ ਰਾਖੀ ਲਈ ਗਿਆਨੀ ਕਰਤਾਰ ਸਿੰਘ, ਸਰਦਾਰ ਮੰਗਲ ਸਿੰਘ ਅਤੇ ਸਰਦਾਰ ਜਸਵੰਤ ਸਿੰਘ ਦਾਨੇਵਾਲੀਆ ਇਸ ਕਾਨਫ਼ਰੰਸ ਵਿਚ ਸ਼ਾਮਲ ਹੋਏ। ਕੁਝ ਸਮੇਂ ਪਿਛੋਂ ਗਿਆਨੀ ਕਰਤਾਰ ਸਿੰਘ ਕਲਕੱਤੇ ਵਿਖੇ ਕਾਂਗਰਸ ਦੇ ਸਾਲਾਨਾ ਇਜਲਾਸ ਵਿਚ ਸ਼ਾਮਲ ਹੋਇਆ ਅਤੇ ਨਵੇਂ ਵਿਧਾਨ ਵਿਚ ਸਿੱਖਾਂ ਲਈ ਕੁਝ ਸੀਟਾਂ ਰਾਖਵੀਆਂ ਰੱਖਣ ਲਈ ਬੇਨਤੀ ਕੀਤੀ। ਮੋਤੀ ਲਾਲ

Digitized by Panjab Digital Library | www.panjabdigilib.org

ਨਹਿਰੂ ਨੇ ਉਸ ਦੇ ਇਸ ਸੁਝਾਅ ਨੂੰ ਸਵੀਕਾਰ ਕਰ ਲਿਆ ।

## ਬਾਬਾ ਖੜਕ ਸਿੰਘ ਦਾ ਕਾਂਗਰਸ ਨਾਲ ਸਮਝੌਤਾ

ਬਾਬਾ ਖੜਕ ਸਿੰਘ 1928 ਤਕ ਪੰਜਾਬ ਕਾਂਗਰਸ ਦੇ ਪ੍ਰਮੁੱਖ ਨੇਤਾ ਸਨ । ਉਨ੍ਹਾਂ ਦੀਆਂ ਕੁਰਬਾਨੀਆਂ ਕਾਰਨ ਲੋਕ ਉਨ੍ਹਾਂ ਨੂੰ ਪੰਜਾਬ ਦੇ ਬੇਤਾਜ ਬਾਦਸ਼ਾਹ ਦੀ ਉਪਾਧੀ ਨਾਲ ਸਨਮਾਨਦੇ ਸਨ । 1925 ਤੋਂ 1927 ਤਕ ਉਨ੍ਹਾਂ ਨੇ ਡੇਰਾ ਗ਼ਾਜ਼ੀ ਖ਼ਾਂ ਦੀ ਜੇਲ੍ਹ ਵਿਚ ਕੈਦ ਕੱਟੀ ਅਤੇ ਜਦੋਂ ਅੰਗਰੇਜ਼ ਸਰਕਾਰ ਨੇ ਜੇਲ੍ਹ ਦੇ ਅੰਦਰ ਨੀਲੀ ਪੱਗ ਬੰਨ੍ਹਣ ਅਤੇ ਗਾਂਧੀ ਟੋਪੀ ਪਾਉਣ ਤੇ ਪਾਬੰਦੀ ਲਾ ਦਿੱਤੀ ਤਾਂ ਬਾਬਾ ਜੀ ਨੇ ਉਦੋਂ ਤਕ ਕੱਪੜੇ ਪਾਉਣ ਤੋਂ ਹੀ ਇਨਕਾਰ ਕਰ ਦਿੱਤਾ ਜਦੋਂ ਤਕ ਕਿ ਇਨ੍ਹਾਂ ਦੇ ਪ੍ਰਯੋਗ ਦੀ ਆਗਿਆ ਨਾ ਦਿੱਤੀ ਜਾਵੇ। ਨਹਿਰੂ ਰਿਪੋਰਟ ਵਿਚ ਅਤੇ ਸਰਕਾਰ ਵਲੋਂ ਸਿੱਖਾਂ ਦੇ ਹਿਤਾਂ ਦਾ ਵਿਸ਼ੇਸ਼ ਧਿਆਨ ਨਹੀਂ ਰੱਖਿਆ ਗਿਆ ਸੀ ਅਤੇ ਸਿੱਖਾਂ ਵਿਚ ਨਿਰਾਸ਼ਤਾ ਦੀ ਲਹਿਰ ਫੈਲ ਗਈ ਸੀ । 1929 ਦੇ ਦਸੰਬਰ ਦੇ ਅਖ਼ੀਰਲੇ ਹਫ਼ਤੇ ਰਾਵੀ ਦਰਿਆ ਦੇ ਕਿਨਾਰੇ ਲਾਹੌਰ ਵਿਖੇ ਪੰਡਤ ਜਵਾਹਰ ਲਾਲ ਨਹਿਰੂ ਦੀ ਪਰਧਾਨਗੀ ਹੇਠ ਕਾਂਗਰਸ ਦਾ ਸਾਲਾਨਾ ਇਜਲਾਸ ਹੋਇਆ ਜਿਸ ਵਿਚ ਪੂਰਨ ਸਵਰਾਜ ਪ੍ਰਾਪਤ ਕਰਨ ਸੰਬੰਧੀ ਮਤਾ ਪਾਸ ਕੀਤਾ ਗਿਆ । ਪਰ ਉਸ ਤੋਂ ਇਕ ਦਿਨ ਪਹਿਲਾਂ ਸੈਂਟਰਲ ਸਿੱਖ ਲੀਗ ਵਲੋਂ ਬਾਬਾ ਖੜਕ ਸਿੰਘ ਦੀ ਪਰਧਾਨਗੀ ਹੇਠ ਲਾਹੌਰ ਵਿਖੇ ਹੀ ਸਿੱਖਾਂ ਦਾ ਵਿਸ਼ਾਲ ਇਕੱਠ ਹੋਇਆ । ਜਿਸ ਤੋਂ ਪਹਿਲਾਂ 5 ਲੱਖ ਸਿੱਖਾਂ ਦਾ ਇਕ ਮਹਾਨ ਜਲੂਸ ਨਿਕਲਿਆ ਜਿਸ ਦੀ ਅਗਵਾਈ ਹਾਥੀ ਤੇ ਸਵਾਰ ਬਾਬਾ ਖੜਕ ਸਿੰਘ ਕਰ ਰਹੇ ਸਨ । ਇਸ ਜਲੂਸ ਦੇ ਬਾਰੇ ਵਿਚ ਲੰਦਨ ਦੇ ਅਖ਼ਬਾਰ ਟਾਇਮਜ਼ ਨੇ ਲਿਖਿਆ, "ਇਸ ਮਹਾਨ ਜਲੂਸ ਨੇ ਕਾਂਗਰਸ ਦੇ ਜਲੂਸ ਅਤੇ ਜਲਸੇ ਨੂੰ ਪੂਰੀ ਤਰ੍ਹਾਂ ਮਾਤ ਪਾ ਦਿੱਤਾ ।"

ਇਸ ਮੌਕੇ ਤੇ ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ, ਪੰਡਤ ਜਵਾਹਰ ਲਾਲ ਨਹਿਰੂ ਅਤੇ ਪੰਡਤ ਮਦਨ ਮੋਹਨ ਮਾਲਵੀਆ ਬਾਬਾ ਖੜਕ ਸਿੰਘ ਦੇ ਦਬੁਰਜੀ ਰੋਡ ਵਿਖੇ ਨਿਵਾਸ ਅਸਥਾਨ ਤੇ ਗਏ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਜਦੋਂ ਵੀ ਸੁਤੰਤਰ ਭਾਰਤ ਦਾ ਸੰਵਿਧਾਨ ਬਣਾਇਆ ਜਾਵੇਗਾ, ਉਸ ਵਿਚ ਸਿੱਖ ਹਿਤਾਂ ਸੰਬੰਧੀ ਵਿਸ਼ੇਸ਼ ਧਾਰਾਵਾਂ ਰੱਖੀਆਂ ਜਾਣਗੀਆਂ ਅਤੇ ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਕੇਸਰੀ ਰੰਗ ਵੀ ਜ਼ਰੂਰ ਸ਼ਾਮਲ ਕੀਤਾ ਜਾਵੇਗਾ ।

Digitized by Panjab Digital Library | www.panjabdigilib.org

ਏਥੇ ਇਸ ਮਨ ਮਨੌਤੀ ਵਿਚ ਗਿਆਨੀ ਕਰਤਾਰ ਸਿੰਘ ਅਤੇ ਕੁਝ ਹੋਰ ਅਕਾਲੀ ਨੇਤਾਵਾਂ ਵੱਲੋਂ ਯਤਨਾਂ ਦਾ ਵਰਨਣ ਕਰਨਾ ਵੀ ਜ਼ਰੂਰੀ ਹੈ । ਗਿਆਨੀ ਕਰਤਾਰ ਸਿੰਘ ਬਾਬਾ ਖੜਕ ਸਿੰਘ ਦੇ ਬਹੁਤ ਨਜ਼ਦੀਕ ਸਨ, ਕਿਉਂਕਿ ਗਿਆਨੀ ਜੀ ਨੇ ਲਾਇਲਪੁਰ ਜ਼ਿਲ੍ਹੇ ਵਿਚ 10 ਵੱਡੀਆਂ-ਵੱਡੀਆਂ ਕਾਨਫ਼ਰੰਸਾਂ ਦਾ ਪਰਬੰਧ ਕਰ ਕੇ ਬਾਬਾ ਖੜਕ ਸਿੰਘ ਨੂੰ ਇਨ੍ਹਾਂ ਦੀ ਪਰਧਾਨਗੀ ਲਈ ਸੱਦਿਆ ਸੀ ਅਤੇ ਬਾਬਾ ਜੀ ਨੂੰ ਮਾਣ ਪੱਤਰ ਅਤੇ ਥੈਲੀਆਂ ਭੇਂਟ ਕਰਵਾਈਆਂ ਸਨ ਅਤੇ 1925 ਤੋਂ ਬਾਬਾ ਖੜਕ ਸਿੰਘ ਉਸ ਨੂੰ ਇਕ ਵਿਚਾਰਸ਼ੀਲ ਅਤੇ ਉਭਰ ਰਿਹਾ ਅਕਾਲੀ ਕਾਰਕੁਨ ਸਮਝਦੇ ਸਨ । ਬਾਬਾ ਜੀ ਕਈ ਵਾਰ ਪਾਰਟੀ ਨਾਲ ਰੁੱਸ ਕੇ ਸਿਆਲਕੋਟ ਚਲੇ ਜਾਂਦੇ ਸਨ ਤਾ ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਗੋਪਾਲ ਸਿੰਘ ਕੌਮੀ ਉਨ੍ਹਾਂ ਨੂੰ ਮਨਾ ਲਿਆਉਂਦੇ ਸਨ । 1929 ਵਿਚ ਵੀ ਉਨ੍ਹਾਂ ਦਾ ਕਾਂਗਰਸ ਨੇਤਾਵਾਂ ਨਾਲ ਸਮਝੌਤਾ ਕਰਾਉਣ ਵਿਚ ਗਿਆਨੀ ਕਰਤਾਰ ਸਿੰਘ, ਸਰਦਾਰ ਮੰਗਲ ਸਿੰਘ, ਸਰਦਾਰ ਅਮਰ ਸਿੰਘ ਝਬਾਲ ਅਤੇ ਸਰਦਾਰ ਗੋਪਾਲ ਸਿੰਘ ਕੌਮੀ ਨੇ ਵਿਸ਼ੇਸ਼ ਰੋਲ ਅਦਾ ਕੀਤਾ ਅਤੇ ਸਿੱਖਾਂ ਅਤੇ ਕਾਂਗਰਸ ਦਾ ਸਮਝੌਤਾ ਕਰਾ ਦਿੱਤਾ । ਪਿਛੋਂ ਬਾਬਾ ਖੜਕ ਸਿੰਘ ਨੂੰ ਪੰਜਾਬ ਕਾਂਗਰਸ ਪਾਰਟੀ ਦਾ ਪਰਧਾਨ ਚੁਣ ਲਿਆ ਗਿਆ ਅਤੇ ਉਨ੍ਹਾਂ ਦੇ ਚੁਗੇਰੀਆਂ ਪਿੰਡ ਵਾਲੇ 11 ਮਰੱਬੇ ਸਰਕਾਰ ਨੇ ਜ਼ਬਤ ਕਰ ਲਏ ।

## ਆਗਿਆ ਭੰਗ ਅੰਦੋਲਨ ਅਤੇ ਜੇਲ੍ਹ ਯਾਤਰਾ

1930 ਵਿਚ ਗਿਆਨੀ ਕਰਤਾਰ ਸਿੰਘ ਨੇ ਆਗਿਆ ਭੰਗ ਅੰਦੋਲਨ ਵਿਚ ਭਾਗ ਲਿਆ । ਉਸ ਨੂੰ ਇਕ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਇਸ ਉਪ੍ਰੰਤ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ । ਜੇਲ੍ਹ ਵਿਚ ਉਸ ਨੂੰ ਡਾਕਟਰ ਸੈਫ਼-ਉ-ਦੀਨ ਕਿਚਲੂ, ਰਾਏਜ਼ਾਦਾ ਹੰਸ ਰਾਜ, ਖ਼ਾਨ ਅਬਦੁਲ ਗੁਫ਼ਾਰ ਖ਼ਾਂ ਅਤੇ ਡਾਕਟਰ ਅਨਸਾਰੀ ਜਿਹੇ ਪ੍ਰਸਿੱਧ ਕਾਂਗਰਸ ਨੇਤਾਵਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਮਿਲਿਆ । ਇਕ ਮੌਕੇ ਤੇ ਗਿਆਨੀ ਕਰਤਾਰ ਸਿੰਘ ਨੇ ਅਨੁਪਾਤਿਕ ਪ੍ਰਤੀਨਿਧਤਾ ਦੇ ਹੱਕ ਵਿਚ 45 ਮਿੰਟ ਭਾਸ਼ਨ ਦਿੱਤਾ । ਹੁਣ ਰਾਜਨੀਤਕ ਦਾਇਰੇ ਵਿਚ ਉਸਨੂੰ ਅਕਾਲੀ ਪਾਰਟੀ ਦਾ ਉੱਚ ਦਿਮਾਗ ਸਮਝਿਆ ਜਾਣ ਲੱਗ ਪਿਆ ਸੀ ।

□

Digitized by Panjab Digital Library | www.panjabdigilib.org

# 3

## ਸਿੱਖ ਅਧਿਕਾਰਾਂ ਲਈ ਸੰਘਰਸ਼

ਸੰਨ 1930 ਤੱਕ ਗਿਆਨੀ ਕਰਤਾਰ ਸਿੰਘ ਨੇ ਸਿੱਖ ਰਾਜਨੀਤੀ ਵਿਚ ਇਕ ਵਿਸ਼ੇਸ਼ ਥਾਂ ਬਣਾ ਲਈ ਸੀ। ਨਹਿਰੂ ਰਿਪੋਰਟ ਤਿਆਰ ਕਰਨ ਸਮੇਂ ਸਿੱਖ ਹਿੱਤਾਂ ਸੰਬੰਧੀ ਸਰਦਾਰ ਮੰਗਲ ਸਿੰਘ ਗਿੱਲ ਅਤੇ ਗਿਆਨੀ ਕਰਤਾਰ ਸਿੰਘ ਦੇ ਸੁਝਾਵਾਂ ਨੂੰ ਵਿਸ਼ੇਸ਼ ਤੌਰ ਤੇ ਧਿਆਨ ਵਿਚ ਰਖਿਆ ਗਿਆ ਸੀ। 14 ਅਪ੍ਰੈਲ 1930 ਨੂੰ ਮਹਾਤਮਾ ਗਾਂਧੀ ਨੇ ਪ੍ਰਮੁੱਖ ਰਾਜਨੀਤਕ ਪਾਰਟੀਆਂ ਦਾ ਇਕ ਸੰਮੇਲਨ ਬੁਲਾਇਆ। ਗਿਆਨੀ ਕਰਤਾਰ ਸਿੰਘ ਨੇ ਇਸ ਸੰਮੇਲਨ ਵਿਚ ਅਕਾਲੀ ਪਾਰਟੀ ਦੀ ਪ੍ਰਤੀਨਿਧਤਾ ਕੀਤੀ ਅਤੇ ਆਗਿਆ-ਭੰਗ ਅੰਦੋਲਨ ਲਈ 5000 ਸਿੱਖ ਸਤਿਆਗ੍ਰਹਿਆਂ ਦੀ ਸੂਚੀ ਪੇਸ਼ ਕੀਤੀ। ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੇ ਇਸ ਰਾਸ਼ਟਰੀ ਅੰਦੋਲਨ ਵਿਚ ਆਪ ਸਤਿਆਗ੍ਰਹਿ ਕੀਤਾ ਅਤੇ ਦੋਹਾਂ ਨੂੰ ਇਕ ਇਕ ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ।

### ਪਹਿਲੀ ਤੇ ਦੂਜੀ ਗੋਲਮੇਜ਼ ਕਾਨਫ਼ਰੰਸ

ਪਹਿਲੀ ਗੋਲ ਮੇਜ਼ ਕਾਨਫ਼ਰੰਸ 12 ਨਵੰਬਰ 1930 ਤੋਂ 19 ਜਨਵਰੀ 1931 ਤੱਕ ਲੰਦਨ ਵਿਖੇ ਬੁਲਾਈ ਗਈ। ਇਸ ਕਾਨਫ਼ਰੰਸ ਦਾ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਬਾਈਕਾਟ ਕੀਤਾ। 26 ਜਨਵਰੀ 1931 ਨੂੰ ਮਹਾਤਮਾ ਗਾਂਧੀ



Digitized by Panjab Digital Library | www.panjabdigilib.org

ਸਮੇਤ ਪੰਜਾਬ ਦੇ ਪ੍ਰਮੁੱਖ ਨੇਤਾਵਾਂ ਨੂੰ ਰਿਹਾ ਕਰ ਦਿਤਾ ਗਿਆ। ਗਾਂਧੀ ਜੀ ਦੂਜੀ ਗੋਲਮੇਜ਼ ਕਾਨਫ਼ਰੰਸ ਵਿਚ ਭਾਗ ਲੈਣ ਲਈ ਰਾਜ਼ੀ ਹੋ ਗਏ। ਸਿੱਖਾਂ ਵਲੋਂ ਸਰਦਾਰ ਬਹਾਦਰ ਉੱਜਲ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਲਾਇਲਪੁਰੀ ਨੇ ਇਸ ਕਾਨਫ਼ਰੰਸ ਵਿਚ ਭਾਗ ਲਿਆ। ਮਹਾਰਾਜਾ ਪਟਿਆਲਾ ਨੇ ਗਿਆਨੀ ਸ਼ੇਰ ਸਿੰਘ ਅਤੇ ਖ਼ਾਲਸਾ ਦੀਵਾਨ ਦੇ ਨੇਤਾਵਾਂ ਰਾਹੀਂ ਯਤਨ ਕੀਤਾ ਕਿ ਉਸ ਨੂੰ ਸਿੱਖਾਂ ਦੇ ਪ੍ਰਤੀਨਿਧ ਵਜੋਂ ਲੰਦਨ ਭੇਜਿਆ ਜਾਵੇ। ਪਰ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੇ ਕਰੜੇ ਵਿਰੋਧ ਕਾਰਨ ਮਹਾਰਾਜਾ ਆਪਣੇ ਯਤਨ ਵਿਚ ਸਫਲ ਨਾ ਹੋ ਸਕਿਆ। 20 ਮਾਰਚ 1931 ਨੂੰ ਸਿੱਖ ਨੇਤਾਵਾਂ ਦਾ ਇਕ ਪ੍ਰਤੀਨਿਧ ਮੰਡਲ ਮਹਾਤਮਾ ਗਾਂਧੀ ਨੂੰ ਮਿਲਿਆ ਅਤੇ ਪੰਜਾਬ ਵਿਚ ਸਿੱਖਾਂ ਲਈ ਪੰਜਾਬ ਲੈਜਿਸਲੇਟਿਵ ਕੌਂਸਲ ਅਤੇ ਸਰਕਾਰੀ ਨੌਕਰੀਆਂ ਵਿਚ 30 ਫੀ ਸਦੀ ਪ੍ਰਤੀਨਿਧਤਾ ਦੀ ਮੰਗ ਕੀਤੀ ਅਤੇ ਇਸ ਨਾਲ ਸਿੱਖਾਂ ਦੀਆਂ ਸਤਾਰਾਂ ਮੁੱਖ ਮੰਗਾਂ ਦਾ ਚਾਰਟਰ ਵੀ ਪੇਸ਼ ਕੀਤਾ। ਇਸ ਪ੍ਰਤੀਨਿਧ ਮੰਡਲ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰ ਜੁਗਿੰਦਰ ਸਿੰਘ, ਸਰ ਸੁੰਦਰ ਸਿੰਘ ਮਜੀਠੀਆ, ਸਰਦਾਰ ਉੱਜਲ ਸਿੰਘ, ਸਰਦਾਰ ਮੰਗਲ ਸਿੰਘ ਗਿੱਲ ਅਤੇ ਸਰਦਾਰ ਸੰਪੂਰਨ ਸਿੰਘ ਸ਼ਾਮਲ ਹੋਏ। ਯਾਦ-ਪੱਤਰ ਤਿਆਰ ਕਰਨ ਵਿਚ ਗਿਆਨੀ ਕਰਤਾਰ ਸਿੰਘ ਨੇ ਵਿਸ਼ੇਸ਼ ਹਿੱਸਾ ਪਾਇਆ। ਸਿੱਖ ਨੇਤਾਵਾਂ ਦੀ ਇਕ ਵਿਸ਼ੇਸ਼ ਮੰਗ ਇਹ ਵੀ ਸੀ ਕਿ ਉੱਤਰ ਪੱਛਮੀ ਪੰਜਾਬ ਦੇ ਉਹ ਜ਼ਿਲ੍ਹੇ ਜਿਨ੍ਹਾਂ ਵਿਚ ਮੁਸਲਮਾਨ ਬਹੁ-ਗਿਣਤੀ ਵਿਚ ਹਨ, ਨੂੰ ਬਾਕੀ ਪੰਜਾਬ ਤੋਂ ਅਲੱਗ ਕਰ ਦਿਤਾ ਜਾਵੇ। ਸਿੱਖਾਂ ਲਈ ਸੈਨਾ ਵਿਚ ਖਾਸ ਪ੍ਰਤੀਨਿਧਤਾ ਦੀ ਮੰਗ ਵੀ ਰੱਖੀ ਗਈ। ਅਪ੍ਰੈਲ 1931 ਵਿਚ ਕੇਂਦਰੀ ਸਿੱਖ ਲੀਗ ਦੇ ਸੰਮੇਲਨ ਵਿਚ ਵੀ ਸਿੱਖਾਂ ਦੀਆਂ ਇਹਨਾਂ ਮੰਗਾਂ ਤੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਗਿਆ।

ਦੂਜੀ ਗੋਲਮੇਜ਼ ਕਾਨਫ਼ਰੰਸ ਦੀ ਕਾਰਵਾਈ 17 ਦਸੰਬਰ 1931 ਤੱਕ ਚਲਦੀ ਰਹੀ। ਸਿੱਖ ਡੈਲੀਗੇਟਾਂ ਨੇ ਮੰਗ ਕੀਤੀ ਕਿ ਪੰਜਾਬ ਦੀ ਨਵੇਂ ਸਿਰੇ ਤੋਂ ਹੱਦਬੰਦੀ ਕੀਤੀ ਜਾਵੇ ਅਤੇ ਜ਼ਿਲ੍ਹਾ ਮਿੰਟਗੁਮਰੀ ਅਤੇ ਜ਼ਿਲ੍ਹਾ ਲਾਇਲਪੁਰ ਨੂੰ ਛੱਡ ਕੇ ਸਾਰੇ ਰਾਵਲਪਿੰਡੀ ਅਤੇ ਮੁਲਤਾਨ ਡਵੀਜ਼ਨ ਪੰਜਾਬ ਵਿਚੋਂ ਬਾਹਰ ਕੱਢ ਦਿੱਤੇ ਜਾਣ। ਉਹਨਾਂ ਨੇ ਨਵੀਂ ਸੰਘ ਪ੍ਰਣਾਲੀ ਦਾ ਕਰੜਾ ਵਿਰੋਧ ਕੀਤਾ। ਦੂਜੀ ਗੋਲਮੇਜ਼ ਕਾਨਫ਼ਰੰਸ ਅਸਫਲ ਹੋ ਗਈ ਅਤੇ ਮਹਾਤਮਾ ਗਾਂਧੀ ਨੇ ਸਿੱਖਾਂ ਦੀਆਂ ਕੁਰਬਾਨੀਆਂ ਦਾ

Digitized by Panjab Digital Library | www.panjabdigilib.org

ਮਾਣ ਕਰਦੇ ਹੋਏ ਕਿਹਾ, "ਜੇ ਮੇਰੇ ਨਾਲ ਮਾਸਟਰ ਤਾਰਾ ਸਿੰਘ ਜਿਹੇ ਸੂਝਵਾਨ ਨੇਤਾ ਲੰਦਨ ਗਏ ਹੁੰਦੇ ਤਾਂ ਮੈਂ ਇਸ ਕਾਨਫਰੰਸ ਵਿਚੋਂ ਕਦੀ ਵੀ ਅਸਫਲ ਨਾ ਮੁੜਦਾ।" ਨਿਰਸੰਦੇਹ ਮਹਾਤਮਾ ਗਾਂਧੀ ਜੀ ਮਾਸਟਰ ਤਾਰਾ ਸਿੰਘ ਨਾਲ ਗਿਆਨੀ ਕਰਤਾਰ ਸਿੰਘ ਦਾ ਨਾਂ ਵੀ ਜੋੜ ਸਕਦੇ ਸਨ।

## ਕਮਿਊਨਲ ਐਵਾਰਡ

17 ਅਗਸਤ 1932 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰੈਮਜ਼ੇ ਮੈਕਡੋਨਿਲਡ ਨੇ ਕਮਿਊਨਲ ਐਵਾਰਡ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਇਸ ਦਾ ਵਿਰੋਧ ਕਰਨ ਲਈ ਸਿੱਖ ਨੇਤਾਵਾਂ ਨੇ 24 ਜੁਲਾਈ 1932 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਇਕ ਸਰਵ ਪਾਰਟੀ ਕਨਵੈਨਸ਼ਨ ਬੁਲਾਈ। ਇਸ ਕਨਵੈਨਸ਼ਨ ਨੂੰ ਸਫ਼ਲ ਕਰਨ ਵਿਚ ਗਿਆਨੀ ਕਰਤਾਰ ਸਿੰਘ ਨੇ ਵੱਧ ਚੜ੍ਹ ਕੇ ਭਾਗ ਲਿਆ। ਕਨਵੈਨਸ਼ਨ ਨੇ ਕਮਿਊਨਲ ਐਵਾਰਡ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਇਸ ਦਾ ਵਿਰੋਧ ਕਰਨ ਲਈ 17 ਮੈਂਬਰਾਂ ਦੀ ਐਕਸ਼ਨ ਕਮੇਟੀ ਬਣਾ ਲਈ। ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਗਿਆਨੀ ਸ਼ੇਰ ਸਿੰਘ ਅਤੇ ਸਰ ਸੁੰਦਰ ਸਿੰਘ ਮਜੀਠਿਆ ਇਸ ਕਮੇਟੀ ਦੇ ਪ੍ਰਮੁੱਖ ਮੈਂਬਰ ਸਨ। ਉਸ ਸਮੇਂ ਮਾਸਟਰ ਤਾਰਾ ਸਿੰਘ ਜੀ ਸ਼ਾਹਦਰਾ (ਲਾਹੌਰ) ਵਿਚ ਨਜ਼ਰਬੰਦ ਸਨ। ਪਰ ਉਹਨਾਂ ਨੇ ਇਸ ਐਵਾਰਡ ਦਾ ਕਰੜਾ ਵਿਰੋਧ ਕੀਤਾ ਅਤੇ ਆਪਣੇ ਲੇਖਾਂ ਅਤੇ ਬਿਆਨਾਂ ਨਾਲ ਸਿੱਖਾਂ ਵਿਚ ਇਸ ਦੇ ਵਿਰੁਧ ਜਾਗ੍ਰਿਤੀ ਪੈਦਾ ਕੀਤੀ। ਉਨ੍ਹਾਂ ਦਾ 24 ਜੁਲਾਈ ਦੀ ਕਨਵੈਨਸ਼ਨ ਦੇ ਨਾਂ ਸੰਦੇਸ਼ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਉਹਨਾਂ ਨੇ ਲਿਖਿਆ ਕਿ ਅਸੀਂ ਆਪਣੀ ਜਨਮ ਅਤੇ ਪੁਨ-ਭੂਮੀ ਵਿਚ ਮੁਸਲਮਾਨਾਂ ਦੇ ਦਬੇਲ ਬਣ ਕੇ ਨਹੀਂ ਰਹਿ ਸਕਦੇ।

ਜਦੋਂ ਸਰ ਸਿਕੰਦਰ ਹਯਾਤ ਖਾਂ ਚਾਰ ਮਹੀਨੇ ਲਈ ਪੰਜਾਬ ਦੇ ਕਾਰਜਵਾਹਕ ਗਵਰਨਰ ਬਣੇ ਤਾਂ ਉਹਨਾਂ ਨੇ ਸਿੱਖਾਂ ਦੇ ਚਾਰ ਪ੍ਰਤੀਨਿਧਾਂ ਸਰਦਾਰ ਉੱਜਲ ਸਿੰਘ, ਸਰਦਾਰ ਸੰਪੂਰਨ ਸਿੰਘ, ਗਿਆਨੀ ਸ਼ੇਰ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੂੰ ਸ਼ਿਮਲੇ ਬੁਲਾਇਆ। ਉਹ ਇਹਨਾਂ ਦੇ ਮਿਲਵਰਤਨ ਨਾਲ ਸਿੱਖਾਂ ਤੇ ਮੁਸਲਮਾਨਾਂ ਦੇ ਮਤ ਭੇਦਾਂ ਦਾ ਅੰਤ ਕਰਨਾ ਚਾਹੁੰਦਾ ਸੀ, ਪਰ ਉਹ ਆਪਣੇ ਯਤਨ ਵਿਚ ਸਫ਼ਲ ਨਾ ਹੋ ਸਕਿਆ।

Digitized by Panjab Digital Library | www.panjabdigilib.org

ਕਮਿਊਨਲ ਐਵਾਰਡ ਸਿੱਖਾਂ ਲਈ ਹੱਦੋਂ ਵੱਧ ਹਾਨੀ ਕਾਰਕ ਸੀ। 15 ਅਕਤੂਬਰ 1932 ਨੂੰ ਸਿੱਖ ਨੇਤਾਵਾਂ ਨੇ ਸਰਦਾਰ ਹਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਇਕ ਰਾਜਨੀਤਿਕ ਇਕਤ੍ਰਤਾ ਕੀਤੀ। ਗਿਆਨੀ ਕਰਤਾਰ ਸਿੰਘ ਨੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਸਰ ਸੁੰਦਰ ਸਿੰਘ ਮਜੀਠੀਆ ਦੀ ਸਹਾਇਤਾ ਨਾਲ ਇਸ ਐਵਾਰਡ ਵਿਰੁੱਧ ਸਖ਼ਤ ਵਿਰੋਧੀ ਵਾਤਾਵਰਨ ਪੈਦਾ ਕਰ ਦਿੱਤਾ। ਪਰ ਜਲਦੀ ਹੀ ਪ੍ਰਮੁੱਖ ਨੇਤਾਵਾਂ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਅਤੇ ਬਾਬਾ ਖੜਕ ਸਿੰਘ ਵਿਚਕਾਰ ਮਤਭੇਦ ਪੈਦਾ ਹੋ ਜਾਣ ਕਾਰਨ ਕਮਿਊਨਲ ਐਵਾਰਡ ਵਿਰੋਧੀ ਅੰਦੋਲਨ ਮੱਧਮ ਪੈ ਗਿਆ ਅਤੇ ਸਿੱਖ ਇਸ ਵਿਚ ਸੰਸ਼ੋਧਨ ਨ੍ਹਾ ਕਰਾ ਸਕੇ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਗਿਆਨੀ ਕਰਤਾਰ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਨੇ ਸੰਪਰਦਾਇਕ ਪ੍ਰਤੀਨਿਧਤਾ ਦੇ ਮੁਕਾਬਲੇ ਵਿਚ ਸਾਂਝੀ ਚੋਣ ਪ੍ਰਣਾਲੀ ਦੀ ਮੰਗ ਕੀਤੀ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਤਰ੍ਹਾਂ ਉਹ ਮੁਸਲਮਾਨਾਂ ਜਾਂ ਹਿੰਦੂਆਂ ਨਾਲ ਮਿਲ ਕੇ ਵਧ ਰਾਜਨੀਤਿਕ ਸ਼ਕਤੀ ਪ੍ਰਾਪਤ ਕਰ ਸਕਦੇ ਹਨ। ਕਮਿਊਨਲ ਐਵਾਰਡ ਅਨੁਸਾਰ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ 17 ਫੀ ਸਦੀ ਦੀ ਥਾਂ 24 ਫੀ ਸਦੀ ਪ੍ਰਤੀਨਿਧਤਾ ਦੇਣੀ ਤਾਂ ਮੰਨ ਲਈ ਗਈ ਸੀ, ਪਰ ਮੁਸਲਮਾਨਾਂ ਨੂੰ 52 ਫੀ ਸਦੀ ਸੀਟਾਂ ਦੇ ਕੇ ਪੰਜਾਬ ਵਿਚ ਸਦਾ ਲਈ ਉਨ੍ਹਾਂ ਦੀ ਬਹੁ-ਸੰਮਤੀ ਸਥਾਪਤ ਕਰ ਦਿਤੀ ਗਈ ਸੀ। ਜੇ ਅਕਾਲੀ ਪਾਰਟੀ ਓਦੋਂ ਤੋਂ ਹੀ ਸੁਚੇਤ ਹੋ ਕੇ ਮੁਸਲਮ ਬਹੁ ਸੰਮਤੀ ਦੇ ਵਿਰੁੱਧ ਸੰਘਰਸ਼ ਜਾਰੀ ਨਾ ਰਖਦੀ ਤਾਂ ਪਿੱਛੋਂ ਸਾਰਾ ਪੰਜਾਬ ਹੀ ਪਾਕਿਸਤਾਨ ਨੂੰ ਦੇ ਦਿੱਤਾ ਜਾਂਦਾ। ਸਿੱਖ ਨੇਤਾ ਇਸ ਗੱਲ ਤੇ ਹੈਰਾਨ ਸਨ ਕਿ ਕਾਂਗਰਸ ਪਾਰਟੀ ਸੰਪਰਦਾਇਕ ਪ੍ਰਤੀਨਿਧਤਾ ਸਵੀਕਾਰ ਕਰਕੇ ਮੁਸਲਮਾਨਾਂ ਦੀ ਅਲੱਗ ਸੁਤੰਤਰ ਰਾਜ ਦੀ ਵਿਚਾਰਧਾਰਾ ਨੂੰ ਸ਼ਹਿ ਦੇ ਰਹੀ ਸੀ, ਜਦੋਂ ਕਿ ਸਿੱਖ ਨੇਤਾ ਸਾਂਝੀ ਚੋਣ-ਪ੍ਰਣਾਲੀ ਦੀ ਮੰਗ ਕਰਕੇ ਕਾਂਗਰਸ ਪਾਰਟੀ ਦੇ ਸਹੀ ਨਿਸ਼ਾਨਿਆਂ ਦੀ ਨੁਮਾਇੰਦਗੀ ਕਰ ਰਹੇ ਸਨ।

## ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਸਿਆਸਤ ਵਿਚ ਪ੍ਰਵੇਸ਼

ਪੰਜਾਬ ਦੇ ਮਹਾਨ ਕਾਂਗਰਸ ਨੇਤਾ ਅਤੇ ਪ੍ਰਸਿੱਧ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਰਾਜਨੀਤੀ ਵਿਚ ਲਿਆਉਣ ਦਾ ਸਿਹਰਾ ਵੀ ਬਹੁਤ ਹੱਦ ਤਕ

Digitized by Panjab Digital Library | www.panjabdigilib.org

ਗਿਆਨੀ ਕਰਤਾਰ ਸਿੰਘ ਦੇ ਸਿਰ ਹੈ। 1929 ਵਿਚ ਅਮਰੀਕਾ ਤੋਂ ਰਾਜਨੀਤੀ ਦੀ ਐਮ. ਏ. ਕਰਨ ਤੋਂ ਪਿੱਛੋਂ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਦਿੱਲੀ ਵਿਖੇ ਕੋਤਵਾਲੀ ਦੇ ਨੇੜੇ ਚਾਂਦਨੀ ਚੌਂਕ ਵਿਚ ਇਕ ਹੋਟਲ ਖੋਲ੍ਹ ਲਿਆ ਸੀ ਅਤੇ ਉਸ ਦਾ ਰਾਜਨੀਤੀ ਵੱਲ ਕੋਈ ਝੁਕਾਅ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਗੁਰਦਵਾਰਾ ਸੀਸ ਗੰਜ ਉੱਤੇ ਗੋਲੀ ਚਲ ਗਈ। ਕਾਂਗਰਸ ਵਾਲੰਟੀਅਰਾਂ ਉੱਤੇ ਬਾਜ਼ਾਰ ਵਿਚ ਲਾਠੀ ਚਲੀ ਤੇ ਉਹ ਭੱਜ ਕੇ ਗੁਰਦਵਾਰੇ ਵਿਚ ਆ ਵੜੇ। ਜਦੋਂ ਗੁਰਦਵਾਰੇ ਵਿਚੋਂ ਕੋਈ ਇੱਟ-ਵੱਟਾ ਪੁਲੀਸ ਉਤੇ ਸੁਟਿਆ ਗਿਆ ਤਾਂ ਪੁਲਿਸ ਨੇ ਬੇਤਹਾਸ਼ਾ ਗੋਲੀ ਚਲਾ ਦਿੱਤੀ, ਕੁਝ ਮੌਤਾਂ ਹੋਈਆਂ, ਕੁਝ ਲੋਕ ਜ਼ਖਮੀ ਹੋ ਗਏ, ਤੇ ਗੁਰਦਵਾਰੇ ਦੀਆਂ ਅੰਦਰਲੀਆਂ ਕੰਧਾਂ ਵਿਚ ਗੋਲੀਆਂ ਧਸ ਗਈਆਂ। ਇਹ ਬੜੀ ਹੱਤਕ ਵਾਲੀ ਗੱਲ ਸੀ, ਅਤੇ ਸਿੱਖਾਂ ਵਿਚ ਇਸ ਭਿਆਨਕ ਘਟਨਾ ਵਿਰੁੱਧ ਭਾਰੀ ਰੋਸ ਦੀ ਲਹਿਰ ਦੌੜ ਗਈ। ਸ਼ਰੋਮਣੀ ਅਕਾਲੀ ਦਲ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਦੀ ਪੜ-ਤਾਲ ਕਰਨ ਲਈ ਇਕ ਪੜਤਾਲੀਆ ਕਮੇਟੀ ਭੇਜੀ, ਜਿਸ ਦੇ ਪ੍ਰਮੁੱਖ ਮੈਂਬਰ ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਗਿਆਨੀ ਕਰਤਾਰ ਸਿੰਘ ਸਨ। ਲੋਕ ਭੈ-ਭੀਤ ਹੋਣ ਕਾਰਨ ਗਵਾਹੀਆਂ ਅਤੇ ਸਬੂਤ ਪੇਸ਼ ਕਰਨ ਲਈ ਤਿਆਰ ਨਹੀਂ ਸਨ। ਸਰਦਾਰ ਪਰਤਾਪ ਸਿੰਘ ਕੈਰੋਂ ਨੇ ਗਵਾਹ ਪੇਸ਼ ਕਰਾਉਣ ਵਿਚ ਕਮੇਟੀ ਦੀ ਵੱਧ ਚੜ੍ਹ ਕੇ ਸਹਾਇਤਾ ਕੀਤੀ। ਇਸ ਪ੍ਰਕਾਰ ਉਹ ਅਕਾਲੀ ਲੀਡਰਾਂ ਦੇ ਬੜਾ ਨੇੜੇ ਆ ਗਿਆ। ਕੁਝ ਦਿਨਾਂ ਪਿਛੋਂ ਇਹਨਾਂ ਨੇਤਾਵਾਂ ਨੇ ਖਾਸ ਤੌਰ ਤੇ ਗਿਆਨੀ ਕਰਤਾਰ ਸਿੰਘ ਨੇ ਉਸ ਨੂੰ ਅੰਮ੍ਰਿਤਸਰ ਬੁਲਾਇਆ ਅਤੇ ਸ੍ਰੀ ਅਕਾਲ ਤਖਤ ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ। ਉਸ ਤੋਂ ਬਾਅਦ ਉਹ ਦਿੱਲੀ ਛੱਡ ਕੇ ਅੰਮ੍ਰਿਤਸਰ ਆ ਗਿਆ ਅਤੇ ਰਾਜਨੀਤੀ ਵਿਚ ਵਧ ਚੜ੍ਹ ਕੇ ਭਾਗ ਲੈਣ ਲੱਗ ਪਿਆ। 1940 ਤਕ ਉਹ ਗਿਆਨੀ ਕਰਤਾਰ ਸਿੰਘ ਦਾ ਨਿਕਟਵਰਤੀ ਸਾਥੀ ਰਿਹਾ ਅਤੇ ਦੋਵੇਂ ਇਕੱਠੇ ਹੀ ਕੰਮ ਕਰਦੇ ਰਹੇ। 1930 ਵਿਚ ਪਰਤਾਪ ਸਿੰਘ ਕੈਰੋਂ ਨੇ ਮਹਾਤਮਾ ਗਾਂਧੀ ਵਲੋਂ ਚਲਾਏ ਆਗਿਆ-ਭੰਗ ਅੰਦੋਲਨ ਵਿਚ ਕੈਦ ਕੱਟੀ। ਰਿਹਾ ਹੋਣ ਪਿਛੋਂ ਉਸਨੂੰ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਪੱਤ੍ਰਿਕਾ ਦਾ ਚੀਫ ਐਡੀਟਰ ਲਗਵਾ ਦਿੱਤਾ। 1937 ਦੀ ਪੰਜਾਬ ਅਸੈਂਬਲੀ ਚੋਣ ਵਿਚ ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਜ਼ੋਰ ਦੇਣ ਤੇ ਪਰਤਾਪ

Digitized by Panjab Digital Library | www.panjabdigilib.org

ਸਿੰਘ ਕੈਰੋਂ ਨੂੰ ਅਕਾਲੀ ਦਲ ਨੇ ਬਿਆਸ-ਸਿਰਹਾਲੀ ਹਲਕੇ ਤੋਂ ਖੜਾ ਕਰ ਦਿੱਤਾ ਅਤੇ ਇਸ ਸੀਟ ਉਤੇ ਕਾਂਗਰਸ ਦੇ ਉਮੀਦਵਾਰ ਬਾਬਾ ਗੁਰਦਿਤ ਸਿੰਘ ਦੇ ਹੱਕ ਵਿਚ ਉਸ ਨੂੰ ਬਿਠਾਉਣ ਤੋਂ ਇਨਕਾਰ ਕਰ ਦਿੱਤਾ। ਇਸ ਸੀਟ ਤੇ ਬੜਾ ਸਖਤ ਮੁਕਾਬਲਾ ਹੋਇਆ, ਅਤੇ ਗਿਆਨੀ ਕਰਤਾਰ ਸਿੰਘ ਨੇ ਪਰਤਾਪ ਸਿੰਘ ਕੈਰੋਂ ਨੂੰ ਜਿਤਾਉਣ ਲਈ ਸਿਰ ਧੜ ਦੀ ਬਾਜ਼ੀ ਲਾ ਦਿੱਤੀ।

1938 ਵਿਚ ਸਰਦਾਰ ਪਰਤਾਪ ਸਿੰਘ ਕੈਰੋਂ ਨੂੰ ਪੰਜਾਬ ਕਾਂਗਰਸ ਪਾਰਟੀ ਦਾ ਜਨਰਲ ਸੈਕਟਰੀ ਬਣਾਉਣ ਵਿਚ ਵੀ ਗਿਆਨੀ ਕਰਤਾਰ ਸਿੰਘ ਦਾ ਵਿਸ਼ੇਸ਼ ਹੱਥ ਸੀ। ਗਿਆਨੀ ਕਰਤਾਰ ਸਿੰਘ ਨੇ ਸਾਰੇ ਪੰਜਾਬ ਵਿਚ ਹਜ਼ਾਰਾਂ ਅਕਾਲੀ ਵਰਕਰ ਕਾਂਗਰਸ ਦੇ ਪ੍ਰਾਇਮਰੀ ਮੈਂਬਰ ਭਰਤੀ ਕਰ ਲਏ ਅਤੇ ਪੰਜਾਬ ਪੱਧਰ ਦੀ ਚੋਣ ਲਈ 90 ਡੈਲੀਗੇਟ ਅਕਾਲੀ ਪਾਰਟੀ ਦੇ ਮੈਂਬਰ ਸਨ। ਬਰੈਡਲਾ ਹਾਲ ਵਿਚ ਸਾਲਾਨਾ ਇਜਲਾਸ ਹੋਇਆ। ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਪ੍ਰਧਾਨਗੀ ਪਦ ਲਈ ਡਾਕਟਰ ਸੈਫ-ਉ-ਦੀਨ ਕਿਚਲੂ ਦਾ ਨਾਂ ਪੇਸ਼ ਕੀਤਾ ਅਤੇ ਗਿਆਨੀ ਕਰਤਾਰ ਸਿੰਘ ਨੇ ਜਨਰਲ ਸੈਕਟਰੀ ਦੇ ਅਹੁਦੇ ਲਈ ਸਰਦਾਰ ਪਰਤਾਪ ਸਿੰਘ ਕੈਰੋਂ ਦਾ ਨਾਂ ਪੇਸ਼ ਕੀਤਾ ਅਤੇ ਦੋਵੇਂ ਹੀ ਚੁਣੇ ਗਏ। ਇਸ ਪ੍ਰਕਾਰ ਗਿਆਨੀ ਕਰਤਾਰ ਸਿੰਘ ਨੇ ਉਸ ਨੂੰ ਪੰਜਾਬ ਪੱਧਰ ਦਾ ਕਾਂਗਰਸ ਨੇਤਾ ਬਣਾ ਦਿੱਤਾ ਅਤੇ ਪਿਛੋਂ ਉਸਨੂੰ ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣੇ ਜਾਣ ਵਿਚ ਵੀ ਵਧ ਚੜ੍ਹ ਕੇ ਸਹਾਇਤਾ ਕੀਤੀ। ਇਸ ਚੋਣ ਵਿਚ ਪੰਜਾਬ ਕਾਂਗਰਸ ਵਿਚ ਡਾਕਟਰ ਸਤਿਆਪਾਲ ਧੜੇ ਦਾ ਸਫ਼ਾਇਆ ਹੋ ਗਿਆ ਅਤੇ ਡਾਕਟਰ ਗੋਪੀ ਚੰਦ ਭਾਰਗੋ ਦਾ ਧੜਾ ਜਿੱਤ ਗਿਆ ਅਤੇ 1942 ਤੱਕ ਗਿਆਨੀ ਕਰਤਾਰ ਸਿੰਘ ਵੀ ਇਸ ਧੜੇ ਦਾ ਸਿਰ ਕੱਢ ਮੈਂਬਰ ਰਿਹਾ। ਇਹ ਗੱਲ ਵਰਨਣਯੋਗ ਹੈ ਕਿ ਗਿਆਨੀ ਕਰਤਾਰ ਸਿੰਘ ਦੀ ਮੌਤ ਤੱਕ ਕੈਰੋਂ ਸਾਹਿਬ ਦਾ ਪਰਿਵਾਰ ਵੀ ਗਿਆਨੀ ਜੀ ਦਾ ਬੜਾ ਸਤਿਕਾਰ ਕਰਦਾ ਰਿਹਾ ਹੈ ਅਤੇ ਰਾਜ-ਨੀਤਿਕ ਮਤ ਭੇਦ ਹੁੰਦੇ ਹੋਏ ਵੀ ਦੋਹਾਂ ਦੇ ਆਪਸ ਵਿਚ ਗੂੜ੍ਹੇ ਸੰਬੰਧ ਸਨ।

## ਏਕਤਾ ਕਾਨਫ਼ਰੰਸ ਅਲਾਹਾਬਾਦ

ਪ੍ਰਸਿੱਧ ਹਿੰਦੂ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਨੇ 3 ਨਵੰਬਰ 1932 ਨੂੰ ਅਲਾਹਾਬਾਦ ਵਿਖੇ ਏਕਤਾ ਕਾਨਫਰੰਸ ਬੁਲਾਈ। ਇਸ ਕਾਨਫਰੰਸ ਵਿਚ 63 ਹਿੰਦੂ,

Digitized by Panjab Digital Library | www.panjabdigilib.org

11 ਸਿੱਖ, 39 ਮੁਸਲਮਾਨ ਅਤੇ ਤਿੰਨ ਈਸਾਈ ਸ਼ਾਮਲ ਹੋਏ । ਜਿਹੜੇ ਸਿੱਖ ਨੇਤਾਵਾਂ ਨੇ ਇਸ ਵਿਚ ਭਾਗ ਲਿਆ ਉਹਨਾਂ ਵਿਚ ਸਰ ਸੁੰਦਰ ਸਿੰਘ ਮਜੀਠੀਆ, ਸਰਦਾਰ ਉੱਜਲ ਸਿੰਘ, ਗੋਪਾਲ ਸਿੰਘ ਕੌਮੀ, ਬਾਬਾ ਗੁਰਦਿਤ ਸਿੰਘ, ਮਾਸਟਰ ਤਾਰਾ ਸਿੰਘ; ਗਿਆਨੀ ਸ਼ੇਰ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੇ ਨਾਂ ਵਿਸ਼ੇਸ਼ ਤੌਰ ਤੇ ਵਰਣਨ ਯੋਗ ਹਨ । ਇਹ ਸੰਮੇਲਨ ਕਿਸੇ ਸਿੱਟੇ ਤੇ ਨਾ ਪਹੁੰਚ ਸਕਿਆ । ਭਾਵੇਂ ਗਿਆਨੀ ਕਰਤਾਰ ਸਿੰਘ ਹੁਣ ਤਕ ਪ੍ਰਮੁੱਖ ਨੇਤਾਵਾਂ ਵਿਚ ਨਹੀਂ ਸੀ ਫਿਰ ਵੀ ਉਸ ਨੇ ਪੰਜਾਬ ਵਿਚ ਸਿੱਖਾਂ ਤੇ ਮੁਸਲਮਾਨਾਂ ਦੇ ਮਤਭੇਦ ਦੂਰ ਕਰਨ ਲਈ ਭਰਪੂਰ ਯਤਨ ਕੀਤੇ ਅਤੇ ਲਾਹੌਰ ਦੇ ਪ੍ਰਮੁੱਖ ਪੱਤਰ ਜ਼ਿਮੀਂਦਾਰ ਦੇ ਐਡੀਟਰ ਮੌਲਾਨਾ ਜ਼ਫਰ ਅਲੀ ਅਤੇ ਦਿੱਲੀ ਦੇ ਨੇਤਾ ਆਸਫ ਅਲੀ ਨਾਲ ਕਈ ਮੁਲਾਕਾਤਾਂ ਅਤੇ ਵਿਚਾਰ-ਵਟਾਂਦਰੇ ਕੀਤੇ । ਇਸ ਕਾਨਫ਼ਰੰਸ ਵਿਚ ਕਈ ਮਹੱਤਵਪੂਰਨ ਫੈਸਲੇ ਕੀਤੇ ਗਏ, ਅਤੇ ਇਸ ਦੀ ਕਾਰਵਾਈ ਵਿਚ ਗਿਆਨੀ ਕਰਤਾਰ ਸਿੰਘ ਨੇ ਵਿਸ਼ੇਸ਼ ਰੋਲ ਅਦਾ ਕੀਤਾ । ਸਰਦਾਰ ਗੋਪਾਲ ਸਿੰਘ ਕੌਮੀ ਅਤੇ ਸਰਦਾਰ ਤੇਜਾ ਸਿੰਘ ਚੂਹੜਕਾਣਾ ਜਿਨ੍ਹਾਂ ਦਾ ਕਾਂਗਰਸ ਵੱਲ ਖ਼ਾਸ ਝੁਕਾਅ ਸੀ, ਨੇ ਗਿਆਨੀ ਕਰਤਾਰ ਸਿੰਘ ਦਾ ਪੂਰਾ-ਪੂਰਾ ਸਾਥ ਦਿੱਤਾ । ਪਰ ਉਹ ਇਹ ਸੁਝਾਅ ਨਾ ਮੰਨੇ ਕਿ ਜੇ ਕਾਨਫਰੰਸ ਦੇ ਫੈਸਲੇ ਸਿੱਖਾਂ ਦੇ ਵਿਰੁਧ ਗਏ ਤਾਂ ਉਹ ਇਸ ਵਿਚੋਂ ਬਾਹਰ ਚਲੇ ਜਾਣਗੇ । ਏਕਤਾ ਕਾਨਫ਼ਰੰਸ ਨੇ ਫੈਸਲਾ ਕੀਤਾ ਕਿ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਸਿੱਖਾਂ ਨੂੰ 20 ਫੀ ਸਦੀ ਪ੍ਰਤੀਨਿਧਤਾ ਦਿੱਤੀ ਜਾਵੇਗੀ । ਕੇਂਦਰੀ ਅਸੈਂਬਲੀ ਦੇ 14 ਸਿੱਖ ਮੈਂਬਰ ਹੋਣਗੇ ਅਤੇ ਇਹਨਾਂ ਵਿਚ ਪ੍ਰਤੀਨਿਧ ਚੁਣਨ ਲਈ ਸਾਂਝੀ ਵੋਟ ਪ੍ਰਣਾਲੀ ਦਾ ਪ੍ਰਯੋਗ ਕੀਤਾ ਜਾਵੇਗਾ । ਪਰ ਜਦੋਂ ਸਰ ਸੈਮਿਊਲ ਹੋਰ ਨੇ ਇਹ ਐਲਾਨ ਕਰ ਦਿੱਤਾ ਕਿ ਕੇਂਦਰੀ ਲੈਜਿਸਲੇਟਿਵ ਅਸੈਂਬਲੀ ਵਿਚ ਮੁਸਲਮਾਨਾਂ ਨੂੰ 33·3 ਫੀ ਸਦੀ ਪ੍ਰਤੀਨਿਧਤਾ ਦਿੱਤੀ ਜਾਵੇਗੀ ਅਤੇ ਮੁਸਲਮਾਨਾਂ ਨੇ ਸਾਂਝੀ ਵੋਟ ਪ੍ਰਣਾਲੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਏਕਤਾ ਕਾਨਫਰੰਸ ਦੇ ਸਫਲ ਹੋਣ ਦੀ ਆਖਰੀ ਉਮੀਦ ਵੀ ਜਾਂਦੀ ਰਹੀ । ਪਰ ਗਿਆਨੀ ਕਰਤਾਰ ਸਿੰਘ ਇਹ ਗੱਲ ਮਨਾਉਣ ਵਿਚ ਸਫ਼ਲ ਹੋ ਗਿਆ ਕਿ ਆਪਣੇ ਸ਼ਾਨਦਾਰ ਇਤਿਹਾਸ ਦੇ ਆਧਾਰ ਤੇ ਸਿੱਖਾਂ ਨੂੰ ਇਕ ਲੜਾਕੂ ਅਤੇ ਬਹਾਦਰ ਕੌਮ ਸਮਝਿਆ ਜਾਵੇਗਾ ਅਤੇ ਸੁਤੰਤਰ ਭਾਰਤ ਦੀ ਸੈਨਾ ਵਿਚ ਉਹਨਾਂ ਨੂੰ 20 ਫੀਸਦੀ ਪ੍ਰਤੀਨਿਧਤਾ ਦਿੱਤੀ ਜਾਵੇਗੀ । ਮਿਸਟਰ ਮੁਹੰਮਦ ਅਲੀ ਜਿਨਾਹ ਅਤੇ ਸਰ ਫਜ਼ਲੀ ਹੁਸੈਨ ਨੇ ਵੀ ਆਪਣੇ ਸੁਝਾਅ ਪੇਸ਼ ਕੀਤੇ, ਪਰ ਗੱਲ ਸਿਰੇ ਨਾ ਲੱਗ ਸਕੀ ।

Digitized by Panjab Digital Library | www.panjabdigilib.org

ਤੀਜੀ ਗੋਲਮੇਜ਼ ਕਾਨਫ਼ਰੰਸ ਲੰਦਨ ਵਿਖੇ 17 ਨਵੰਬਰ ਤੋਂ 24 ਨਵੰਬਰ 1932 ਤਕ ਹੋਈ। ਕੇਵਲ 46 ਭਾਰਤੀ ਪ੍ਰਤੀਨਿਧ ਇਸ ਵਿਚ ਸ਼ਾਮਲ ਹੋਏ।

## ਏਕਤਾ ਦੇ ਯਤਨ

1933 ਤੋਂ 1937 ਤਕ ਸਿੱਖਾਂ ਦੀ ਰਾਜਨੀਤਕ ਸਥਿਤੀ ਬੜੀ ਚਿੰਤਾ-ਜਨਕ ਰਹੀ। ਉਹਨਾਂ ਦੀ ਆਪਸੀ ਫੁੱਟ ਉਹਨਾਂ ਦੀਆਂ ਕਠਨਾਈਆਂ ਵਿਚ ਹੋਰ ਵਾਧਾ ਕਰ ਰਹੀ ਸੀ। ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਵਿਚ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦੇ ਧੜਿਆਂ ਵਿਚ ਏਕਤਾ ਪੈਦਾ ਕਰਨ ਲਈ ਭਰਪੂਰ ਯਤਨ ਕੀਤੇ ਅਤੇ ਇਕ ਨਵੀਂ ਸੰਸਥਾ ਖਾਲਸਾ ਦਰਬਾਰ ਦੀ ਸਥਾਪਨਾ ਕੀਤੀ। ਗਿਆਨੀ ਕਰਤਾਰ ਸਿੰਘ ਨੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਭਾਗ ਨਾ ਲਿਆ, ਪਰ ਕਮੇਟੀ ਨੇ ਉਸ ਨੂੰ, ਮਾਸਟਰ ਤਾਰਾ ਸਿੰਘ ਅਤੇ ਮੰਗਲ ਸਿੰਘ ਨੂੰ ਮੈਂਬਰ ਨਾਮਜ਼ਦ ਕਰ ਲਿਆ।

1934-35 ਵਿਚ ਗੁਰਦਵਾਰਾ ਸ਼ਹੀਦ ਗੰਜ ਅਤੇ ਗੁਰਦਵਾਰਾ ਕੋਟ ਥਾਨ ਸਿੰਘ ਦੇ ਝਗੜਿਆਂ ਕਾਰਨ ਸਿੱਖਾਂ ਅਤੇ ਮੁਸਲਮਾਨਾਂ ਦੇ ਆਪਸੀ ਸੰਬੰਧ ਬਹੁਤ ਵਿਗੜ ਗਏ ਅਤੇ ਸਿੱਖ ਜਨਤਾ ਵਿਚ ਮਾਯੂਸੀ ਦੀ ਲਹਿਰ ਫੈਲ ਗਈ।

## ਦਲੇਰੀ ਦਾ ਪ੍ਰਗਟਾਵਾ

ਸੰਤ ਸੁੰਦਰ ਸਿੰਘ ਅਲੀ ਬੇਗ ਕਸ਼ਮੀਰ ਵਾਲੇ ਇਕ ਵਿਦਵਾਨ ਅਤੇ ਰੂਹਾਨੀ ਆਗੂ ਦੇ ਰੂਪ ਵਿਚ ਪੰਥ ਵਿਚ ਵਿਸ਼ੇਸ਼ ਤੌਰ ਤੇ ਸਤਕਾਰੇ ਜਾਂਦੇ ਸਨ। 1933 ਵਿਚ ਕੁਝ ਸ਼ਰਾਰਤੀ ਲੋਕਾਂ ਨੇ ਅਲੀ ਬੇਗ ਗੁਰਦਵਾਰੇ ਨੂੰ ਅੱਗ ਲਾ ਕੇ ਸਾੜ ਦਿੱਤਾ। ਸਾਰੇ ਪੰਜਾਬ ਅਤੇ ਜੰਮੂ ਕਸ਼ਮੀਰ ਵਿਚ ਹਾਹਾਕਾਰ ਮਚ ਗਈ। ਇਸ ਖਿਚਾਅ ਦੇ ਵਾਤਾਵਰਨ ਵਿਚ ਵੀ ਗਿਆਨੀ ਕਰਤਾਰ ਸਿੰਘ 40 ਸਿੰਘਾਂ ਦਾ ਜੱਥਾ ਲੈ ਕੇ ਓਥੇ ਸਹਾਇਤਾ ਅਤੇ ਸੱਤਿਆਗ੍ਰਹਿ ਕਰਨ ਲਈ ਗਿਆ। ਇਹ ਉਸ ਸਮੇਂ ਬੜੇ ਹੌਸਲੇ ਦਾ ਕੰਮ ਸੀ। ਜੱਥੇ ਦੇ ਸਾਰੇ ਮੈਂਬਰਾਂ ਨੂੰ ਪੁਲੀਸ ਨੇ ਪਕੜ ਲਿਆ। ਪਰ ਓਥੋਂ ਦੇ ਅੰਗਰੇਜ਼ ਪੁਲੀਸ ਅਫ਼ਸਰ ਨੇ ਜੋ ਪਹਿਲਾਂ ਜ਼ਿਲਾ ਲਾਇਲਪੁਰ ਵਿਚ ਸੁਪਰਡੈਂਟ ਪੁਲੀਸ ਰਹਿ ਚੁੱਕਿਆ ਸੀ ਅਤੇ ਗਿਆਨੀ ਕਰਤਾਰ ਸਿੰਘ ਨੂੰ ਜਾਣਦਾ ਸੀ, ਨੇ ਗਿਆਨੀ ਜੀ ਨੂੰ ਰਿਹਾ ਕਰ ਦਿੱਤਾ ਅਤੇ ਉਸ ਨੂੰ ਸਮਝੌਤਾ ਕਰਾਉਣ ਲਈ ਬੇਨਤੀ

Digitized by Panjab Digital Library | www.panjabdigilib.org

ਕੀਤੀ। ਇਸ ਘਟਨਾ ਨਾਲ ਗਿਆਨੀ ਜੀ ਸਾਰੇ ਪੰਜਾਬ ਅਤੇ ਕਸ਼ਮੀਰ ਵਿਚ ਆਪਣੇ ਹੌਸਲੇ ਅਤੇ ਦਲੇਰੀ ਲਈ ਪ੍ਰਸਿੱਧ ਹੋ ਗਿਆ।

ਏਸੇ ਤਰ੍ਹਾਂ ਜਦੋਂ ਜ਼ਿਲਾ ਗੁਜਰਾਤ ਦੇ ਪਿੰਡ ਆਹਲਾ ਵਿਖੇ ਭਾਈ ਸੁੰਦਰ ਸਿੰਘ ਰਾਗੀ ਨੂੰ ਕਤਲ ਕਰ ਦਿੱਤਾ ਗਿਆ ਅਤੇ ਸਰ ਸਕੰਦਰ ਹਯਾਤ ਖ਼ਾਂ ਨੇ ਉਥੇ ਦੀਵਾਨ ਲਾਉਣ ਤੇ ਪਾਬੰਦੀ ਲਾ ਦਿੱਤੀ ਤਾਂ ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਈਸ਼ਰ ਸਿੰਘ ਮਝੈਲ ਮੰਡੀ ਬਹਾਉਦੀਨ ਤੋਂ ਇਕ ਜੱਥਾ ਲੈ ਕੇ ਉਥੇ ਗਏ ਅਤੇ ਅਖੰਡ ਪਾਠ ਆਰੰਭ ਕਰਵਾ ਦਿੱਤਾ।

## ਐਮ. ਐਲ. ਏ. ਵਜੋਂ ਸੰਘਰਸ਼

ਮਾਰਚ 1937 ਵਿਚ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਗਿਆਨੀ ਕਰਤਾਰ ਸਿੰਘ ਦੇ ਸੁਝਾਅ ਤੇ ਅਕਾਲੀ ਦਲ ਨੇ ਇਹ ਚੋਣਾਂ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਮਿਲ ਕੇ ਲੜਨ ਦਾ ਫੈਸਲਾ ਕੀਤਾ। ਪੰਜ ਸੀਟਾਂ ਤੇ ਕਾਂਗਰਸ ਅਤੇ ਅਕਾਲੀ ਪਾਰਟੀ ਦਾ ਸਮਝੌਤਾ ਹੋ ਗਿਆ। ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਲਾਇਲਪੁਰੀ ਸਾਂਝੇ ਉਮੀਦਵਾਰਾਂ ਦੇ ਤੌਰ ਤੇ ਜਿੱਤ ਗਏ। ਸਰਦਾਰ ਬਲਦੇਵ ਸਿੰਘ ਵੀ ਇਕ ਉਪ-ਚੋਣ ਵਿਚ ਜਿੱਤ ਗਿਆ। ਪਰ ਅਕਾਲੀ ਉਮੀਦਵਾਰ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਮੁਕਾਬਲੇ ਵਿਚ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਅਤੇ ਸਰਦਾਰ ਚੰਨਣ ਸਿੰਘ ਉਰਾੜਾ ਦੇ ਮੁਕਾਬਲੇ ਵਿਚ ਸਰਦਾਰ ਸੱਜਣ ਸਿੰਘ ਮਰਗਿੰਦਪੁਰੀ ਨੇ ਕਾਂਗਰਸੀ ਉਮੀਦਵਾਰਾਂ ਦੇ ਤੌਰ ਤੇ ਚੋਣ ਲੜੀ। ਪੰਡਤ ਜਵਾਹਰ ਲਾਲ ਨਹਿਰੂ ਅਤੇ ਸ਼੍ਰੀਮਤੀ ਸਿਰੋਜਨੀ ਨੈਡੋ ਇਨ੍ਹਾਂ ਹਲਕਿਆਂ ਵਿਚ ਕਾਂਗਰਸ ਉਮੀਦਵਾਰਾਂ ਦੇ ਹੱਕ ਵਿਚ ਪਰਚਾਰ ਕਰਨ ਲਈ ਦੋ ਵਾਰ ਆਏ। ਪਰ ਫਿਰ ਵੀ ਕਾਂਗਰਸੀ ਉਮੀਦਵਾਰ ਬਾਬਾ ਗੁਰਦਿੱਤ ਸਿੰਘ ਅਤੇ ਸਰਦਾਰ ਸੱਜਣ ਸਿੰਘ ਮਰਗਿੰਦਪੁਰੀ ਦੀ ਹਾਰ ਹੋਈ। ਪਰ ਏਨੀ ਖਿੱਚੋਤਾਣ ਹੁੰਦੇ ਹੋਏ ਵੀ ਅਕਾਲੀ ਅਤੇ ਕਾਂਗਰਸੀ, ਵਿਧਾਨ ਸਭਾ ਵਿਚ ਇਕੱਠੇ ਹੀ ਰਹੇ ਕਿਉਂਕਿ 1942 ਤਕ ਕੋਈ ਵੀ ਵਿਅਕਤੀ ਇਕੋ ਸਮੇਂ ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਦਾ ਮੈਂਬਰ ਰਹਿ ਸਕਦਾ ਸੀ। ਸੰਨ 1939 ਵਿਚ ਗਿਆਨੀ ਕਰਤਾਰ ਸਿੰਘ ਪੰਜਾਬ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਜਦੋਂ

Digitized by Panjab Digital Library | www.panjabdigilib.org

ਉਸ ਨੇ 1942 ਵਿਚ ਤਿਆਗ-ਪੱਤਰ ਦੇ ਦਿਤਾ ਤਾਂ ਉਸ ਦੇ ਥਾਂ ਤੇ ਗਿਆਨੀ ਗੁਰਮੁਖ ਸਿਘ ਮੁਸਾਫ਼ਰ ਨੂੰ ਲਿਆ ਗਿਐਾ।

ਗਿਆਨੀ ਕਰਤਾਰ ਸਿੰਘ ਨੇ ਇਹ ਚੋਣ ਜ਼ਿਲਾ ਲਾਇਲਪੁਰ ਦੇ ਸਮੁੰਦਰੀ-ਜੜ੍ਹਾਂਵਾਲਾ ਹਲਕੇ ਤੋਂ ਲੜੀ ਅਤੇ ਖਾਲਸਾ ਨੈਸ਼ਨਲ ਪਾਰਟੀ ਦੇ ਅੰਗਰੇਜ਼ ਪਿੱਠੂ ਉਮੀਦਵਾਰ ਸਰਦਾਰ ਬਹਾਦਰ ਦਲਬਾਗ ਸਿੰਘ ਨੂੰ ਕੇਵਲ 750 ਵੋਟਾਂ ਦੇ ਫ਼ਰਕ ਨਾਲ ਹਰਾਇਆ। ਇਸ ਚੋਣ ਵਿਚ ਜਿੱਥੇ ਸਰ ਸੁੰਦਰ ਸਿੰਘ ਮਜੀਠੀਆ ਨੇ ਗਿਆਨੀ ਕਰਤਾਰ ਸਿੰਘ ਨੂੰ ਹਰਾਉਣ ਲਈ ਪੂਰਾ ਯਤਨ ਕੀਤਾ, ਉਥੇ ਸਰਦਾਰ ਪ੍ਰੇਮ ਸਿੰਘ ਚਿੱਟੀ, ਸਰਦਾਰ ਸੱਮਾ ਸਿੰਘ ਲਾਇਲਪੁਰੀ ਅਤੇ ਹੋਰ ਅਕਾਲੀ ਅਤੇ ਕਾਂਗਰਸੀ ਵਰਕਰਾਂ ਨੇ ਵੀ ਉਸ ਨੂੰ ਜਿਤਾਉਣ ਲਈ ਦਿਨ ਰਾਤ ਇਕ ਕਰ ਦਿੱਤਾ। ਚੋਣਾਂ ਸਮੇਂ ਆਪਣੇ ਭਾਸ਼ਨਾਂ ਵਿਚ ਗਿਆਨੀ ਕਰਤਾਰ ਸਿੰਘ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਭਾਰਤ ਦੀਆਂ ਸੈਨਾਵਾਂ ਦਾ ਭਾਰਤੀਕਰਨ ਕੀਤਾ ਜਾਵੇ। ਚੋਣ ਪਿਛੋਂ ਅਕਾਲੀ ਗਰੁੱਪ ਜਿਸ ਦੀ ਅਗਵਾਈ ਸੰਪੂਰਨ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਕਰ ਰਹੇ ਸਨ, ਕਾਂਗਰਸ ਵਿਚ ਹੀ ਸ਼ਾਮਲ ਰਿਹਾ। ਗਿਆਨੀ ਕਰਤਾਰ ਸਿੰਘ, ਸਰ ਸੁੰਦਰ ਸਿੰਘ ਮਜੀਠੀਆ ਦੀ ਅਸੰਬਲੀ ਦੇ ਅੰਦਰ ਅਤੇ ਬਾਹਰ ਤਿੱਖੀ ਨੁਕਤਾ-ਚੀਨੀ ਕਰਦਾ ਸੀ।

ਚੋਣਾਂ ਤੋਂ ਪਿੱਛੋਂ ਸਰਦਾਰ ਬਹਾਦਰ ਦਲਬਾਗ ਸਿੰਘ ਨੇ ਗਿਆਨੀ ਕਰਤਾਰ ਸਿੰਘ ਦੇ ਵਿਰੁੱਧ ਚੋਣ ਪਟੀਸ਼ਨ ਕਰ ਦਿੱਤੀ। ਉਧਰ ਜੱਥੇਦਾਰ ਤੇਜਾ ਸਿੰਘ ਅਕਰਪੁਰੀ ਨੇ ਹਾਰਨ ਪਿਛੋਂ ਸਰ ਸੁੰਦਰ ਸਿੰਘ ਮਜੀਠੀਆ ਦੇ ਵਿਰੁੱਧ ਚੋਣ ਪਟੀਸ਼ਨ ਕਰ ਦਿੱਤੀ। ਪਰ ਪਿੱਛੋਂ ਸਰਦਾਰ ਗੋਪਾਲ ਸਿੰਘ ਕੌਮੀ ਨੇ ਵਿਚ ਪੈ ਕੇ ਦੋਵੇਂ ਪਟੀਸ਼ਨਾਂ ਵਾਪਸ ਕਰਵਾ ਦਿੱਤੀਆਂ। ਇਸ ਪਰਕਾਰ ਸਰ ਸੁੰਦਰ ਸਿੰਘ ਦੀ ਗਿਆਨੀ ਕਰਤਾਰ ਸਿੰਘ ਦੀ ਹੇਠੀ ਕਰਨ ਦੀ ਚਾਲ ਅਸਫ਼ਲ ਹੋ ਗਈ।

## ਮਜੀਠੀਆ ਸਰਦਾਰ ਨਾਲ ਟੱਕਰ

1937 ਦੀਆਂ ਚੋਣਾਂ ਪਿਛੋਂ ਸਰ ਸੁੰਦਰ ਸਿੰਘ ਮਜੀਠੀਆ ਪੰਜਾਬ ਸਰਕਾਰ ਦੇ ਮਾਲ ਮੰਤਰੀ ਨਿਯੁਕਤ ਹੋ ਗਏ। ਉਧਰ 14 ਮਾਰਚ 1937 ਨੂੰ ਮੋਘਾ ਐਜੀਟੇਸ਼ਨ ਦੇ ਸੰਬੰਧ ਵਿਚ ਗਿਆਨੀ ਕਰਤਾਰ ਸਿੰਘ ਨੇ ਉਨ੍ਹਾਂ ਦੇ ਵਿਰੁੱਧ

Digitized by Panjab Digital Library | www.panjabdigilib.org

ਲਾਇਲਪੁਰ ਵਿਖੇ ਹਜ਼ਾਰਾਂ ਕਿਸਾਨਾਂ ਦੇ ਇਕ ਜਲੂਸ ਦੀ ਅਗਵਾਈ ਕੀਤੀ। ਉਹ ਮਜੀਠੀਆ ਸਰਦਾਰ ਦੇ ਅਸਥਾਨ ਤੇ ਮਹਾਰਾਜਾ ਪਟਿਆਲਾ ਨੂੰ ਸਿੱਖ ਸਿਆਸਤ ਵਿਚ ਅੱਗੇ ਲਿਆਉਣਾ ਚਾਹੁੰਦਾ ਸੀ। ਸਰ ਸੁੰਦਰ ਸਿੰਘ ਮਜੀਠੀਆ ਵੀ ਗਿਆਨੀ ਕਰਤਾਰ ਸਿੰਘ ਨੂੰ ਸਬਕ ਸਿਖਾਉਣ ਤੇ ਤੁਲਿਆ ਹੋਇਆ ਸੀ ਅਤੇ ਨਨਕਾਣਾ ਸਾਹਿਬ ਗੁਰਦਵਾਰੇ ਸੰਬੰਧੀ ਇਕ ਝਗੜੇ ਵਿਚ ਉਸ ਨੂੰ ਗਿਆਨੀ ਕਰਤਾਰ ਸਿੰਘ ਨੂੰ ਫਸਾਉਣ ਦਾ ਮੌਕਾ ਮਿਲ ਗਿਆ।

ਗਿਆਨੀ ਕਰਤਾਰ ਸਿੰਘ ਜੋ ਹੁਣ ਐਮ. ਐਲ. ਏ. ਵੀ ਬਣ ਚੁੱਕਿਆ ਸੀ, ਕਈ ਸਾਲਾਂ ਤੋਂ ਨਨਕਾਣਾ ਸਾਹਿਬ ਪ੍ਰਬੰਧਕ ਬੋਰਡ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਸੀ। ਸੰਨ 1925-26 ਵਿਚ ਕਮੇਟੀ ਨੂੰ ਗੁਰਦਵਾਰੇ ਦੇ ਮਹੰਤਾਂ ਨਾਲ ਜ਼ਮੀਨ ਦਾ ਕਬਜ਼ਾ ਲੈਣ ਸੰਬੰਧੀ ਮੁਕੱਦਮਾ ਲੜਨਾ ਪਿਆ ਅਤੇ ਇਸ ਝਗੜੇ ਵਿਚ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਵਿਚ ਇਕ ਸਬ-ਕਮੇਟੀ ਰਾਹੀਂ ਗੁਰਦਵਾਰਾ ਫ਼ੰਡ 'ਚੋਂ 22,000 ਰੁਪਿਆ ਖ਼ਰਚ ਕੀਤਾ ਗਿਆ ਸੀ। ਸਰ ਸੁੰਦਰ ਸਿੰਘ ਮਜੀਠੀਆ ਨੇ ਗਿਆਨੀ ਕਰਤਾਰ ਸਿੰਘ ਤੇ ਕਈ ਸਾਲਾਂ ਪਿਛੋਂ ਗਬਨ ਅਤੇ ਹਰਜਾਨੇ ਦਾ ਮੁਕੱਦਮਾ ਕਰਵਾ ਦਿੱਤਾ ਅਤੇ ਇਹ ਰਕਮ ਗਿਆਨੀ ਜੀ ਦੇ ਜ਼ਿੰਮੇ ਪਾ ਦਿੱਤੀ ਗਈ। ਭਾਵੇਂ ਇਹ ਸਾਰੀ ਰਕਮ ਗੁਰਦਵਾਰੇ ਦੇ ਹਿਤ ਲਈ ਹੀ ਖ਼ਰਚ ਕੀਤੀ ਗਈ ਸੀ। ਗਿਆਨੀ ਜੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਅਤੇ ਦੋ ਸਾਲ ਤਕ ਉਸ ਨੂੰ ਅਸੰਬਲੀ ਦੇ ਮੈਂਬਰ ਵਜੋਂ ਭੱਤਾ ਵੀ ਨਾ ਮਿਲ ਸਕਿਆ। ਗਿਆਨੀ ਕਰਤਾਰ ਸਿੰਘ ਨੇ ਕਰਜ਼ਾ ਮਸਾਹਲਤੀ ਬੋਰਡ ਵਿਚ ਆਪਣਾ ਕੇਸ ਪੇਸ਼ ਕਰ ਦਿੱਤਾ ਅਤੇ ਬੋਰਡ ਦੇ ਪਰਧਾਨ ਸਰਦਾਰ ਬਹਾਦਰ ਦਿਲਬਾਗ ਸਿੰਘ ਨੇ ਇਹ ਰਕਮ ਮਾਫ਼ ਕਰ ਦਿੱਤੀ। ਕੁਝ ਸਮੇਂ ਪਿਛੋਂ ਸਰ ਸੁੰਦਰ ਸਿੰਘ ਮਜੀਠੀਆ ਦੀ ਮੌਤ ਹੋ ਗਈ ਅਤੇ ਸਰਦਾਰ ਬਲਦੇਵ ਸਿੰਘ ਨੇ ਮੰਤਰੀ ਬਣਦੇ ਹੀ ਇਹ ਮੁਕੱਦਮਾ ਖਾਰਜ ਕਰਵਾ ਦਿੱਤਾ।

## 1938 ਦਾ ਕਰਜ਼ਾ-ਕਾਨੂੰਨ

1938 ਵਿਚ ਕਾਂਗਰਸ ਪਾਰਟੀ ਵਲੋਂ ਪੇਸ਼ ਕੀਤਾ ਗਿਆ, ਪੇਂਡੂ ਕਰਜ਼ਾ ਕਾਨੂੰਨ ਪੰਜਾਬ ਦੇ ਮੁੱਖ ਮੰਤਰੀ ਸਰ ਸਕੰਦਰ ਹਯਾਤ ਖ਼ਾਂ ਨੇ ਸਵੀਕਾਰ ਕਰ ਲਿਆ।

Digitized by Panjab Digital Library | www.panjabdigilib.org

ਇਸ ਨੂੰ ਪਾਸ ਕਰਾਉਣ ਵਿਚ ਉਸ ਸਮੇਂ ਦੇ ਪ੍ਰਸਿੱਧ ਅਗਾਂਹਵਧੂ ਕਾਂਗਰਸੀ ਨੇਤਾ ਮਾ: ਹਰੀ ਸਿੰਘ ਅਤੇ ਗਿ: ਕਰਤਾਰ ਸਿੰਘ ਨੇ ਵਿਸ਼ੇਸ਼ ਰੋਲ ਅਦਾ ਕੀਤਾ।ਇਹ ਕਾਨੂੰਨ ਗ਼ਰੀਬ ਕਿਸਾਨਾਂ ਲਈ ਹੱਦੋਂ ਵੱਧ ਲਾਭਦਾਇਕ ਸੀ। ਇਸ ਅਨੁਸਾਰ ਉਹ ਸਾਰੀਆਂ ਜ਼ਮੀਨਾਂ ਜੋ 20 ਸਾਲ ਤੋਂ ਕਿਸੇ ਪਾਸ ਗਹਿਣੇ ਸਨ, ਬਗੈਰ ਕਰਜ਼ਾ ਅਦਾ ਕੀਤੇ ਮਾਲਕਾਂ ਨੂੰ ਵਾਪਸ ਕਰ ਦਿੱਤੀਆਂ ਗਈਆਂ। 1901 ਤੋਂ ਆ ਰਹੇ ਸਾਰੇ ਬੇਨਾਮੀ ਸੌਦੇ ਰੱਦ ਕਰ ਦਿੱਤੇ ਗਏ ਅਤੇ ਕਰਜ਼ੇ ਮਾਫ਼ ਕਰਨ ਜਾਂ ਕਰਜ਼ੇ ਦੀ ਰਕਮ ਘਟਾਉਣ ਲਈ ਹਰ ਜ਼ਿਲੇ ਵਿਚ ਮਸਾਹਲਤੀ ਬੋਰਡ ਨਿਯੁਕਤ ਕੀਤੇ ਗਏ। ਕਾਂਗਰਸ ਹਾਈ ਕਮਾਂਡ ਇਸ ਕਾਨੂੰਨ ਤੇ ਬੜੀ ਖ਼ੁਸ਼ ਸੀ ਅਤੇ ਪੰਜਾਬ ਅੰਸੰਬਲੀ ਦੇ ਸਾਰੇ ਕਾਂਗਰਸੀ ਮੈਂਬਰਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਇਸ ਬਿੱਲ ਦੇ ਹੱਕ ਵਿਚ ਵੋਟ ਪਾਉਣ। ਪਰ ਗਿਆਨੀ ਕਰਤਾਰ ਸਿੰਘ ਅਤੇ ਹੋਰ ਪੇਂਡੂ ਨੇਤਾਵਾਂ ਨੂੰ ਇਹ ਦੇਖ ਕੇ ਬੜਾ ਦੁੱਖ ਹੋਇਆ ਕਿ ਕਾਂਗਰਸ ਪਾਰਟੀ ਦੇ ਸ਼ਹਿਰੀ ਮੈਂਬਰਾਂ ਨੇ ਇਸ ਬਿੱਲ ਦੇ ਵਿਰੁੱਧ ਵੋਟ ਪਾਏ ਅਤੇ ਹਾਈ ਕਮਾਂਡ ਦੇ ਆਦੇਸ਼ ਦੀ ਕੋਈ ਪਰਵਾਹ ਨਾ ਕੀਤੀ ਕਿਉਂਕਿ ਉਹ ਇਸ ਦੇ ਹਕ ਵਿਚ ਵੋਟ ਪਾ ਕੇ ਸ਼ਹਿਰਾਂ ਅਤੇ ਪਿੰਡਾਂ ਵਿਚ ਰਹਿ ਰਹੇ ਗ਼ੈਰ ਕਾਸ਼ਤਕਾਰ ਸੇਠਾਂ, ਸ਼ਾਹੂਕਾਰਾਂ ਅਤੇ ਬੈਂਕਰਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਇਹ ਕਾਰਵਾਈ ਅਕਾਲੀ ਮੈਂਬਰਾਂ ਨੂੰ ਕਾਂਗਰਸ ਤੋਂ ਦੂਰ ਲਿਜਾਣ ਦਾ ਇਕ ਮਹੱਤਵਪੂਰਨ ਕਾਰਨ ਬਣੀ। ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਲਾਇਲਪੁਰੀ ਨੇ ਜੋ ਕਿ ਕਾਂਗਰਸ ਪਾਰਟੀ ਦੇ ਵੀ ਮੈਂਬਰ ਸਨ, ਸ਼ਹਿਰੀ ਮੈਂਬਰਾਂ ਦੀ ਇਸ ਕਿਸਾਨ ਵਿਰੋਧੀ ਕਾਰਵਾਈ ਦੇ ਵਿਰੁੱਧ ਕਾਂਗਰਸ ਹਾਈ ਕਮਾਂਡ ਪਾਸ ਜ਼ੋਰਦਾਰ ਰੋਸ ਪ੍ਰਗਟ ਕੀਤਾ।

## ਨਵੇਂ ਹਾਲਾਤ

1938 ਵਿਚ ਗਿਆਨੀ ਕਰਤਾਰ ਸਿੰਘ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਉਸ ਨੂੰ ਅਕਾਲ ਰਜਮੈਂਟ ਦਾ ਪਹਿਲਾ ਜਨਰਲ ਸੈਕਟਰੀ ਨਿਯੁਕਤ ਕੀਤਾ ਗਿਆ। ਪਰ ਜਦੋਂ 3 ਸਤੰਬਰ 1939 ਨੂੰ ਦੂਜਾ ਵਿਸ਼ਵ ਯੁੱਧ ਆਰੰਭ ਹੋ ਗਿਆ ਤਾਂ ਦੇਸ਼ ਦਾ ਸਾਰਾ ਵਾਤਾਵਰਣ ਹੀ ਬਦਲ ਗਿਆ। 1 ਅਕਤੂਬਰ 1939 ਨੂੰ ਅੰਮ੍ਰਿਤਸਰ ਵਿਖੇ

Digitized by Panjab Digital Library | www.panjabdigilib.org

ਸਿੱਖਾਂ ਦੀ ਇਕ ਬਹੁਤ ਵੱਡੀ ਕਾਨਫ਼ਰੰਸ ਹੋਈ। ਅੰਗਰੇਜ਼ ਸਰਕਾਰ ਨੇ ਸਿੱਖਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਕਈ ਯਤਨ ਕੀਤੇ ਅਤੇ ਦੋ ਪ੍ਰਮੁੱਖ ਅੰਗਰੇਜ਼ ਫ਼ੌਜੀ ਅਫ਼ਸਰ ਮੇਜਰ ਸ਼ਾਰਟ ਅਤੇ ਮੇਜਰ ਬੁਲ ਖ਼ੁਫ਼ੀਆ ਤੌਰ ਤੇ ਅਕਾਲੀ ਨੇਤਾਵਾਂ ਨੂੰ ਮਿਲੇ। ਗਿਆਨੀ ਕਰਤਾਰ ਸਿੰਘ ਉਸ ਸਮੇਂ ਦੇ ਕਾਂਗਰਸ ਦੇ ਪ੍ਰਧਾਨ ਸ਼੍ਰੀ ਸੁਭਾਸ਼ ਚੰਦਰ ਬੋਸ ਨੂੰ ਵੀ ਮਿਲਿਆ। ਇਸ ਤੋਂ ਉਪ੍ਰੰਤ 1940-41 ਵਿਚ ਉਸ ਨੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦੇ ਧੜਿਆਂ ਵਿਚ ਸੁਲ੍ਹਾ ਕਰਵਾਈ। ਇਨ੍ਹਾਂ ਨੇਤਾਵਾਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਅਕਾਲੀ ਦਲ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਫੁੱਟ ਸਿੱਖ ਹਿਤਾਂ ਲਈ ਘਾਤਿਕ ਸਿੱਧ ਹੋ ਰਹੀ ਸੀ।

## ਖਾਲਸਾ ਡੀਫੈਂਸ ਆਫ਼ ਇੰਡੀਆ ਲੀਗ

ਸੰਨ 1941 ਵਿਚ ਭਾਰਤ ਦੀਆਂ ਸੈਨਾਵਾਂ ਵਿਚ ਸਿੱਖਾਂ ਦੀ ਭਰਤੀ ਨੂੰ ਤੇਜ਼ ਕਰਨ ਲਈ ਮਹਾਰਾਜਾ ਪਟਿਆਲਾ ਦੀ ਪਰਧਾਨਗੀ ਹੇਠ ਡੀਫ਼ੈਂਸ ਆਫ਼ ਇੰਡੀਆ ਲੀਗ ਦੀ ਸਥਾਪਨਾ ਕੀਤੀ ਗਈ। ਮਹਾਰਾਜਾ ਪਟਿਆਲਾ ਨੂੰ ਅੱਗੇ ਲਿਆਉਣ ਵਿਚ ਸਰਦਾਰ ਜਸਵੰਤ ਸਿੰਘ ਦਾਨੇਵਾਲੀਆ, ਸਰਦਾਰ, ਕਰਤਾਰ ਸਿੰਘ ਦੀਵਾਨਾ, ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੇ ਵਿਸ਼ੇਸ਼ ਯਤਨ ਕੀਤੇ। ਸਿੱਖ ਨੇਤਾ ਆਪਣੀ ਕੌਮ ਦੇ ਹਿਤਾਂ ਨੂੰ ਕਾਂਗਰਸੀ ਨੇਤਾਵਾਂ ਨੂੰ ਖ਼ੁਸ਼ ਕਰਨ ਲਈ ਕੁਰਬਾਨ ਕਰਨ ਲਈ ਤਿਆਰ ਨਹੀਂ ਸਨ। ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਨੇ ਗਿਆਨੀ ਕਰਤਾਰ ਸਿੰਘ ਅਤੇ ਜੱਥੇਦਾਰ ਊਧਮ ਸਿੰਘ ਨਾਗੋਕੇ ਨੂੰ ਕਾਂਗਰਸ ਨੇਤਾਵਾਂ ਨੂੰ ਮਿਲਣ ਲਈ ਅਲਾਹਾਬਾਦ ਭੇਜਿਆ। ਗਿਆਨੀ ਕਰਤਾਰ ਸਿੰਘ ਨੇ ਮਹਾਤਮਾ ਗਾਂਧੀ ਨੂੰ ਸਪੱਸ਼ਟ ਕੀਤਾ ਕਿ ਭਾਰਤੀ ਸੈਨਾ ਵਿਚ ਸਿੱਖਾਂ ਦੀ ਗਿਣਤੀ ਲਗ ਪਗ 20 ਫੀ ਸਦੀ ਹੈ ਅਤੇ ਜੇ ਅਕਾਲੀ ਦਲ ਯੁੱਧ ਸਮੇਂ ਸਿੱਖਾਂ ਦੀ ਵੱਡੀ ਗਿਣਤੀ ਵਿਚ ਭਾਰਤੀ ਫ਼ੌਜ ਵਿਚ ਭਰਤੀ ਦਾ ਵਿਰੋਧ ਕਰੇ ਤਾਂ ਕੁਦਰਤੀ ਤੌਰ ਤੇ ਉਨ੍ਹਾਂ ਦੀ ਬਰਿਟਸ਼ ਫ਼ੌਜਾਂ ਵਿਚ ਦਰ ਘਟ ਜਾਵੇਗੀ। ਕਾਂਗਰਸ ਨੇਤਾਵਾਂ ਨੇ ਕੋਈ ਠੋਸ ਜੁਵਾਬ ਨਾ ਦਿੱਤਾ ਅਤੇ ਮਹਾਤਮਾ ਗਾਂਧੀ ਨੇ ਤਾਂ ਇਹ ਜੁਵਾਬ ਦਿੱਤਾ "ਮੇਰੇ ਵਿਚਾਰ ਵਿਚ ਸੁਤੰਤਰ ਭਾਰਤ ਦੀ ਸਰਕਾਰ ਨੂੰ ਸੈਨਾ ਦੀ ਕੋਈ ਲੋੜ ਹੀ ਨਹੀਂ ਹੋਵੇਗੀ ਅਤੇ ਅਸੀਂ ਹਰ ਸਥਿਤੀ ਦਾ ਮੁਕਾਬਲਾ ਸ਼ਾਂਤੀ ਪੂਰਨ

Digitized by Panjab Digital Library | www.panjabdigilib.org

ਸੱਤਿਆਗ੍ਰਹਿ ਨਾਲ ਕਰਾਂਗੇ । ਇਸ ਲਈ ਮੇਰੇ ਵੱਲੋਂ ਸਿੱਖਾਂ ਦੀ ਸੁਤੰਤਰ ਭਾਰਤ ਦੀਆਂ ਸੈਨਾਵਾਂ ਵਿਚ ਗਿਣਤੀ ਸੰਬੰਧੀ ਵਿਸ਼ਵਾਸ ਦਿਵਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।"

ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੂੰ ਕਾਂਗਰਸ ਨੇਤਾਵਾਂ ਦੇ ਵਿਚਾਰ ਸੁਣ ਕੇ ਬੜੀ ਨਿਰਾਸਤਾ ਹੋਈ ਅਤੇ ਸਿੱਖ ਨੇਤਾਵਾਂ ਨੇ ਸਿੱਖਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਭਾਰਤੀ ਸੈਨਾ ਵਿਚ ਭਰਤੀ ਹੋਣ ਲਈ ਪ੍ਰੇਰਨਾ ਆਰੰਭ ਕਰ ਦਿੱਤਾ । ਯੁੱਧ ਵਿਚ ਅੰਗਰੇਜ਼ ਸਰਕਾਰ ਦੀ ਸਹਾਇਤਾ ਅਤੇ ਮਿਲਵਰਤਣ ਦਾ ਸਿੱਟਾ ਪ੍ਰਸਿੱਧ ਸਿਕੰਦਰ ਬਲਦੇਵ ਪੈਕਟ ਦੇ ਰੂਪ ਵਿਚ ਨਿਕਲਿਆ । ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਨੌਜਵਾਨਾਂ ਨੇ ਆਪਣੇ ਆਪ ਨੂੰ ਫ਼ੌਜਾਂ ਵਿਚ ਭਰਤੀ ਹੋਣ ਲਈ ਪੇਸ਼ ਕੀਤਾ ।

ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਵਲੋਂ ਸਿੱਖ ਨੌਜਵਾਨਾਂ ਨੂੰ ਸੈਨਾ ਵਿਚ ਭਰਤੀ ਹੋਣ ਦੀ ਪ੍ਰੇਰਨਾ ਦੇਣ ਦਾ ਇਕ ਹੋਰ ਕਾਰਨ ਇਹ ਸੀ ਕਿ ਦੂਜੇ ਵਿਸ਼ਵ ਯੁੱਧ ਵਿਚ 1941 ਵਿਚ ਬਰਿਟਸ਼ ਸਰਕਾਰ ਅਤੇ ਫ਼ਰਾਂਸ ਦੀ ਜਰਮਨੀ ਦੇ ਮੁਕਾਬਲੇ ਵਿਚ ਹਾਲਤ ਡਾਂਵਾਂਡੋਲ ਹੋ ਰਹੀ ਸੀ । ਫ਼ਰਾਂਸ ਹਥਿਆਰ ਸੁੱਟਣ ਨੂੰ ਤਿਆਰ ਸੀ ਅਤੇ ਭਾਰਤ ਦੇ ਰਾਜਨੀਤਕ ਨੇਤਾਵਾਂ ਨੂੰ ਅੰਗਰੇਜ਼ਾਂ ਦੀ ਹਾਰ ਵੀ ਯਕੀਨੀ ਦਿਖਾਈ ਦੇ ਰਹੀ ਸੀ । ਇਸ ਸਥਿਤੀ ਵਿਚ ਗਿਆਨੀ ਕਰਤਾਰ ਸਿੰਘ ਜਿਹੇ ਅਕਾਲੀ ਨੇਤਾਵਾਂ ਨੂੰ ਵਿਸ਼ਵਾਸ ਸੀ ਕਿ ਅੰਗਰੇਜ਼ਾਂ ਦੀ ਹਾਰ ਦੀ ਸੂਰਤ ਵਿਚ ਭਾਰਤ ਵਿਚ ਘਰੇਲੂ ਯੁੱਧ ਛਿੜ ਪਵੇਗਾ ਅਤੇ ਕਾਂਗਰਸ ਪਾਰਟੀ ਸਥਿਤੀ ਨੂੰ ਕੰਟਰੋਲ ਨਹੀਂ ਕਰ ਸਕੇਗੀ । ਇਸ ਦਸ਼ਾ ਵਿਚ ਕੇਵਲ ਸਿੱਖ ਫ਼ੌਜੀ ਹੀ ਪੰਜਾਬ ਦੇ ਲੋਕਾਂ ਦੀ ਰਾਖੀ ਕਰ ਸਕਣਗੇ । ਹਥਿਆਰਬੰਦ ਮੁਕਾਬਲੇ ਦੀ ਹਾਲਤ ਵਿਚ ਫ਼ੌਜੀ ਸਿੱਖਿਆ ਪ੍ਰਾਪਤ ਸਿੱਖ ਨੌਜਵਾਨ ਹਰ ਤਰ੍ਹਾਂ ਦੇ ਅੱਤਿਆਚਾਰਾਂ ਦਾ ਡਟ ਕੇ ਮੁਕਾਬਲਾ ਕਰਨਗੇ ।

## ਪਾਕਿਸਤਾਨ ਸੰਬੰਧੀ ਪ੍ਰਸਤਾਵ

ਮਾਰਚ 1940 ਵਿਚ ਜਦੋਂ ਮੁਸਲਮ ਲੀਗ ਨੇ ਪਾਕਿਸਤਾਨ ਦਾ ਪ੍ਰਸਤਾਵ ਪਾਸ ਕਰ ਦਿੱਤਾ ਤਾਂ ਸਿੱਖਾਂ ਦੀ ਸਥਿਤੀ ਬਹੁਤ ਗੰਭੀਰ ਹੋ ਗਈ । ਸ੍ਰੀ ਰਾਜਗੋਪਾਲ

Digitized by Panjab Digital Library | www.panjabdigilib.org

ਆਚਾਰੀਆ ਵਲੋਂ ਮੁਸਲਮ ਲੀਗ ਨੂੰ ਖ਼ੁਸ਼ ਕਰਨ ਲਈ ਭਾਰਤ ਦੀ ਵੰਡ ਦੇ ਸੁਝਾਅ ਨੇ ਬਲਦੀ ਅੱਗ ਤੇ ਤੇਲ ਦਾ ਕੰਮ ਕੀਤਾ ਅਤੇ ਸਿੱਖ ਨੇਤਾਵਾਂ ਅਤੇ ਆਮ ਲੋਕਾਂ ਵਿਚ ਹੱਦੋਂ ਵੱਧ ਬੇਚੈਨੀ ਫੈਲ ਗਈ। ਰਾਜਾ ਜੀ ਦਾ ਸੁਝਾਅ ਸੀ ਕਿ ਜੰਗ ਮਗਰੋਂ ਉੱਤਰ-ਪੱਛਮੀ ਅਤੇ ਪੂਰਬੀ ਭਾਰਤ ਦੇ ਅਜਿਹੇ ਨਾਲ ਲੱਗਦੇ ਜ਼ਿਲ੍ਹਿਆਂ ਦੀ, ਜਿਨ੍ਹਾਂ ਵਿਚ ਮੁਸਲਮ ਬਹੁਗਿਣਤੀ ਹੋਵੇ, ਹੱਦ-ਬੰਦੀ ਕਰਨ ਲਈ ਇਕ ਕਮਿਸ਼ਨ ਨੀਯਤ ਕੀਤਾ ਜਾਵੇ। ਇਨ੍ਹਾਂ ਇਲਾਕਿਆਂ ਵਿਚ ਵੱਖ ਹੋਣ ਸੰਬੰਧੀ ਸਾਰੀ ਵਸੋਂ ਦੀ ਬਾਲਗਾਂ ਦੀ ਵੋਟ ਦੇ ਅਧਿਕਾਰ ਦੇ ਆਧਾਰ ਤੇ ਲੋਕ ਰਾਏ ਲਈ ਜਾਵੇ। ਇਸ ਤਰ੍ਹਾਂ ਦੇ ਵਾਤਾਵਰਣ ਵਿਚ ਗਿਆਨੀ ਕਰਤਾਰ ਸਿੰਘ ਆਪਣਾ ਇਤਿਹਾਸਕ ਰੋਲ ਆਰੰਭ ਕਰਨ ਲਈ ਸਾਹਮਣੇ ਆਇਆ। ਇਸ ਸੰਬੰਧ ਵਿਚ ਯੁੱਧ ਵਿਚ ਸਫ਼ਲਤਾ ਲਈ ਯਤਨ ਅਤੇ ਸਹਾਇਤਾ ਅਤੇ ਖਾਲਸਾ ਡੀਫ਼ੈਂਸ ਆਫ਼ ਇੰਡੀਆ ਲੀਗ ਦੀ ਸਥਾਪਨਾ ਦੋ ਪ੍ਰਸਿੱਧ ਘਟਨਾਵਾਂ ਸਨ।

## ਕਾਂਗਰਸ ਨਾਲ ਮੱਤ-ਭੇਦ

ਭਾਰਤ ਸਰਕਾਰ ਨੇ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ ਸਰ ਜੁਗਿੰਦਰਾ ਸਿੰਘ ਨੂੰ ਵਿੱਦਿਆ ਵਿਭਾਗ ਸੌਂਪ ਦਿੱਤਾ ਅਤੇ ਦੋ ਸਿੱਖ ਮੁਖੀਆਂ ਮਹਾਰਾਜਾ ਪਟਿਆਲਾ ਅਤੇ ਸਰਦਾਰ ਨੌਨਿਹਾਲ ਸਿੰਘ ਮਾਨ ਨੂੰ ਡੀਫ਼ੈਂਸ ਕੌਂਸਲ ਦਾ ਮੈਂਬਰ ਨਿਯੁਕਤ ਕਰ ਦਿੱਤਾ। ਪੰਜਾਬ ਵਿਚ ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੰਜਾਬ ਦੇ ਗਵਰਨਰ ਨੂੰ ਮਿਲੇ। 1941 ਵਿਚ ਮੇਜਰ ਸ਼ਾਰਟ ਨੇ ਵੀ ਅਕਾਲੀਆਂ ਅਤੇ ਸਰਕਾਰ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਵਿਚ ਵਿਸ਼ੇਸ਼ ਰੋਲ ਅਦਾ ਕੀਤਾ। 5 ਜੂਨ 1941 ਨੂੰ ਸਰਦਾਰ ਬਲਦੇਵ ਸਿੰਘ ਨੂੰ ਪੰਜਾਬ ਸਰਕਾਰ ਦੇ ਵਿਕਾਸ ਮੰਤਰੀ ਵਜੋਂ ਨਿਯੁਕਤ ਕਰ ਦਿੱਤਾ ਗਿਆ ਅਤੇ ਛੇਤੀ ਹੀ ਸਕੰਦਰ-ਬਲਦੇਵ ਪੈਕਟ ਤੇ ਦਸਖ਼ਤ ਹੋ ਗਏ। ਇਸ ਪੈਕਟ ਅਨੁਸਾਰ ਪੰਜਾਬ ਐਸੰਬਲੀ ਦੇ ਅਕਾਲੀ ਮੈਂਬਰ ਅੱਗੇ ਵਾਂਗੂੰ ਕਾਂਗਰਸ ਵਿਚ ਰਹਿਣਗੇ ਤੇ ਪੋਲੀਟੀਕਲ ਮਾਮਲੇ ਉੱਤੇ ਸਰ ਸਕੰਦਰ ਜਾਂ ਉਸ ਦੀ ਪਾਰਟੀ ਦਾ ਵਿਰੋਧ ਕਰਨ ਵਿਚ ਪੂਰੇ ਆਜ਼ਾਦ ਹੋਣਗੇ। ਸਭ ਸਰਕਾਰੀ ਥਾਵਾਂ ਤੇ ਸੰਸਥਾਵਾਂ ਵਿਚ ਝਟਕੇ ਦੀ ਪੂਰੀ ਖੁੱਲ੍ਹ ਹੋ ਜਾਵੇਗੀ। ਕੋਈ ਨਵਾਂ ਕਾਨੂੰਨ ਨਹੀਂ ਬਣਾਇਆ ਜਾਵੇਗਾ

Digitized by Panjab Digital Library | www.panjabdigilib.org

ਜਿਸ ਨਾਲ ਸਿੱਖ ਵਜ਼ੀਰ ਸਹਿਮਤ ਨਾ ਹੋਵੇ। ਗੁਰਮੁਖੀ ਨੂੰ ਪੜ੍ਹਾਉਣ ਦਾ ਸਰਕਾਰੀ ਸਕੂਲਾਂ ਵਿਚ ਚੰਗਾ ਪ੍ਰਬੰਧ ਕੀਤਾ ਜਾਵੇਗਾ। ਸਿੱਖ ਮਾਮਲਿਆਂ ਵਿਚ ਸਿੱਖ ਵਜ਼ੀਰ ਦੀ ਰਾਏ ਨੂੰ ਤਰਜੀਹ ਹੋਇਆ ਕਰੇਗੀ ਅਤੇ ਪੰਜਾਬ ਵਿਚ ਸਿੱਖਾਂ ਲਈ 20 ਫ਼ੀ ਸਦੀ ਨੌਕਰੀਆਂ ਰਾਖਵੀਆਂ ਰੱਖਣ ਦਾ ਵਿਸ਼ਵਾਸ ਦਵਾਇਆ ਗਿਆ। ਇਸ ਪੈਕਟ ਨਾਲ ਸ਼ਰੋਮਣੀ ਅਕਾਲੀ ਦਲ ਨੂੰ ਵੱਖਰੀ ਹਸਤੀ ਮਿਲ ਗਈ। ਹੁਣ ਉਹ ਕਾਂਗਰਸ ਦੇ ਪ੍ਰਭਾਵ ਤੋਂ ਬਿਲਕੁਲ ਸੁਤੰਤਰ ਹੋ ਗਿਆ ਅਤੇ ਰਾਜਨੀਤਕ ਵਿਚਾਰ-ਵਟਾਂਦਰਾ ਕਰਨ ਲਈ ਬਰਿਟਸ਼ ਸਰਕਾਰ ਨੇ ਅਕਾਲੀ ਦਲ ਨੂੰ ਇਕ ਪ੍ਰਮੁਖ ਸਿਆਸੀ ਪਾਰਟੀ ਵਜੋਂ ਮਾਨਤਾ ਦੇ ਦਿੱਤੀ। ਇਸ ਨਾਜ਼ੁਕ ਮੌਕੇ ਤੇ ਗਿਆਨੀ ਕਰਤਾਰ ਸਿੰਘ ਦਾ ਰੋਲ ਸ਼ਲਾਂਘਾਯੋਗ ਹੈ। 1944 ਵਿਚ ਉਸ ਨੇ ਪੰਜਾਬ ਵਿਧਾਨ ਸਭਾ ਤੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਮਹੱਤਵਪੂਰਨ ਸੰਸ਼ੋਧਨ ਕਰਵਾ ਲਏ। ਜਿਨ੍ਹਾਂ ਦੇ ਫਲਸਰੂਪ ਦਫ਼ਾ 87 ਦੇ ਲੋਕਲ ਗੁਰਦਵਾਰਿਆਂ 'ਚੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਹਿੱਸਾ ਕਾਫ਼ੀ ਵਧਾ ਦਿੱਤਾ ਗਿਆ ਅਤੇ ਦਫ਼ਾ 85 ਦੇ ਸੱਤ ਪ੍ਰਮੁੱਖ ਗੁਰਦਵਾਰੇ ਅਰਥਾਤ, ਪੰਜਾ ਸਾਹਿਬ, ਦੇਹਰਾ ਸਾਹਿਬ ਲਾਹੌਰ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਤਰਨਤਾਰਨ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਨਨਕਾਣਾ ਸਾਹਿਬ ਅਤੇ ਮੁਕਤਸਰ ਦੇ ਗੁਰਦਵਾਰੇ ਸਿੱਧੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਕਰ ਦਿੱਤੇ ਗਏ ਅਤੇ ਇਸ ਪਰਕਾਰ ਕਮੇਟੀ ਦੀ ਆਮਦਨੀ ਕਈ ਲੱਖ ਰੁਪਏ ਸਾਲਾਨਾ ਵਧ ਗਈ।

ਇਕ ਹੋਰ ਤਰਮੀਮ ਦੁਆਰਾ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਚ ਪਛੜੀਆਂ ਸ਼ਰੇਣੀਆਂ ਦੇ ਸਿੱਖਾਂ, ਰਮਦਾਸੀਆਂ ਅਤੇ ਮਜ਼੍ਹਬੀ ਸਿੱਖਾਂ ਆਦਿ ਲਈ ਵੀ 20 ਫ਼ੀ ਸਦੀ ਸੀਟਾਂ ਰਾਖਵੀਆਂ ਕਰ ਦਿੱਤੀਆਂ ਗਈਆਂ। ਇਹ ਵੀ ਪਾਸ ਕੀਤਾ ਗਿਆ ਕਿ ਦਫ਼ਾ 87 ਦੇ ਲੋਕਲ ਗੁਰਦਵਾਰਿਆ ਵਿਚ ਭਾਵੇਂ ਮੈਂਬਰ ਚੁਣੇ ਜਾਣ ਜਾਂ ਨਾਮਜ਼ਦ ਕੀਤੇ ਜਾਣ, ਹਰ ਪੰਜ ਮੈਂਬਰਾਂ ਪਿੱਛੇ ਘੱਟ ਤੋਂ ਘੱਟ ਪਛੜੀ ਸ਼ਰੇਣੀ ਦਾ ਇਕ ਸਿੱਖ ਮੈਂਬਰ ਜ਼ਰੂਰ ਲਿਆ ਜਾਵੇਗਾ।

1940 ਤੋਂ 1944 ਤਕ ਪੰਜਾਬ ਦੀ ਰਾਜਨੀਤੀ ਵਿਚ ਗਿਆਨੀ ਕਰਤਾਰ ਸਿੰਘ ਦੇ ਵਿਸ਼ੇਸ਼ ਭਾਗ ਨੂੰ ਰਾਸ਼ਟਰੀ ਨੇਤਾ ਅਤੇ ਦੇਸ਼ ਭਗਤ ਸ਼ਾਇਦ ਸ਼ੱਕ ਦੀ ਨਿਗਾਹ ਨਾਲ ਦੇਖਦੇ ਹੋਣ, ਪਰ ਉਹ ਇਹ ਅਨੁਭਵ ਨਹੀਂ ਕਰ ਸਕਦੇ ਸਨ ਕਿ

Digitized by Panjab Digital Library | www.panjabdigilib.org

ਮਾਰਚ 1940 ਵਿਚ ਭਾਰਤੀ ਰਾਜਨੀਤੀ ਵਿਚ ਇਕ ਬਹੁਤ ਵੱਡਾ ਪ੍ਰੀਵਰਤਨ ਆ ਚੁੱਕਿਆ ਸੀ। ਜਦੋਂ ਉਸ ਮਹੀਨੇ ਦੀ 24 ਤਾਰੀਖ ਨੂੰ ਮੁਸਲਮ ਲੀਗ ਨੇ ਲਾਹੌਰ ਵਿਖੇ ਆਪਣੇ ਵਾਰਸ਼ਕ ਸਮਾਗਮ ਵਿਚ ਪਾਕਿਸਤਾਨ ਸੰਬੰਧੀ ਪ੍ਰਸਤਾਵ ਪਾਸ ਕੀਤਾ। ਉਸ ਸਮੇਂ ਗਿਆਨੀ ਕਰਤਾਰ ਸਿੰਘ ਅਤੇ ਹੋਰ ਨੇਤਾਵਾਂ ਨੇ ਇਹ ਜ਼ੋਰਦਾਰ ਐਲਾਨ ਕੀਤਾ ਕਿ ਪੰਜਾਬ ਵਿਚ ਸਿੱਖ ਕਿਸੇ ਹੋਰ ਕੌਮ ਦਾ ਸੰਪਰਦਾਇਕ ਰਾਜ ਇਕ ਦਿਨ ਲਈ ਵੀ ਸਹਿਣ ਨਹੀਂ ਕਰਨਗੇ। ਪੰਜਾਬ ਕੇਵਲ ਉਨ੍ਹਾਂ ਦਾ ਇਕੋ ਇਕ ਹੋਮਲੈਂਡ ਹੀ ਨਹੀਂ ਉਨ੍ਹਾਂ ਦਾ ਪਵਿੱਤਰ ਦੇਸ਼ ਵੀ ਹੈ।

## ਕ੍ਰਿਪਸ ਮਿਸ਼ਨ ਅਤੇ ਅਕਾਲੀ ਸਿੱਖ ਰਾਜਨੀਤੀ

ਇਸ ਸਾਰੇ ਪਿਛੋਕੜ ਵਿਚ ਸਰ ਸਟੈਫਰਡ ਕ੍ਰਿਪਸ ਦੀ ਅਗਵਾਈ ਵਿਚ ਇਕ ਮਿਸ਼ਨ 23 ਮਾਰਚ 1942 ਨੂੰ ਭਾਰਤ ਆਇਆ। ਸਿੱਖ ਨੇਤਾ ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਕੌਮ ਵੱਲ ਆਪਣੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਚੇਤੰਨ ਸਨ। ਭਾਵੇਂ ਸਿੱਖ ਭਾਰਤ ਦਾ ਇਕ ਪ੍ਰਮੁੱਖ ਭਾਈਚਾਰਾ ਸਨ, ਪਰ ਬ੍ਰਿਟਿਸ਼ ਸਰਕਾਰ ਦਾ ਇਨ੍ਹਾਂ ਦੀਆਂ ਕਠਨਾਈਆਂ ਵੱਲ ਕੋਈ ਧਿਆਨ ਨਹੀਂ ਸੀ। ਸਰਕਾਰ ਦਾ ਝੁਕਾਅ ਮੁਸਲਮ ਲੀਗ ਦੀ ਪਾਕਿਸਤਾਨ ਦੀ ਮੰਗ ਮੰਨਣ ਵਲ ਸਾਫ਼ ਦਿਸ ਰਿਹਾ ਸੀ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਸਿੱਖ ਸੰਪਰਦਾਇ ਦਾ ਪੱਖ ਪੇਸ਼ ਕਰਨ ਲਈ ਸਰ ਜੋਗਿੰਦਰਾ ਸਿੰਘ, ਸਰਦਾਰ ਉੱਜਲ ਸਿੰਘ, ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਦੀ ਇਕ ਕਮੇਟੀ ਬਣਾ ਦਿੱਤੀ ਗਈ। ਸਿੱਖ ਪ੍ਰਤੀਨਿਧਾਂ ਨੂੰ ਠੋਸ ਸੁਝਾਅ ਦੇਣ ਲਈ 26 ਮਾਰਚ 1942 ਨੂੰ ਦਿੱਲੀ ਵਿਖੇ ਇਕ ਸਰਬ ਪਾਰਟੀ ਕਾਨਫ਼ਰੰਸ ਬੁਲਾਈ ਗਈ। ਸ਼੍ਰੋਮਣੀ ਅਕਾਲੀ ਦਲ ਨੇ ਇਕ ਯਾਦ ਪੱਤਰ ਰਾਹੀਂ ਕ੍ਰਿਪਸ ਮਿਸ਼ਨ ਦੇ ਸੁਝਾਵਾਂ ਨੂੰ ਮੰਨਣ ਤੋਂ ਪੂਰਨ ਰੂਪ ਵਿਚ ਇਨਕਾਰ ਕਰ ਦਿੱਤਾ। 8 ਅਪ੍ਰੈਲ 1942 ਨੂੰ ਅੰਮ੍ਰਿਤਸਰ ਵਿਖੇ ਫਿਰ ਇਕ ਸਰਬ ਪਾਰਟੀ ਸਿੱਖ ਸੰਮੇਲਨ ਬੁਲਾਇਆ ਗਿਆ। ਗਿਆਨੀ ਕਰਤਾਰ ਸਿੰਘ ਅਤੇ ਹੋਰ ਪ੍ਰਮੁੱਖ ਅਕਾਲੀ ਨੇਤਾ ਇਸ ਵਿਚ ਸ਼ਾਮਲ ਹੋਏ। ਇਸ ਮੀਟਿੰਗ ਵਿਚ ਕ੍ਰਿਪਸ ਮਿਸ਼ਨ ਦੇ ਇਸ ਸੁਝਾਅ ਦੀ ਕਰੜੀ ਨਿੰਦਿਆ ਕੀਤੀ ਗਈ ਕਿ ਕਿਸੇ ਵੀ ਪ੍ਰਾਂਤ ਨੂੰ ਕਿਸੇ ਸਮੇਂ ਵੀ ਸਮੁੱਚੀ ਭਾਰਤੀ ਯੂਨੀਅਨ ਵਿਚੋਂ ਅਲੱਗ ਹੋਣ ਦਾ ਅਧਿਕਾਰ ਹੋਵੇਗਾ। ਕਾਨਫ਼ਰੰਸ ਨੇ ਖ਼ਾਸ ਤੌਰ ਤੇ

Digitized by Panjab Digital Library | www.panjabdigilib.org

ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਿੱਖ ਪਾਕਿਸਤਾਨ ਦੇ ਸੁਝਾਅ ਦਾ ਕਰੜਾ ਵਿਰੋਧ ਕਰਨਗੇ। ਇਹ ਡਰ ਅਤੇ ਚੇਤਾਵਨੀ ਹੀ ਪਿੱਛੋਂ ਆਜ਼ਾਦ ਪੰਜਾਬ ਅੰਦੋਲਨ ਅਤੇ ਪੰਜਾਂ ਦਰਿਆਵਾਂ ਦੇ ਦੇਸ਼ ਪੰਜਾਬ ਦੀ ਵੰਡ ਦਾ ਕਾਰਨ ਬਣੇ। ਭਾਵੇਂ ਕ੍ਰਿਪਸ ਮਿਸ਼ਨ ਦੇ ਸੁਝਾਅ 11 ਅਪ੍ਰੈਲ 1942 ਨੂੰ ਵਾਪਸ ਲੈ ਲਏ ਗਏ ਸਨ, ਪਰ ਫਿਰ ਵੀ ਭਵਿੱਖ ਵਿਚ ਸਿੱਖ ਹਿਤਾਂ ਦੀ ਰਾਖੀ ਬਾਰੇ ਸੋਚ ਵਿਚਾਰ ਕਰਨ ਲਈ ਗਿਆਨੀ ਕਰਤਾਰ ਸਿੰਘ ਨੇ 26 ਸਤੰਬਰ 1942 ਨੂੰ ਲਾਇਲਪੁਰ ਵਿਖੇ ਇਕ ਮਹਾਨ ਅਕਾਲੀ ਕਾਨਫ਼ਰੰਸ ਦਾ ਪ੍ਰਬੰਧ ਕੀਤਾ। ਗਿਆਨੀ ਕਰਤਾਰ ਸਿੰਘ ਜਿਹੇ ਸਿੱਖ ਨੀਤੀਵਾਨਾਂ ਨੂੰ ਇਹ ਪੂਰੀ ਤਰ੍ਹਾਂ ਅਨੁਭਵ ਹੋ ਗਿਆ ਸੀ ਕਿ ਸਿੱਖਾਂ ਦੀ ਰਾਜਨੀਤਕ ਸਥਿਤੀ ਬਹੁਤ ਚਿੰਤਾਜਨਕ ਹੈ ਅਤੇ ਸਿੱਖ ਹਿਤਾਂ ਦੀ ਰਾਖੀ ਲਈ ਕਿਸੇ ਨਵੀਂ ਵਿਚਾਰਧਾਰਾ ਦੀ ਅਵੱਸ਼ਕਤਾ ਹੈ।

1940 ਤੋਂ 1944 ਦੇ ਸਿੱਖਾਂ ਦੇ ਰਾਜਨੀਤਕ ਸੰਘਰਸ਼ ਅਤੇ ਬੇਚੈਨੀ ਦੀ ਰੋਸ਼ਨੀ ਵਿਚ ਗਿਆਨੀ ਕਰਤਾਰ ਸਿੰਘ ਦਾ ਮੁੱਖ ਨਿਸ਼ਾਨਾ ਮੁਸਲਮ ਲੀਗ ਦੀ ਰਾਜਸੀ ਸ਼ਕਤੀ ਅਤੇ ਪਾਕਿਸਤਾਨ ਦੇ ਸੁਝਾਅ ਦਾ ਵਿਰੋਧ ਕਰਨਾ ਸੀ ਕਿਉਂਕਿ ਮੁਸਲਮ ਲੀਗ ਸਿੱਖਾਂ ਦੇ ਹਿਤਾਂ ਦੀ ਪਰਵਾਹ ਨਾ ਕਰਦੇ ਹੋਏ ਸਮੁੱਚੇ ਪੰਜਾਬ ਨੂੰ ਪਾਕਿਸਤਾਨ ਦਾ ਭਾਗ ਬਣਾਉਣ ਤੇ ਤੁਲੀ ਹੋਈ ਸੀ। ਗਿਆਨੀ ਕਰਤਾਰ ਸਿੰਘ ਇਕ ਸੂਝਵਾਨ ਅਤੇ ਚਤਰ ਨੀਤੀਵਾਨ ਸੀ ਅਤੇ ਉਸ ਦਾ ਮੁੱਖ ਉਦੇਸ਼ ਸਿੱਖ ਪੰਥ ਦੇ ਹਿਤਾਂ ਦੀ ਰਾਖੀ ਕਰਨਾ ਸੀ। ਨਿਰਸੰਦੇਹ ਉਹ ਅਕਾਲੀ ਦਲ ਦੇ ਨਿਰਸੁਆਰਥ ਨੇਤਾਵਾਂ ਵਿਚੋਂ ਇਕ ਸੀ।

□

Digitized by Panjab Digital Library | www.panjabdigilib.org

# 4

# ਸਿੱਖ ਰਾਜਨੀਤੀ ਦਾ ਪੱਥ ਪ੍ਰਦਰਸ਼ਕ

ਸਭ ਤੋਂ ਪਹਿਲਾਂ 1943 ਵਿਚ ਗਿਆਨੀ ਕਰਤਾਰ ਸਿੰਘ ਨੇ ਸਿਖ ਸਮੱਸਿਆ ਦੇ ਹੱਲ ਲਈ ਆਜ਼ਾਦ ਪੰਜਾਬ ਦੀ ਸਥਾਪਨਾ ਦਾ ਸੁਝਾਅ ਦਿੱਤਾ। ਉਸ ਦੀ ਇਹ ਵਿਚਾਰਧਾਰਾ ਅਤੇ ਸੋਚਣੀ ਕੁਦਰਤੀ ਸੀ। ਪਰ ਇਸ ਤੋਂ ਬਹੁਤ ਦੇਰ ਪਹਿਲਾਂ 1932 ਵਿਚ ਲੰਦਨ ਵਿਖੇ ਦੂਜੀ ਗੋਲ ਮੇਜ਼ ਕਾਨਫਰੰਸ ਦੇ ਅਵਸਰ ਤੇ ਸਿੱਖ ਪ੍ਰਤੀਨਿਧ ਸਰਦਾਰ ਬਹਾਦਰ ਉੱਜਲ ਸਿੰਘ ਨੇ ਇਸ ਤਰ੍ਹਾਂ ਦਾ ਸੁਝਾਅ ਦਿੱਤਾ ਸੀ। ਉਸ ਨੇ ਪੰਜਾਬ ਦੀ ਦੋਬਾਰਾ ਹੱਦਬੰਦੀ ਕਰਨ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਜ਼ਿਲਾ ਲਾਇਲਪੁਰ ਅਤੇ ਜ਼ਿਲਾ ਮਿੰਟਗੁਮਰੀ ਨੂੰ ਛੱਡ ਕੇ ਰਾਵਲਪਿੰਡੀ ਅਤੇ ਮੁਲਤਾਨ ਦੇ ਡਵੀਜ਼ਨ ਪੰਜਾਬ ਤੋਂ ਵੱਖ ਕਰਕੇ ਉੱਤਰ ਪੱਛਮੀ ਪ੍ਰਾਂਤ ਨਾਲ ਮਿਲਾ ਦਿੱਤੇ ਜਾਣ। ਇਸ ਨਾਲ ਪੰਜਾਬ ਵਿਚ 43.3 ਫੀਸਦੀ ਮੁਸਲਮਾਨ, 42.3 ਫੀ ਸਦੀ ਹਿੰਦੂ ਅਤੇ 15.4 ਫੀ ਸਦੀ ਸਿੱਖ ਰਹਿ ਜਾਣਗੇ। ਸਿੱਖਾਂ ਵਿਚ ਕ੍ਰਿਪਸ ਮਿਸ਼ਨ ਦੇ ਵਿਰੁੱਧ ਤਕੜਾ ਪ੍ਰਤੀਕਰਮ ਉੱਠ ਖੜਾ ਹੋਇਆ ਸੀ, ਕਿਉਂਕਿ ਇਸ ਮਿਸ਼ਨ ਦੇ ਸੁਝਾਅ ਆਉਣ ਵਾਲੇ ਸਮੇਂ ਵਿਚ ਪਾਕਿਸਤਾਨ ਨੂੰ ਹੋਂਦ ਵਿਚ ਲਿਆਉਣ ਲਈ ਅਸਿੱਧੇ ਯਤਨ ਸਨ। 4 ਮਈ 1942 ਨੂੰ ਮਾਸਟਰ ਤਾਰਾ ਸਿੰਘ ਨੇ ਸਰ ਸਟੈਫਰਡ ਕ੍ਰਿਪਸ ਨੂੰ ਆਪਣੇ ਪੱਤਰ ਵਿਚ ਪੰਜਾਬ ਦੀ ਵੰਡ ਦਾ ਸੁਝਾਅ



Digitized by Panjab Digital Library | www.panjabdigilib.org

ਦਿੱਤਾ, ਨਾਲ ਹੀ ਸਪਸ਼ਟ ਕੀਤਾ ਕਿ ਹਿੰਦੂ ਅਤੇ ਸਿੱਖ ਕਿਸੇ ਹਾਲਤ ਵਿਚ ਵੀ ਭਾਰਤ ਤੋਂ ਅਲੱਗ ਨਹੀਂ ਹੋ ਸਕਦੇ ਅਤੇ ਉਹ ਭਾਰਤ ਦੀ ਵੰਡ ਨੂੰ ਰੋਕਣ ਲਈ ਸਿਰ ਧੜ ਦੀ ਬਾਜ਼ੀ ਲਾ ਦੇਣਗੇ। ਅਕਾਲੀ ਦਲ ਵਲੋਂ ਆਜ਼ਾਦ ਸਿੱਖ ਰਾਜ ਦੀ ਮੰਗ ਪਾਕਿਸਤਾਨ ਦੀ ਮੰਗ ਦਾ ਇਕੋ ਇਕ ਜਵਾਬ ਸੀ। ਇਸ ਨੁੱਤਰ ਆਜ਼ਾਦ ਪੰਜਾਬ ਵਿਚ ਕੇਂਦਰੀ ਪੰਜਾਬ ਦੇ ਲਾਹੌਰ, ਜਲੰਧਰ, ਅੰਬਾਲਾ ਅਤੇ ਮੁਲਤਾਨ ਡਵੀਜ਼ਨ ਸ਼ਾਮਲ ਕੀਤੇ ਜਾਣੇ ਸਨ ਅਤੇ ਇਸ ਵਿਚ ਸਿੱਖ ਰਿਆਸਤਾਂ, ਮਲੇਰਕੋਟਲਾ ਅਤੇ ਉੱਤਰ ਪੂਰਬ ਦੇ ਕੁਝ ਪਹਾੜੀ ਇਲਾਕੇ ਵੀ ਸ਼ਾਮਲ ਕੀਤੇ ਜਾਣੇ ਸਨ।

## ਆਜ਼ਾਦ ਪੰਜਾਬ ਯੋਜਨਾ

ਗਿਆਨੀ ਕਰਤਾਰ ਸਿੰਘ ਇਸ ਸਮੇਂ ਤਕ ਸਿੱਖ ਰਾਜਨੀਤੀ ਵਿਚ ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਚੁਕਿਆ ਸੀ। ਉਹ ਅਕਾਲੀ ਪਾਰਟੀ ਦਾ ਵਿਚਾਰ ਭੰਡਾਰ ਅਤੇ ਪਥ ਪ੍ਰਦਰਸ਼ਕ ਸੀ। ਸਿੱਖ ਰਾਜ ਅਤੇ ਆਜ਼ਾਦ ਪੰਜਾਬ ਦੇ ਹੱਕ ਵਿਚ ਬੋਲਦੇ ਹੋਏ ਉਸ ਨੇ ਐਲਾਨ ਕੀਤਾ ਕਿ "ਜੇ ਬ੍ਰਿਟਿਸ਼ ਸਰਕਾਰ ਨੇ ਸਗੀਨਾਂ ਨਾਲ ਸਿੱਖਾਂ ਤੇ ਪਾਕਿਸਤਾਨ ਠੋਸਿਆ, ਤਾਂ ਅਸੀਂ ਇਸ ਨੂੰ ਉਸੇ ਤਰ੍ਹਾਂ ਹੀ ਟੁਕੜੇ ਟੁਕੜੇ ਕਰ ਦਿਆਂਗੇ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਨੇ ਮੁਗ਼ਲ ਰਾਜ ਨੂੰ ਜੜ੍ਹਾਂ ਤੋਂ ਉਖੇੜ ਦਿੱਤਾ ਸੀ।" ਉਸ ਨੇ ਕਰੋਧ ਵਿਚ ਆ ਕੇ ਫਿਰ ਕਿਹਾ, "ਸਾਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਹੁਣ ਮਹਾਤਮਾ ਗਾਂਧੀ ਜਾਂ ਕਾਂਗਰਸ ਨੇਤਾਵਾਂ ਵੱਲ ਦੇਖਣ ਦੀ ਲੋੜ ਨਹੀਂ। ਸਾਨੂੰ ਆਪਣੇ ਆਪ ਵਿਚ ਆਤਮ-ਵਿਸ਼ਵਾਸ ਅਤੇ ਬਾਹੂ-ਬਲ ਪੈਦਾ ਕਰਨਾ ਚਾਹੀਦਾ ਹੈ।" ਜਦੋਂ ਰਾਜਾ ਜੀ ਫਾਰਮੂਲਾ ਸਿੱਖ ਨੇਤਾਵਾਂ ਦੇ ਸਾਹਮਣੇ ਆਇਆ, ਜਿਸ ਅਨੁਸਾਰ ਮੁਸਲਮ ਬਹੁ-ਸੰਮਤੀ ਦੇ ਇਲਾਕਿਆਂ ਅਤੇ ਰਾਜਾਂ ਨੂੰ ਆਤਮ ਨਿਰਣੇ ਦਾ ਹੱਕ ਦੇਣ ਅਤੇ ਉਨ੍ਹਾਂ ਨੂੰ ਕੇਂਦਰ ਤੋਂ ਅਲੱਗ ਹੋਣ ਦਾ ਅਧਿਕਾਰ ਦਿੱਤਾ ਜਾਣਾ ਸੀ, ਤਾਂ ਉਨ੍ਹਾਂ ਵਿਚ ਹਲਚਲ ਮਚ ਗਈ ਅਤੇ ਸ਼ਰੋਮਣੀ ਅਕਾਲੀ ਦਲ ਨੇ ਆਜ਼ਾਦ ਪੰਜਾਬ ਦਾ ਸੁਝਾਅ ਪੇਸ਼ ਕਰ ਦਿੱਤਾ ਅਤੇ ਇਸ ਅੰਦੋਲਨ ਨੂੰ ਆਪਣੀ ਪਾਰਟੀ ਨੀਤੀ ਦਾ ਪ੍ਰਮੁੱਖ ਅੰਗ ਬਣਾ ਲਿਆ। ਗਿਆਨੀ ਕਰਤਾਰ ਸਿੰਘ ਨੇ ਆਜ਼ਾਦ ਪੰਜਾਬ ਯੋਜਨਾ ਸੰਬੰਧੀ ਆਮ ਲੋਕਾਂ ਅਤੇ ਪ੍ਰੈਸ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਕਿਹਾ,

Digitized by Panjab Digital Library | www.panjabdigilib.org

"ਆਜ਼ਾਦ ਪੰਜਾਬ ਯੋਜਨਾ ਪਾਕਿਸਤਾਨ ਦਾ ਮੂੰਹ-ਤੋੜ ਜਵਾਬ ਹੈ।" ਉਸ ਨੇ ਸਪੱਸ਼ਟ ਕੀਤਾ ਕਿ ਆਜ਼ਾਦ ਪੰਜਾਬ ਰਾਜ ਇਕ ਸੁਤੰਤਰ ਰਾਜ ਨਹੀਂ ਹੋਵੇਗਾ ਬਲਕਿ ਇਹ ਭਾਰਤੀ ਸੰਘ ਦੇ ਅੰਦਰ ਹੀ ਰਹੇਗਾ। ਆਜ਼ਾਦ ਪੰਜਾਬ ਦੇ ਕਿਸੇ ਵੀ ਭਾਗ ਵਿਚ ਸਿੱਖਾਂ ਦਾ ਬਹੁ ਪ੍ਰਭਾਵ ਨਹੀਂ ਹੋਵੇਗਾ ਅਤੇ ਨਾ ਹੀ ਸਿੱਖ ਕਿਸੇ ਇਕ ਕੌਮ ਦੇ ਪ੍ਰਭਾਵ ਨੂੰ ਬਰਦਾਸ਼ਤ ਕਰਨਗੇ।

ਆਜ਼ਾਦ ਪੰਜਾਬ ਦੇ ਸੁਝਾਅ ਦਾ ਮੁਸਲਮ ਲੀਗ ਵਲੋਂ ਕਰੜਾ ਵਿਰੋਧ ਕੀਤਾ ਗਿਆ ਪਰ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਜਿਹੇ ਸਿੱਖ ਨੇਤਾਵਾਂ ਨੂੰ ਉਦੋਂ ਬੜਾ ਦੁੱਖ ਹੋਇਆ ਜਦੋਂ ਕਿ ਪੰਜਾਬ ਦੇ ਕੁਝ ਹਿੰਦੂ ਨੇਤਾਵਾਂ ਨੇ ਵੀ ਇਸ ਯੋਜਨਾ ਦਾ ਵਿਰੋਧ ਕਰਨਾ ਆਰੰਭ ਕਰ ਦਿੱਤਾ। 5 ਜੁਲਾਈ 1943 ਨੂੰ ਸੈਂਟਰਲ ਸਿੱਖ ਲੀਗ ਨੇ ਸਿੱਖਾਂ ਦੇ ਪ੍ਰਮੁੱਖ ਰਾਜਨੀਤਕ ਦਲਾਂ ਦੀ ਇਕ ਕਨਵੈਨਸ਼ਨ ਬੁਲਾਈ ਅਤੇ ਅਗਲਾ ਪ੍ਰੋਗਰਾਮ ਬਣਾਉਣ ਲਈ ਇਕ ਐਕਸ਼ਨ ਕਮੇਟੀ ਨਿਯੁਕਤ ਕੀਤੀ ਗਈ, ਜਿਸ ਦੇ ਪ੍ਰਮੁੱਖ ਮੈਂਬਰ ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਹਰਨਾਮ ਸਿੰਘ ਐਡਵੋਕੇਟ ਅਤੇ ਗਿਆਨੀ ਸ਼ੇਰ ਸਿੰਘ ਸਨ। ਇਸ ਤੋਂ ਬਾਅਦ ਗਿਆਨੀ ਕਰਤਾਰ ਸਿੰਘ ਨੇ 13 ਮਈ, 1944 ਨੂੰ ਅੰਮ੍ਰਿਤਸਰ ਵਿਖੇ ਇਕ ਵਿਸ਼ੇਸ਼ ਅਕਾਲੀ ਕਾਨਫ਼ਰੰਸ ਸੱਦੀ। ਆਜ਼ਾਦ ਪੰਜਾਬ ਯੋਜਨਾ ਦੀ ਪ੍ਰੋੜ੍ਹਤਾ ਕਰਦੇ ਹੋਏ ਕਾਨਫ਼ਰੰਸ ਵਿਚ ਆਪਣੇ ਭਾਸ਼ਨ ਵਿਚ ਗਿਆਨੀ ਕਰਤਾਰ ਸਿੰਘ ਨੇ ਕਿਹਾ, "ਪੰਜਾਬ ਸਾਡਾ ਹੋਮਲੈਂਡ ਅਤੇ ਜੱਦੀ ਘਰ ਹੈ ਅਤੇ ਆਪਣੀ ਪਵਿੱਤਰ ਭੂਮੀ ਵਿਚ ਅਸੀਂ ਮੁਸਲਮਾਨਾਂ ਦਾ ਉਪਰਲਾ ਹੱਥ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ।" 1944 ਦੇ ਅੰਧ ਤੋਂ ਪਿਛੋਂ ਆਜ਼ਾਦ ਪੰਜਾਬ ਦੀ ਮੰਗ ਬਹੁਤ ਜ਼ੋਰ ਫੜ ਗਈ। 12 ਸਤੰਬਰ, 1944 ਨੂੰ ਲਾਇਲਪੁਰ ਵਿਖੇ ਅਕਾਲੀ ਕਾਨਫ਼ਰੰਸ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਤੋਂ ਬ੍ਰਿਟਿਸ਼ ਸਰਕਾਰ ਨੂੰ ਰੋਕਣ ਅਤੇ ਆਜ਼ਾਦ ਪੰਜਾਬ ਦੀ ਮਗ ਤੇ ਜ਼ੋਰ ਦੇਣ ਲਈ ਸਿੱਖਾਂ ਦਾ ਇਕ ਪ੍ਰਤੀਨਿਧ ਮੰਡਲ ਇੰਗਲੈਂਡ ਨੂੰ ਭੇਜਿਆ ਜਾਵੇ। ਇਸ ਅੰਦੋਲਨ ਦੇ ਪਿਛੇ ਸਭ ਤੋਂ ਵੱਡੀ ਸ਼ਕਤੀ ਗਿਆਨੀ ਕਰਤਾਰ ਸਿੰਘ ਸੀ। ਉਸ ਨੇ ਮਹਾਤਮਾ ਗਾਂਧੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਪਾਕਿਸਤਾਨ ਦੇ ਪ੍ਰਸ਼ਨ ਤੇ ਮੁਸਲਮ ਲੀਗ ਨੂੰ ਖ਼ੁਸ਼ ਕਰਨ ਦੀ ਨੀਤੀ ਦੀ ਕਰੜੀ ਆਲੋਚਨਾ ਕੀਤੀ ਅਤੇ ਐਲਾਨ ਕੀਤਾ,

Digitized by Panjab Digital Library | www.panjabdigilib.org

"ਆਪਣੇ ਅਧਿਕਾਰਾਂ ਦੀ ਰਾਖੀ ਲਈ ਸਿੱਖ ਅੰਗਰੇਜ਼ਾਂ ਦਾ ਪੱਖ ਪੂਰਨ ਤੋਂ ਵੀ ਨਹੀਂ ਝਿਜਕਣਗੇ। ਸਿੱਖ ਭਾਰਤ ਦੀ ਤਲਵਾਰ ਹਨ ਅਤੇ ਪੰਜਾਬ ਉਨ੍ਹਾਂ ਦਾ ਜੱਦੀ ਘਰ ਅਤੇ ਹੋਮਲੈਂਡ ਹੈ। ਸਾਨੂੰ ਆਪਣੇ ਘਰ 'ਚੋਂ ਕੋਈ ਨਹੀਂ ਕੱਢ ਸਕਦਾ।"

ਆਪਣੇ ਪੱਖ ਨੂੰ ਹੋਰ ਮਜ਼ਬੂਤ ਕਰਨ ਲਈ ਅਤੇ ਆਜ਼ਾਦ ਪੰਜਾਬ ਦੀ ਮੰਗ ਦੇ ਹੱਕ ਵਿਚ ਸਰਬ ਭਾਰਤੀ ਕਮਿਊਨਿਸਟ ਪਾਰਟੀ ਦਾ ਸਮਰਥਨ ਪ੍ਰਾਪਤ ਕਰਨ ਲਈ ਗਿਆਨੀ ਕਰਤਾਰ ਸਿੰਘ, ਪੰਜਾਬ ਦੇ ਪ੍ਰਮੁੱਖ ਕਮਿਊਨਿਸਟ ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਨਾਲ ਲੈ ਕੇ ਪਾਰਟੀ ਦੇ ਪੋਲਿਟ ਬਿਊਰੋ ਦੇ ਮੈਂਬਰ ਡਾਕਟਰ ਜੀ. ਕੇ. ਅਧਿਕਾਰੀ ਨੂੰ ਮਿਲਿਆ। ਡਾਕਟਰ ਅਧਿਕਾਰੀ, ਡਾਕਟਰ ਅਸ਼ਰਫ਼ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਪੀ. ਸੀ. ਜੋਸ਼ੀ ਨੇ ਆਜ਼ਾਦ ਪੰਜਾਬ ਦੀ ਮੰਗ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਅਤੇ ਪੰਜਾਬ ਦਾ ਦੌਰਾ ਵੀ ਕੀਤਾ। ਪਰ ਪਿਛੋਂ ਜਦੋਂ ਪਾਕਿਸਤਾਨ ਦੀ ਮੰਗ ਬਹੁਤ ਜ਼ੋਰ ਫੜ ਗਈ, ਤਾਂ ਸਿੱਖ ਨੇਤਾਵਾਂ ਨੇ ਅਨੁਭਵ ਕੀਤਾ ਕਿ ਉਹਨਾਂ ਦਾ ਭਲਾ ਇਸ ਗੱਲ ਵਿਚ ਹੀ ਹੈ ਕਿ ਕਾਂਗਰਸ ਪਾਰਟੀ ਨਾਲ ਮਿਲ ਕੇ ਪਾਕਿਸਤਾਨ ਦੀ ਮੰਗ ਦਾ ਕਰੜਾ ਵਿਰੋਧ ਕੀਤਾ ਜਾਵੇ। ਉਹ ਸੁਤੰਤਰ ਭਾਰਤ ਵਿਚ ਪੰਜਾਬ ਵਿਚ ਸਿੱਖ ਹਿੱਤਾਂ ਦੀ ਰਾਖੀ ਦੇ ਵਿਸ਼ਵਾਸ ਨਾਲ ਹੀ ਸੰਤੁਸ਼ਟ ਹੋਣ ਲਈ ਤਿਆਰ ਸਨ।

1946 ਵਿਚ ਮਹਾਰਾਜਾ ਪਟਿਆਲਾ, ਮਲਿਕ ਹਰਦਿਤ ਸਿੰਘ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦਿੱਲੀ ਵਿਖੇ ਸਰ ਤੇਜਾ ਸਿੰਘ ਮਲਿਕ ਦੀ ਕੋਠੀ ਵਿਚ ਮੁਸਲਮ ਲੀਗ ਦੇ ਪ੍ਰਧਾਨ ਮਿਸਟਰ ਮੁਹੰਮਦ ਅਲੀ ਜਿਨਾਹ ਨੂੰ ਮਿਲੇ। ਜਿਨਾਹ ਨੇ ਉਨ੍ਹਾਂ ਨੂੰ ਸਪਸ਼ਟ ਕਿਹਾ ਕਿ ਜੇ ਸਿੱਖ ਪਾਕਿਸਤਾਨ ਦੀ ਮੰਗ ਨੂੰ ਸਵੀਕਾਰ ਕਰ ਲੈਣ ਤਾਂ ਉਹ ਸਿੱਖਾਂ ਨੂੰ ਅੰਦਰੂਨੀ ਖੁਦਮੁਖਤਿਆਰੀ ਦੇਣ ਲਈ ਤਿਆਰ ਹੈ। ਪਰ ਸਿੱਖ ਨੇਤਾਵਾਂ ਨੂੰ ਵਿਸ਼ਵਾਸ ਸੀ ਕਿ ਸਿੱਖਾਂ ਨੂੰ ਕਿਸੇ ਹਾਲਤ ਵਿਚ ਵੀ ਪਾਕਿਸਤਾਨ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਲਈ ਉਹਨਾਂ ਦਾ ਪ੍ਰਮੁੱਖ ਪ੍ਰੋਗਰਾਮ ਪਾਕਿਸਤਾਨ ਦਾ ਡਟ ਕੇ ਵਿਰੋਧ ਕਰਨਾ ਹੀ ਹੋਣਾ ਚਾਹੀਦਾ ਹੈ।

Digitized by Panjab Digital Library | www.panjabdigilib.org

## ਸਪਰੂ ਕਮੇਟੀ ਅਤੇ ਲਾਰਡ ਵੇਵਲ ਦਾ ਸੱਦਾ

ਗਿਆਨੀ ਕਰਤਾਰ ਸਿੰਘ ਦੇ ਸਪੱਸ਼ਟ ਐਲਾਨ ਅਤੇ ਸਿੱਖਾਂ ਦੀ ਆਜ਼ਾਦ ਪੰਜਾਬ ਦੀ ਮੰਗ ਦਾ ਰਾਜਨੀਤਕ ਹਲਕਿਆਂ ਵਿਚ ਬੜਾ ਪ੍ਰਭਾਵ ਪਿਆ। ਸਰ ਤੇਜ ਬਹਾਦਰ ਸਪਰੂ ਅਤੇ ਸ੍ਰੀ ਜੈਆਕਾਰ ਨੇ ਸੰਪਰਦਾਇਕ ਮਸਲੇ ਦਾ ਹਲ ਕਰਨ ਲਈ ਨਵੇਂ ਯਤਨ ਕਰਨੇ ਆਰੰਭ ਕਰ ਦਿੱਤੇ। ਸਿੱਖਾਂ ਦਾ ਇਕ ਪ੍ਰਤੀਨਿਧ ਮੰਡਲ ਜਿਸ ਵਿਚ ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਸੰਪੂਰਨ ਸਿੰਘ, ਸਰਦਾਰ ਈਸ਼ਰ ਸਿੰਘ ਮਝੈਲ ਅਤੇ ਜਥੇਦਾਰ ਊਧਮ ਸਿੰਘ ਨਾਗੋਕੇ ਸ਼ਾਮਲ ਸਨ। ਸਿੱਖਾਂ ਦਾ ਪਖ ਪੇਸ਼ ਕਰਨ ਲਈ ਸਪਰੂ ਕਮੇਟੀ ਨੂੰ ਮਿਲਿਆ।

1945 ਵਿਚ ਦੂਜੇ ਵਿਸ਼ਵ ਯੁੱਧ ਦਾ ਅੰਤ ਹੋਣ ਤੇ ਭਾਰਤ ਵਿਚ ਰਾਜਨੀਤਕ ਸਥਿਤੀ ਤੇਜ਼ੀ ਨਾਲ ਬਦਲਣ ਲੱਗੀ। 25 ਜੂਨ, 1945 ਨੂੰ ਲਾਰਡ ਵੇਵਲ ਨੇ ਮਾਸਟਰ ਤਾਰਾ ਸਿੰਘ ਸਮੇਤ 21 ਭਾਰਤੀ ਪ੍ਰਤੀਨਿਧਾਂ ਨੂੰ ਵਿਚਾਰ ਵਟਾਂਦਰੇ ਲਈ ਸੱਦਾ ਦਿੱਤਾ। ਇਸ ਇਕੱਤ੍ਰਤਾ ਵਿਚ ਗਿਆਨੀ ਕਰਤਾਰ ਸਿੰਘ ਅਤੇ ਜਥੇਦਾਰ ਊਧਮ ਸਿੰਘ ਨਾਗੋਕੇ ਮਾਸਟਰ ਤਾਰਾ ਸਿੰਘ ਨਾਲ ਗਏ। ਬ੍ਰਿਟਿਸ਼ ਸਰਕਾਰ ਨੇ ਭਾਰਤ ਵਿਚ ਭਾਰਤੀ ਰਾਜਨੀਤਕ ਪਾਰਟੀਆਂ ਦੀ ਸਹਿਮਤੀ ਨਾਲ ਇਕ ਆਰਜ਼ੀ ਸਰਕਾਰ ਸਥਾਪਤ ਕਰਨ ਦੇ ਬਾਰੇ ਵਿਚ ਵਿਚਾਰ ਵਟਾਂਦਰਾ ਕੀਤਾ। ਸਿੱਖ ਨੇਤਾਵਾਂ ਨੇ ਇਸ ਆਰਜ਼ੀ ਸਰਕਾਰ ਵਿਚ ਸ਼ਾਮਲ ਕਰਨ ਲਈ ਤਿੰਨ ਮੈਂਬਰਾਂ ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ ਅਤੇ ਸਰਦਾਰ ਪਰਤਾਪ ਸਿੰਘ ਕੈਰੋਂ ਦਾ ਇਕ ਪੈਨਲ ਪੇਸ਼ ਕੀਤਾ। 14 ਜੁਲਾਈ, 1945 ਨੂੰ ਲਾਰਡ ਵੇਵਲ ਨੇ ਮਾਯੂਸ ਹੋ ਕੇ ਆਪਣੇ ਯਤਨਾਂ ਦੇ ਅਸਫਲ ਹੋਣ ਦਾ ਐਲਾਨ ਕਰ ਦਿੱਤਾ। ਇਹਨਾਂ ਦਿਨਾਂ ਵਿਚ ਹੀ 25 ਜੁਲਾਈ, 1945 ਨੂੰ ਇੰਗਲੈਂਡ ਦੀ ਸੰਸਦ ਦੀਆਂ ਆਮ ਚੋਣਾਂ ਹੋਈਆਂ ਅਤੇ ਲੇਬਰ ਪਾਰਟੀ ਦੇ ਨੇਤਾ ਸ੍ਰੀ ਸੀ. ਆਰ. ਐਟਲੀ ਨੂੰ ਗ੍ਰੇਟ ਬਰਿਟੇਨ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਸੇ ਸਾਲ ਸਰਦੀਆਂ ਦੀ ਰੁੱਤ ਵਿਚ ਭਾਰਤ ਵਿਚ ਕੇਂਦਰ ਅਤੇ ਪ੍ਰਾਂਤਾਂ ਵਿਚ ਆਮ ਚੋਣਾਂ ਕਰਵਾਈਆਂ ਗਈਆਂ। ਅਕਾਲੀ ਦਲ ਨੇ ਪੰਥਕ ਪ੍ਰਤੀਨਿਧੀ ਬੋਰਡ ਰਾਹੀਂ ਆਪਣੇ ਉਮੀਦਵਾਰ ਚੁਣੇ। ਪੰਜਾਬ ਵਿਧਾਨ ਸਭਾ ਵਿਚ 32 ਖੁਲ੍ਹੀਆਂ ਅਤੇ ਇਕ ਲੈਂਡਲਾਰਡ ਸੀਟ ਸਿੱਖਾਂ ਲਈ ਰਾਖਵੀਆਂ ਰੱਖੀਆਂ ਗਈਆਂ ਸਨ ਅਤੇ ਸੈਂਟਰਲ ਅਸੰਬਲੀ ਵਿਚ

Digitized by Panjab Digital Library | www.panjabdigilib.org

ਦੋ ਸੀਟਾਂ ਸਿੱਖਾਂ ਲਈ ਛੱਡੀਆਂ ਗਈਆਂ ਸਨ। ਇਸ ਚੋਣ ਵਿਚ ਅਕਾਲੀ ਦਲ ਨੇ ਪੰਜਾਬ ਵਿਧਾਨ ਸਭਾ ਦੀਆਂ 23 ਅਤੇ ਸੈਂਟਰਲ ਅਸੰਬਲੀ ਦੀਆਂ ਦੋਵੇਂ ਸਿੱਖ ਸੀਟਾਂ ਜਿੱਤ ਕੇ ਇਕ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਇਸ ਦੇ ਉਮੀਦਵਾਰ ਸਰਦਾਰ ਸੰਪੂਰਨ ਸਿੰਘ ਲਾਇਲਪੁਰੀ ਅਤੇ ਸਰਦਾਰ ਮੰਗਲ ਸਿੰਘ ਗਿੱਲ ਸੈਂਟਰਲ ਅਸੰਬਲੀ ਲਈ ਚੁਣੇ ਗਏ। ਪੰਜਾਬ ਵਿਧਾਨ ਸਭਾ ਲਈ ਗਿਆਨੀ ਕਰਤਾਰ ਸਿੰਘ, ਸਰਦਾਰ ਬਲਦੇਵ ਸਿੰਘ, ਸਰਦਾਰ ਉੱਜਲ ਸਿੰਘ ਅਤੇ ਸਰਦਾਰ ਸਵਰਨ ਸਿੰਘ ਪੰਥਕ ਪਾਰਟੀ ਦੇ ਉੱਘੇ ਮੈਂਬਰ ਸਨ। ਅਸੰਬਲੀ ਵਿਚ ਸਰਦਾਰ ਬਲਦੇਵ ਸਿੰਘ ਨੂੰ ਨੇਤਾ, ਸਰਦਾਰ ਉੱਜਲ ਸਿੰਘ ਅਤੇ ਸਰਦਾਰ ਸਵਰਨ ਸਿੰਘ ਨੂੰ ਉਪ ਨੇਤਾ ਅਤੇ ਸਰਦਾਰ ਅਜੀਤ ਸਿੰਘ ਨੂੰ ਪੰਥਕ ਪਾਰਟੀ ਦਾ ਸਕੱਤਰ ਚੁਣਿਆ ਗਿਆ।

ਗਿਆਨੀ ਕਰਤਾਰ ਸਿੰਘ ਨੇ ਇਹ ਚੋਣ ਪੰਜਾਬ ਅਸੰਬਲੀ ਦੇ ਹਲਕਾ ਲਾਇਲਪੁਰ-ਟੋਭਾ ਟੇਕ ਸਿੰਘ ਤੋਂ ਲੜੀ। ਉਸ ਦੇ ਮੁਕਾਬਲੇ ਵਿਚ ਕਾਂਗਰਸ ਪਾਰਟੀ ਵਲੋਂ ਸਰਦਾਰ ਅਮਰ ਸਿੰਘ ਝਬਾਲ ਅਤੇ ਕਮਿਊਨਿਸਟ ਪਾਰਟੀ ਵਲੋਂ ਸਰਦਾਰ ਚੈਂਚਲ ਸਿੰਘ ਚਾਬਾ ਉਮੀਦਵਾਰ ਸਨ। ਸਖ਼ਤ ਮੁਕਾਬਲੇ ਪਿਛੋਂ ਗਿਆਨੀ ਕਰਤਾਰ ਸਿੰਘ 2400 ਵੋਟਾਂ ਦੀ ਬਹੁ-ਸੰਮਤੀ ਨਾਲ ਜਿੱਤ ਗਿਆ। ਇਸ ਸੀਟ ਤੇ ਕਾਂਗਰਸ ਅਤੇ ਅਕਾਲੀ ਪਾਰਟੀ ਦੀ ਸਖ਼ਤ ਟੱਕਰ ਹੋਈ, ਕਿਉਂਕਿ ਕਮਿਊਨਿਸਟ ਉਮੀਦਵਾਰ ਪਿਛੋਂ ਕਾਂਗਰਸ ਦੇ ਹੱਕ ਵਿਚ ਬੈਠ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਅਤੇ ਯੂਨੀਅਨਿਸਟ ਪਾਰਟੀ ਪਹਿਲਾਂ ਹੀ ਆਪਸ ਵਿਚ ਮਿਲੇ ਹੋਏ ਸਨ ਅਤੇ ਪਿਛੋਂ ਕਾਂਗਰਸ ਪਾਰਟੀ ਵੀ ਉਨ੍ਹਾਂ ਨਾਲ ਮਿਲ ਗਈ ਅਤੇ ਸਰ ਖ਼ਿਜ਼ਰ ਹਯਾਤ ਖ਼ਾਂ ਟਿਵਾਣਾ ਨੇ ਨਵੇਂ ਸਿਰੇ ਤੋਂ ਆਪਣਾ ਮੰਤਰੀ ਮੰਡਲ ਬਣਾ ਲਿਆ। ਸਰਦਾਰ ਬਲਦੇਵ ਸਿੰਘ ਨੂੰ ਫਿਰ ਪੰਜਾਬ ਦਾ ਵਿਕਾਸ ਮੰਤਰੀ ਨਿਯੁਕਤ ਕਰ ਦਿੱਤਾ ਗਿਆ। ਸਿੱਖ ਨੇਤਾਵਾਂ ਨੇ ਖ਼ਾਸ ਤੌਰ ਤੇ ਗਿਆਨੀ ਕਰਤਾਰ ਸਿੰਘ ਜਿਸ ਨੂੰ ਸਿੱਖ ਰਾਜਨੀਤੀ ਦਾ ਪੱਥ ਪ੍ਰਦਰਸ਼ਕ ਅਤੇ ਵਿਚਾਰ ਭੰਡਾਰ ਸਮਝਿਆ ਜਾਂਦਾ ਸੀ, ਨੇ ਸਿੱਖ ਮੰਗਾਂ ਸੰਬੰਧੀ ਮੁਸਲਮ ਲੀਗ ਦੇ ਵਿਚਾਰਾਂ ਅਤੇ ਸੰਵਿਧਾਨਿਕ ਨੀਤੀ ਦਾ ਪਤਾ ਕਰਨ ਦਾ ਯਤਨ ਕੀਤਾ, ਪਰ ਉਹਨਾਂ ਨੂੰ ਮੁਸਲਮ ਲੀਗ ਦਾ ਕੋਈ ਵੀ ਸੁਝਾਅ ਸੰਤੁਸ਼ਟ ਨਾ ਕਰ ਸਕਿਆ।

Digitized by Panjab Digital Library | www.panjabdigilib.org

# 5

# ਕਠਿਨ ਸਥਿਤੀ–ਭਾਰਤ ਅਤੇ ਪੰਜਾਬ ਦੀ ਵੰਡ

## ਕੇਬਨਿਟ ਮਿਸ਼ਨ ਅਤੇ ਅਕਾਲੀ ਦਲ

19 ਜਨਵਰੀ 1946 ਨੂੰ ਸਰ ਪੈਥਿਕ ਲਾਰੰਸ ਨੇ ਬ੍ਰਿਟਸ਼ ਪਾਰਲੀਮੈਂਟ ਵਿਚ ਐਲਾਨ ਕੀਤਾ ਕਿ ਕੈਬਨਿਟ ਮੰਤਰੀਆਂ ਦਾ ਇਕ ਸਪੈਸ਼ਲ ਮਿਸ਼ਨ ਭਾਰਤ ਦੇ ਰਾਜ-ਨੀਤਿਕ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਕਰਕੇ ਭਾਰਤ ਦੀ ਸੰਵਿਧਾਨਕ ਗੁੱਥੀ ਨੂੰ ਸੁਲਝਾਏਗਾ। ਕੈਬਨਿਟ ਮਿਸ਼ਨ ਨੇ 23 ਮਾਰਚ, 1946 ਨੂੰ ਭਾਰਤ ਵਿਚ ਪ੍ਰਵੇਸ਼ ਕੀਤਾ ਅਤੇ ਰਾਜਨੀਤਿਕ ਨੇਤਾਵਾਂ ਨਾਲ ਮੁਲਾਕਾਤਾਂ ਦਾ ਆਰੰਭ ਕਰ ਦਿੱਤਾ। ਸਿੱਖ ਪ੍ਰਤੀਨਿਧ ਮੰਡਲ ਜਿਸ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਬਲਦੇਵ ਸਿੰਘ ਅਤੇ ਸਰਦਾਰ ਹਰਨਾਮ ਸਿੰਘ ਐਡਵੋਕੇਟ ਸ਼ਾਮਲ ਸਨ, 5 ਅਪ੍ਰੈਲ 1946 ਨੂੰ ਕੈਬਨਿਟ ਮਿਸ਼ਨ ਨੂੰ ਮਿਲਿਆ। ਮਾਸਟਰ ਤਾਰਾ ਸਿੰਘ ਨੇ ਸਿੱਖ ਮੰਗਾਂ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਸਿੱਖ ਅਖੰਡ ਅਤੇ ਸੰਯੁਕਤ ਭਾਰਤ ਦੇ ਹੱਕ ਵਿਚ ਹਨ, ਪਰ ਜੇ ਪਾਕਿਸਤਾਨ ਦੀ ਮੰਗ ਮੰਨੀ ਜਾਣੀ ਹੈ, ਤਾਂ ਸਿੱਖਾਂ ਦਾ ਇਕ ਵਖਰਾ ਰਾਜ ਸਥਾਪਤ ਕਰ ਦਿੱਤਾ ਜਾਵੇ, ਜਿਸ ਨੂੰ ਭਾਰਤ ਜਾਂ ਪਾਕਿਸਤਾਨ ਵਿਚੋਂ ਕਿਸੇ ਨਾਲ ਵੀ ਸੰਘ ਬਣਾਉਣ ਦਾ ਅਧਿਕਾਰ ਹੋਵੇ। ਗਿਆਨੀ ਕਰਤਾਰ ਸਿੰਘ ਨੇ ਕਿਹਾ ਕਿ ਭਾਰਤ ਜਾਂ ਪਾਕਿਸਤਾਨ ਵਿਚ ਸਿੱਖ ਕਿਸੇ ਵਿਚ ਵੀ



Digitized by Panjab Digital Library | www.panjabdigilib.org

ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੇ, ਇਸ ਲਈ ਉਹਨਾਂ ਦਾ ਇਕ ਅਲੱਗ ਸੁਤੰਤਰ ਰਾਜ ਹੋਣਾ ਚਾਹੀਦਾ ਹੈ । ਜਿਥੇ ਉਹਨਾਂ ਉੱਤੇ ਕੋਈ ਇਕ ਕੌਮ ਆਪਣੀ ਬਹੁ-ਗਿਣਤੀ ਦਾ ਪ੍ਰਭਾਵ ਨਾ ਪਾ ਸਕੇ । ਜਦੋਂ ਸਰ ਸਟੈਫਰਡ ਕ੍ਰਿਪਸ ਨੇ ਗਿਆਨੀ ਕਰਤਾਰ ਸਿੰਘ ਨੂੰ ਪੁੱਛਿਆ ਕਿ ਸਿੱਖ ਰਾਜ ਵਿਚ ਕਿਹੜੇ ਕਿਹੜੇ ਇਲਾਕੇ ਸ਼ਾਮਲ ਹੋਣਗੇ, ਤਾਂ ਗਿਆਨੀ ਜੀ ਨੇ ਦਸਿਆ ਕਿ ਸਿੱਖ ਰਾਜ ਅਰਥਾਤ ਆਜ਼ਾਦ ਪੰਜਾਬ ਵਿਚ ਜਲੰਧਰ ਅਤੇ ਲਾਹੌਰ ਦੇ ਸਮੁੱਚੇ ਡਵੀਜ਼ਨ, ਅੰਬਾਲਾ ਡਵੀਜ਼ਨ ਦੇ ਹਿਸਾਰ, ਕਰਨਾਲ ਅੰਬਾਲਾ ਅਤੇ ਸ਼ਿਮਲਾ ਜ਼ਿਲ੍ਹੇ ਅਤੇ ਮਿੰਟਗੁਮਰੀ ਅਤੇ ਲਾਇਲਪੁਰ ਜ਼ਿਲ੍ਹੇ ਸ਼ਾਮਲ ਹੋਣਗੇ । ਕੈਬਨਿਟ ਮਿਸ਼ਨ ਤੇ ਸਿੱਖ ਨੇਤਾਵਾਂ ਦੇ ਸੁਝਾਵਾਂ ਦਾ ਕੋਈ ਖਾਸ ਪ੍ਰਭਾਵ ਨਾ ਪਿਆ ਅਤੇ ਮਿਸ਼ਨ ਨੇ 16 ਮਈ, 1946 ਨੂੰ ਆਪਣੇ ਫੈਸਲੇ ਦਾ ਐਲਾਨ ਕਰ ਦਿੱਤਾ । ਇਸ ਫੈਸਲੇ ਅਨੁਸਾਰ ਭਾਰਤ ਨੂੰ ਤਿੰਨ ਖੇਤਰਾਂ ਵਿਚ ਵੰਡਿਆ ਜਾਣਾ ਸੀ, ਜਿਨ੍ਹਾਂ ਵਿਚ ਦੋ ਖੇਤਰਾਂ ਵਿਚ ਮੁਸਲਮਾਨਾਂ ਦੀ ਬਹੁ-ਸੰਮਤੀ ਹੋਵੇਗੀ । ਗਵਰਨਰ ਜਨਰਲ ਦੀ ਅਗਵਾਈ ਵਿਚ ਦਿੱਲੀ ਵਿਖੇ ਭਾਰਤੀ ਪ੍ਰਤੀਨਿਧਾਂ ਨੂੰ ਸ਼ਾਮਲ ਕਰਕੇ ਇਕ ਆਰਜ਼ੀ ਸਰਕਾਰ ਬਣਾ ਲਈ ਜਾਵੇਗੀ ।

## ਸੰਘਰਸ਼ ਦੀ ਤਿਆਰੀ

ਕੈਬਨਿਟ ਮਿਸ਼ਨ ਪਲੈਨ ਵਿਚ ਸਿੱਖਾਂ ਨੂੰ ਮੁਸਲਮ ਬਹੁ ਸੰਮਤੀ ਦੇ ਅਤਿਆਚਾਰਾਂ ਤੋਂ ਬਚਾਉਣ ਲਈ ਕੋਈ ਵਿਸ਼ਵਾਸ ਜਾਂ ਰਾਖੀ ਦੀ ਗਾਰੰਟੀ ਨਾ ਦਿੱਤੀ ਗਈ । ਸਿੱਖ ਨੇਤਾਵਾਂ ਨੇ ਕੈਬਨਿਟ ਮਿਸ਼ਨ ਦਾ ਡੱਟ ਕੇ ਵਿਰੋਧ ਕੀਤਾ । ਗਿਆਨੀ ਕਰਤਾਰ ਸਿੰਘ ਦੇ ਸੁਝਾਅ ਤੇ ਮਾਸਟਰ ਤਾਰਾ ਸਿੰਘ ਨੇ ਭਾਰਤ ਦੇ ਸੈਕਟਰੀ ਆਫ ਸਟੇਟ ਨੂੰ ਇਕ ਵਿਰੋਧ ਪੱਤਰ ਵਿਚ ਲਿਖਿਆ, "ਸਿੱਖਾਂ ਦੀਆਂ ਭਾਵਨਾਵਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਗਈ, ਉਹਨਾਂ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਕੀਤਾ ਗਿਆ ਹੈ, ਭਾਵੇਂ ਉਹਨਾਂ ਦੇ ਹਿੱਤਾਂ ਦੀ ਰਾਖੀ ਦੀ ਵੀ ਉਤਨੀ ਹੀ ਅਵਸ਼ਕਤਾ ਹੈ, ਜਿੰਨੀ ਕਿ ਹੋਰ ਜਾਤੀਆਂ ਦੇ ਹਿੱਤਾਂ ਦੀ ਰਾਖੀ ਦੀ ।" 9 ਅਤੇ 10 ਜੂਨ, 1946 ਨੂੰ ਅੰਮ੍ਰਿਤਸਰ ਵਿਖੇ ਇਕ ਸਰਵ ਪਾਰਟੀ ਮੀਟਿੰਗ ਸੱਦੀ ਗਈ ਜਿਸ ਵਿਚ ਕਾਂਗਰਸੀ ਸਿੱਖ, ਅਕਾਲੀ, ਨਿਰਮਲੇ, ਨਾਮਧਾਰੀ ਅਤੇ ਨਿਹੰਗ ਸ਼ਾਮਲ ਹੋਏ । ਕੈਬਨਿਟ ਮਿਸ਼ਨ ਦੀ ਨਿਖੇਧੀ ਕਰਨ ਦਾ ਮਹੱਤਵਪੂਰਨ ਮਤਾ ਸਰਦਾਰ ਉੱਜਲ ਸਿੰਘ ਨੇ ਪੇਸ਼ ਕੀਤਾ ਅਤੇ ਗਿਆਨੀ ਕਰਤਾਰ ਸਿੰਘ ਨੇ ਇਸ ਦੀ ਪ੍ਰੋੜ੍ਹਤਾ ਕੀਤੀ । ਉਹਨਾਂ ਤੋਂ

Digitized by Panjab Digital Library | www.panjabdigilib.org

ਇਲਾਵਾ ਸਰਦਾਰ ਅਮਰ ਸਿੰਘ ਅੰਬਾਲਵੀ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪੱਖ ਪੇਸ਼ ਕੀਤਾ। ਇਸ ਕਾਨਫਰੰਸ ਵਿਚ ਬਾਵਾ ਹਰਕਿਸ਼ਨ ਸਿੰਘ, ਭਾਈ ਜੋਧ ਸਿੰਘ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਗੁਰਮੁੱਖ ਸਿੰਘ ਮੁਸਾਫਰ ਨੇ ਵੀ ਮਤੇ ਦੇ ਹੱਕ ਵਿਚ ਜ਼ੋਰਦਾਰ ਤਕਰੀਰਾਂ ਕੀਤੀਆਂ। ਉਹਨਾਂ ਨੇ ਵਿਸ਼ੇਸ਼ ਤੌਰ ਤੇ ਇਸ ਨੁਕਤੇ ਤੇ ਜ਼ੋਰ ਦਿੱਤਾ ਕਿ ਪੰਜਾਬ ਸਿੱਖਾਂ ਦਾ ਹੋਮਲੈਂਡ ਹੈ ਅਤੇ ਕੈਬਨਿਟ ਮਿਸ਼ਨ ਨੇ ਹਾਨੀਕਾਰਕ ਸੁਝਾਵਾਂ ਦੁਆਰਾ ਉਹਨਾਂ ਦੇ ਆਪਣੇ ਹੋਮਲੈਂਡ ਵਿਚ ਸਿੱਖਾਂ ਦੀ ਹੋਂਦ ਨੂੰ ਭਾਰੀ ਸੱਟ ਮਾਰੀ ਹੈ, ਅਤੇ ਉਹਨਾਂ ਦੀ ਰਾਜਨੀਤਿਕ ਹਸਤੀ ਦਾ ਅੰਤ ਕਰਨ ਦਾ ਯਤਨ ਕੀਤਾ ਹੈ। ਇਕ ਹੋਰ ਮਤੇ ਰਾਹੀਂ ਆਜ਼ਾਦ ਹਿੰਦ ਫ਼ੌਜ ਦੇ ਕਰਨਲ ਨਰੰਜਣ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਇਕ ਐਕਸ਼ਨ ਕਮੇਟੀ ਨਿਯੁਕਤ ਕੀਤੀ ਗਈ, ਜਿਸ ਦਾ ਮੁੱਖ ਕੰਮ ਕੈਬਨਿਟ ਮਿਸ਼ਨ ਦੇ ਸੁਝਾਵਾਂ ਨੂੰ ਅਮਲੀ ਸ਼ਕਲ ਦੇਣ ਤੋਂ ਰੋਕਣਾ ਸੀ। ਇਤਿਹਾਸ ਦੇ ਇਸ ਕਠਨ ਸਮੇਂ ਹਾਲਾਤ ਦਾ ਮੁਕਾਬਲਾ ਕਰਨ ਅਤੇ ਸਿੱਖ ਕੌਮ ਦੀ ਅਗਵਾਈ ਕਰਨ ਲਈ ਇਕ ਪ੍ਰਤੀਨਿਧੀ ਬੋਰਡ ਦੀ ਸਥਾਪਨਾ ਕੀਤੀ ਗਈ। ਗਿਆਨੀ ਕਰਤਾਰ ਸਿੰਘ ਇਸ ਬੋਰਡ ਦਾ ਸਿਰ ਕੱਢ ਮੈਂਬਰ ਸੀ। ਬੋਰਡ ਨੇ ਇਕ ਸਬ ਕਮੇਟੀ ਵੀ ਬਣਾਈ। ਗਿਆਨੀ ਕਰਤਾਰ ਸਿੰਘ, ਕਰਨਲ ਨਰੰਜਣ ਸਿੰਘ ਗਿੱਲ, ਸਰਦਾਰ ਬਲਦੇਵ ਸਿੰਘ, ਸਰਦਾਰ ਸਰਮੁੱਖ ਸਿੰਘ ਚਮਕ, ਪ੍ਰੋਫੈਸਰ ਮੋਤਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਮਹਾਰਾਜ ਪ੍ਰਤਾਪ ਸਿੰਘ ਅਤੇ ਸਰਦਾਰ ਸੰਪੂਰਨ ਸਿੰਘ ਉਸ ਦੇ ਮੈਂਬਰ ਸਨ। 2 ਸਤੰਬਰ 1946 ਨੂੰ ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਅਸਥਾਈ ਸਰਕਾਰ ਦੀ ਸਥਾਪਨਾ ਕੀਤੀ ਗਈ ਅਤੇ ਸਿੱਖਾਂ ਵਲੋਂ ਸਰਦਾਰ ਬਲਦੇਵ ਸਿੰਘ ਨੂੰ ਇਸ ਸਰਕਾਰ ਵਿਚ ਰਖਿਆ ਮੰਤਰੀ ਲਿਆ ਗਿਆ। ਪੰਜਾਬ ਵਿਚ ਉਸ ਦੀ ਥਾਂ ਤੇ ਸਰਦਾਰ ਸਵਰਨ ਸਿੰਘ ਨੂੰ ਵਿਕਾਸ ਮੰਤਰੀ ਨਿਯੁਕਤ ਕਰ ਦਿਤਾ ਗਿਆ।

## ਗਿਆਨੀ ਜੀ ਦੇ ਤਿਆਗ ਦੀ ਮਹਾਨ ਮਿਸਾਲ

ਜਦੋਂ ਸਰਦਾਰ ਬਲਦੇਵ ਸਿੰਘ ਦੇ ਅਸਥਾਨ ਤੇ ਪੰਜਾਬ ਮੰਤਰੀ ਮੰਡਲ ਲਈ ਅਕਾਲੀ ਪਾਰਟੀ ਨੂੰ ਆਪਣੀ ਵਲੋਂ ਵਜ਼ੀਰ ਨਾਮਜ਼ਦ ਕਰਨ ਲਈ ਕਿਹਾ ਗਿਆ ਤਾਂ ਇਕ ਸੰਕਟ ਜਿਹਾ ਪੈਦਾ ਹੋ ਗਿਆ। ਉਸ ਸਮੇਂ ਗਿਆਨੀ ਕਰਤਾਰ ਸਿੰਘ ਦੇ

Digitized by Panjab Digital Library | www.panjabdigilib.org

ਹਮਾਇਤੀ ਉਸ ਨੂੰ ਮੰਤਰੀ ਨਾਮਜ਼ਦ ਕਰਵਾਉਣਾ ਚਾਹੁੰਦੇ ਸਨ, ਕਿਉਂਕਿ ਵਿਧਾਨ ਸਭਾ ਦੇ 23 ਅਕਾਲੀ ਮੈਂਬਰਾਂ ਵਿਚੋਂ 15 ਵਿਧਾਇਕ ਉਸ ਦੀ ਹਮਾਇਤ ਕਰ ਰਹੇ ਸਨ, ਜਦੋਂ ਕਿ 7 ਵਿਧਾਇਕ ਸਰਦਾਰ ਸਵਰਨ ਸਿੰਘ ਦੇ ਹੱਕ ਵਿਚ ਸਨ। ਉਸ ਸਮੇਂ ਦੇ ਰਾਜਨੀਤਿਕ ਸੰਕਟ ਅਤੇ ਮੁਸਲਮ ਲੀਗ ਦੇ ਵਧ ਰਹੇ ਜ਼ੋਰ ਦੇ ਕਾਰਨ ਮਾਸਟਰ ਤਾਰਾ ਸਿੰਘ ਸਰਵ ਸੰਮਤੀ ਨਾਲ ਫੈਸਲਾ ਕਰਵਾਉਣਾ ਚਾਹੁੰਦੇ ਸਨ ਅਤੇ ਦਿਲੋਂ ਸ: ਸਵਰਨ ਸਿੰਘ ਦੇ ਹੱਕ ਵਿਚ ਸਨ। ਇਸ ਗੱਲ ਦਾ ਗਿਆਨੀ ਕਰਤਾਰ ਸਿੰਘ ਨੂੰ ਵੀ ਪਤਾ ਸੀ। ਆਖਰ ਸ਼ਿਮਲੇ ਵਿਚ ਪੰਥਕ ਅਕਾਲੀ ਪਾਰਟੀ ਦੀ ਇਕੱਤਰਤਾ ਸੱਦੀ ਗਈ। ਜਦੋਂ ਸਰਵ ਸੰਮਤੀ ਨਾਲ ਫੈਸਲਾ ਨਾ ਹੋ ਸਕਿਆ ਤਾਂ ਸਰਦਾਰ ਜਸਵੰਤ ਸਿੰਘ ਦੁੱਗਲ ਐਮ. ਐਲ. ਏ. ਨੂੰ ਸਾਲਸ ਨੀਯਤ ਕਰ ਦਿੱਤਾ ਗਿਆ। ਦੁੱਗਲ ਸਾਹਿਬ ਨੇ ਕਿਹਾ ਕਿ ਉਹ ਅਗਲੇ ਦਿਨ ਨੂੰ ਫੈਸਲਾ ਦੇਣਗੇ। ਉਹ ਤੜਕੇ ਉੱਠ ਕੇ ਸ਼ਿਮਲੇ ਦੇ ਗੁਰਦਵਾਰੇ ਗਏ। ਗੁਰੂ ਗਰੰਥ ਸਾਹਿਬ ਵਿਚੋਂ ਵਾਕ ਲਿਆ ਅਤੇ ਦੋ ਪਰਚੀਆਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਰਖ ਦਿਤੀਆਂ। ਇਕ ਤੇ ਗਿਆਨੀ ਕਰਤਾਰ ਸਿੰਘ ਦਾ ਨਾਮ ਸੀ ਤੇ ਦੂਜੀ ਤੇ ਸਰਦਾਰ ਸਵਰਨ ਸਿੰਘ ਦਾ। ਇਕ ਮਾਸੂਮ ਬੱਚੇ ਤੋਂ ਪਰਚੀ ਕਢਵਾਈ ਗਈ, ਤਾਂ ਉਸ ਪਰਚੀ ਤੇ ਗਿਆਨੀ ਕਰਤਾਰ ਸਿੰਘ ਦਾ ਨਾਂ ਨਿਕਲ ਆਇਆ। ਉਸ ਦਿਨ ਜਦੋਂ ਫਿਰ ਪੰਥਕ ਅਸੰਬਲੀ ਪਾਰਟੀ ਦੀ ਮੀਟਿੰਗ ਹੋਈ ਤਾਂ ਸ: ਜਸਵੰਤ ਸਿੰਘ ਦੁੱਗਲ ਨੇ ਵਜ਼ੀਰੀ ਲਈ ਗਿਆਨੀ ਕਰਤਾਰ ਸਿੰਘ ਦੇ ਨਾਂ ਦਾ ਐਲਾਨ ਕਰ ਦਿੱਤਾ ਅਤੇ ਉਸ ਦੇ ਗੱਲ ਵਿਚ ਹਾਰ ਪਾ ਦਿੱਤਾ। ਕਮਰਾ ਤਾੜੀਆਂ ਨਾਲ ਗੂੰਜ ਉਠਿਆ। ਪਰ ਫੌਰਨ ਪਿਛੋਂ ਕਮਰੇ ਵਿਚ ਚੁੱਪ ਛਾ ਗਈ, ਜਦੋਂ ਗਿਆਨੀ ਕਰਤਾਰ ਸਿੰਘ ਨੇ ਉਹ ਹਾਰ ਆਪਣੇ ਗਲੋਂ ਉਤਾਰ ਕੇ ਸਰਦਾਰ ਸਵਰਨ ਸਿੰਘ ਦੇ ਗਲ ਵਿਚ ਪਾ ਦਿੱਤਾ। ਬਹੁਤ ਸਾਰੇ ਮੈਂਬਰ ਭਾਵੁਕ ਹੋ ਗਏ ਅਤੇ ਗਿਆਨੀ ਕਰਤਾਰ ਸਿੰਘ ਦੇ ਤਿਆਗ ਅਤੇ ਕੁਰਬਾਨੀ ਵਲ ਦੇਖ ਕੇ ਉਹਨਾਂ ਦੀਆਂ ਅੱਖਾਂ ਵਿਚੋਂ ਹੰਝੂ ਨਿਕਲ ਪਏ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਗਿਆਨੀ ਕਰਤਾਰ ਸਿੰਘ ਨੇ ਤਾਂ ਮੈਥੋਂ ਵੀ ਵਧ ਤਿਆਗ ਦੀ ਮਿਸਾਲ ਕਾਇਮ ਕੀਤੀ ਹੈ। ਸਰਦਾਰ ਸਵਰਨ ਸਿੰਘ ਨੇ ਕਿਹਾ ਕਿ ਵਜ਼ੀਰੀ ਤਾਂ ਗਿਆਨੀ ਕਰਤਾਰ ਸਿੰਘ ਦੀ ਹੈ ਮੈਂ ਤਾਂ ਸੇਵਾਦਾਰ ਬਣ ਕੇ ਕੰਮ ਕਰਾਂਗਾ। ਗਿਆਨੀ ਜੀ ਦੇ ਸਾਥੀ ਉਸ ਨਾਲ ਸਖਤ ਨਾਰਾਜ਼ ਵੀ ਹੋਏ, ਪਰ ਗਿਆਨੀ ਕਰਤਾਰ ਸਿੰਘ ਦੀ ਇਹ

Digitized by Panjab Digital Library | www.panjabdigilib.org

ਤੀਬਰ ਇੱਛਾ ਸੀ ਕਿ ਹਰ ਹਾਲਤ ਵਿਚ ਪੰਥਕ ਏਕਤਾ ਬਣੀ ਰਹੇ ਅਤੇ 7 ਮੈਂਬਰ ਵੀ ਨਾਰਾਜ਼ ਨਾ ਹੋਣ। ਉਸਨੂੰ ਸਮੇਂ ਦੀ ਨਜ਼ਾਕਤ ਦਾ ਪੂਰੀ ਤਰ੍ਹਾਂ ਅਨੁਭਵ ਸੀ, ਪਰ ਫਿਰ ਵੀ ਇਹ ਉਸ ਦੀ ਕੁਰਬਾਨੀ ਦੀ ਮਹਾਨ ਮਿਸਾਲ ਸੀ ਅਤੇ ਸਰਦਾਰ ਸਵਰਨ ਸਿੰਘ ਦੀ ਰਾਜਨੀਤਕ ਚੜ੍ਹਤ ਲਈ ਪਹਿਲਾ ਮੀਲ ਪੱਥਰ ਸੀ। ਪਿਛੋਂ ਗਿਆਨੀ ਜੀ ਦੇ ਸਾਥੀਆਂ ਨੂੰ ਮਨਾਉਣ ਵਿਚ ਸਰਦਾਰ ਸੰਮਾਂ ਸਿੰਘ ਲਾਇਲਪੁਰੀ ਨੇ ਵਿਸ਼ੇਸ਼ ਰੋਲ ਅਦਾ ਕੀਤਾ।

## ਸੰਵਿਧਾਨ ਸਭਾ

ਸੰਵਿਧਾਨ ਸਭਾ ਦੀ ਪਹਿਲੀ ਇਕੱਤਰਤਾ 9 ਦਸੰਬਰ 1946 ਨੂੰ ਹੋਈ। ਸਿੱਖ ਪ੍ਰਤੀਨਿਧਾਂ ਨੇ ਪੰਜਾਬ ਦੇ ਵਿਭਾਜਨ ਦੀ ਪੁਰਜ਼ੋਰ ਮੰਗ ਰੱਖੀ। 17 ਜਨਵਰੀ 1947 ਨੂੰ ਗਿਆਨੀ ਕਰਤਾਰ ਸਿੰਘ ਨੇ ਪੱਤਰਕਾਰਾਂ ਨੂੰ ਦਸਿਆ ਕਿ ਸਿੱਖਾਂ ਲਈ ਅਕਾਲੀ ਦਲ ਦੀ ਵੀਟੋ ਦੀ ਮੰਗ ਦਾ ਭਾਵ ਇਹ ਹੈ ਕਿ ਸਿੱਖਾਂ ਸਬੰਧੀ ਕੋਈ ਵੀ ਫੈਸਲਾ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਨਾ ਕੀਤਾ ਜਾਵੇ। ਗਿਆਨੀ ਕਰਤਾਰ ਸਿੰਘ, ਸਰਦਾਰ ਉੱਜਲ ਸਿੰਘ, ਅਤੇ ਸਰਦਾਰ ਹਰਨਾਮ ਸਿੰਘ ਨੂੰ ਨਾਲ ਲੈ ਕੇ ਲਾਰਡ ਵੈਵਲ ਨੂੰ ਮਿਲਿਆ ਅਤੇ ਸੁਝਾਅ ਦਿੱਤਾ ਕਿ ਸੈਕਸ਼ਨ ਬੀ ਦੇ ਪ੍ਰਾਂਤਾਂ ਦੇ ਗਰੁੱਪ ਵਿਚ ਸਿੱਖਾਂ ਨੂੰ ਉਹਨਾਂ ਤੇ ਪ੍ਰਭਾਵ ਪਾਉਣ ਵਾਲੇ ਹਰ ਕਾਨੂੰਨ ਨੂੰ ਵੀਟੋ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਗਿਆਨੀ ਕਰਤਾਰ ਸਿੰਘ ਨੇ ਬਰਿਟਸ਼ ਸਰਕਾਰ ਤੇ ਸਿੱਖਾਂ ਨਾਲ ਵਿਸ਼ਵਾਸਘਾਤ ਕਰਨ ਦਾ ਦੋਸ਼ ਲਾਇਆ। ਸਰਦਾਰ ਮੰਗਲ ਸਿਘ ਗਿੱਲ ਜੋ ਕਿ ਕੱਟੜ ਕਾਂਗਰਸੀ ਸੀ, ਨੇ ਵੀ ਪੰਜਾਬ ਦੀ ਵੰਡ ਦੇ ਹੱਕ ਵਿਚ ਠੋਸ ਦਲੀਲਾ ਦਿੱਤੀਆਂ।

## ਪੰਜਾਬ ਦੀ ਵੰਡ ਦਾ ਸੁਝਾਅ

ਮੁਸਲਮ ਲੀਗ ਦੀ ਕੱਟੜ ਸੰਪਰਦਾਇਕਤਾ ਅਤੇ ਫਸਾਦਾਂ ਦੀ ਨੀਤੀ ਕਾਰਨ ਕਾਂਗਰਸ ਨੇਤਾਵਾਂ ਨੂੰ ਪੰਜਾਬ ਵਿਚ ਗੰਭੀਰ ਸਥਿਤੀ ਦਾ ਪੂਰਾ ਅਨੁਮਾਨ ਹੋ ਗਿਆ ਅਤੇ ਇਸ ਤਰ੍ਹਾਂ ਦੇ ਵਾਤਾਵਰਨ ਵਿਚ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬ ਦੀ ਵੰਡ ਦੀ ਹਮਾਇਤ ਦਾ ਮਤਾ ਪਾਸ ਕਰ ਦਿੱਤਾ। ਇਸ ਸੰਬੰਧ ਵਿਚ ਪ੍ਰਸਿੱਧ ਸਿੱਖ ਨੇਤਾਵਾਂ ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਨੇ ਵੀ ਕਾਂਗਰਸ ਨੇਤਾਵਾਂ ਤੇ ਆਪਣਾ ਪੂਰਾ ਦਬਾ ਜਾਰੀ ਰਖਿਆ

Digitized by Panjab Digital Library | www.panjabdigilib.org

ਸੀ। ਕਾਂਗਰਸ ਦੇ ਮਤੇ ਵਿਚ ਇਸ ਗੱਲ ਤੇ ਜ਼ੋਰ ਦਿਤਾ ਗਿਆ ਕਿ ਪੰਜਾਬ ਵਿਚ ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਅਵੱਸ਼ਕ ਹੈ ਅਤੇ ਉਹਨਾਂ ਦੀ ਰਾਜਨੀਤਿਕ ਹਸਤੀ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਨੂੰ ਦੋ ਭਾਗਾਂ ਵਿਚ ਵੰਡ ਦਿਤਾ ਜਾਵੇ, ਅਤੇ ਮੁਸਲਮਾਨਾਂ ਦੀ ਬਹੁਸੰਮਤੀ ਦਾ ਇਲਾਕਾ, ਹਿੰਦੂ-ਸਿੱਖ ਬਹੁ-ਸੰਮਤੀ ਦੇ ਇਲਾਕੇ ਤੋਂ ਵਖਰਾ ਕਰ ਦਿੱਤਾ ਜਾਵੇ। ਇਸ ਗੱਲ ਵਿਚ ਸ਼ੱਕ ਨਹੀਂ ਕਿ ਕਾਂਗਰਸ ਪਾਰਟੀ ਨੇ ਇਹ ਮਤਾ ਸਥਿਤੀ ਦੇ ਗੰਭੀਰ ਹੋ ਜਾਣ ਅਤੇ ਮਜ਼ਬੂਰੀ ਦੀ ਹਾਲਤ ਵਿਚ ਪਾਸ ਕੀਤਾ। ਪਾਰਟੀ ਗਿਆਨੀ ਕਰਤਾਰ ਸਿੰਘ ਜਿਹੇ ਸਿੱਖ ਨੇਤਾਵਾਂ ਦੀ ਮਾਯੂਸੀ, ਨਿਰਾਸਤਾ ਅਤੇ ਕਰੋਧ ਦੀ ਕਰੜੀ ਭਾਵਨਾ ਤੋਂ ਭੈ-ਭੀਤ ਹੋ ਗਈ ਸੀ ਅਤੇ ਉਸ ਦੇ ਸਾਹਮਣੇ ਹੋਰ ਕੋਈ ਚਾਰਾ ਨਹੀਂ ਸੀ।

## ਮੁਸਲਮ ਲੀਗ ਵਲੋਂ ਫਸਾਦ

16 ਅਗਸਤ 1946 ਨੂੰ ਮੁਸਲਮ ਲੀਗ ਨੇ ਕਲਕੱਤੇ ਵਿਖੇ ਭਿਆਨਕ ਸੰਪਰਦਾਇਕ ਫਸਾਦ ਛੇੜ ਦਿੱਤੇ ਸਨ, ਜੋ ਛੇਤੀ ਹੀ ਦੇਸ਼ ਦੇ ਬਹੁਤ ਸਾਰੇ ਭਾਗਾਂ ਵਿਚ ਫੈਲ ਗਏ ਸਨ। ਪੰਜਾਬ ਵੀ ਇਨ੍ਹਾਂ ਫਸਾਦਾਂ ਤੋਂ ਬਚ ਨਾ ਸਕਿਆ। ਸਥਿਤੀ ਗੰਭੀਰਤਰ ਹੁੰਦੀ ਗਈ ਅਤੇ ਹਾਲਾਤ ਦਿਨ-ਬ-ਦਿਨ ਵਿਗੜਦੇ ਗਏ। ਭਾਰਤ ਵਿਚ ਬਰਿਟਸ਼ ਸਰਕਾਰ ਦਾ ਪ੍ਰਬੰਧਕ ਢਾਂਚਾ ਗੰਭੀਰ ਅਤੇ ਖਤਰਨਾਕ ਸੰਕਟ ਵਿਚ ਪੈ ਗਿਆ। ਇਸ ਦਸ਼ਾ ਵਿਚ ਇੰਗਲੈਂਡ ਦੇ ਪ੍ਰਧਾਨ ਮੰਤਰੀ ਸ੍ਰੀ ਐਟਲੀ ਨੇ ਬ੍ਰਿਟਸ਼ ਸੰਸਦ ਵਿਚ ਇਹ ਐਲਾਨ ਕਰ ਦਿੱਤਾ ਕਿ ਸੰਪਰਦਾਇਕ ਸਮੱਸਿਆ ਦਾ ਹੱਲ ਉਡੀਕੇ ਬਗੈਰ ਹੀ ਬ੍ਰਿਟਸ਼ ਸਰਕਾਰ ਨੇ ਜੂਨ 1948 ਤਕ ਭਾਰਤੀ ਸ਼ਾਸਨ-ਪ੍ਰਬੰਧ ਨੂੰ ਜ਼ਿੰਮੇਂਵਾਰ ਭਾਰਤੀਆਂ ਦੇ ਹੱਥਾਂ ਵਿਚ ਸੌਂਪਣ ਦਾ ਫੈਸਲਾ ਕਰ ਲਿਆ ਹੈ।

## ਐਟਲੀ ਦਾ ਐਲਾਨ

ਐਟਲੀ ਦੇ ਇਸ ਐਲਾਨ ਨੇ ਸੰਪਰਦਾਇਕ ਖਿੱਚੋਤਾਣ ਵਿਚ ਹੋਰ ਵੀ ਵਾਧਾ ਕਰ ਦਿਤਾ। ਪੰਜਾਬ ਵਿਚ ਅੰਮ੍ਰਿਤਸਰ ਅਤੇ ਜਾਲੰਧਰ ਵਿਚ ਭਿਆਨਕ ਫਸਾਦ ਛਿੜ ਪਏ। ਪੰਜਾਬ ਦੇ ਗਵਰਨਰ ਨੇ ਪੰਜਾਬ ਮੁਸਲਮ ਲੀਗ ਦੇ ਪ੍ਰਧਾਨ ਨਵਾਬ ਮਮਦੋਟ ਨੂੰ ਪੰਜਾਬ ਵਿਚ ਮੰਤਰੀ ਮੰਡਲ ਬਣਾਉਣ ਦਾ ਸੱਦਾ ਦਿੱਤਾ। ਪਰ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ

Digitized by Panjab Digital Library | www.panjabdigilib.org

ਦਲ ਇਸ ਗੱਲ ਉਤੇ ਤੁਲਿਆ ਹੋਇਆ ਸੀ ਕਿ ਕਿਸੇ ਹਾਲਤ ਵਿਚ ਵੀ ਪੰਜਾਬ ਵਿਚ ਮੁਸਲਮ ਲੀਗ ਨੂੰ ਮੰਤਰੀ ਮੰਡਲ ਨਾ ਬਣਾਉਣ ਦਿੱਤਾ ਜਾਵੇ ਅਤੇ ਸਿੱਖਾਂ ਦੇ ਭਵਿੱਖ ਨੂੰ ਤਬਾਹ ਹੋਣ ਤੋਂ ਰੋਕਣ ਲਈ ਹਰ ਕੁਰਬਾਨੀ ਦਿੱਤੀ ਜਾਵੇ। 3 ਮਾਰਚ 1947 ਨੂੰ ਜਦੋਂ ਮਾਸਟਰ ਤਾਰਾ ਸਿੰਘ 23 ਪੰਥਕ ਮੈਂਬਰਾਂ ਸਮੇਤ ਪੰਜਾਬ ਵਿਧਾਨ ਸਭਾ ਤੋਂ ਬਾਹਰ ਆਏ ਤਾਂ ਉਹ ਝੰਡੇ ਦੇ ਨੇੜੇ ਚਬੂਤਰੇ ਤੇ ਖੜੇ ਹੋ ਗਏ ਅਤੇ ਪਾਕਿਸਤਾਨ ਮੁਰਦਾਬਾਦ ਦੇ ਨਾਹਰੇ ਲਾਉਣ ਲੱਗ ਪਏ। ਉਸੇ ਦਿਨ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਹਿੰਦੂਆਂ ਅਤੇ ਸਿੱਖਾਂ ਦੇ ਇਕ ਭਾਰੀ ਇਕੱਠ ਨੂੰ ਸੰਬੋਧਤ ਕੀਤਾ। ਗਿਆਨੀ ਕਰਤਾਰ ਸਿੰਘ ਨੇ ਲੋਕਾਂ ਨੂੰ ਯਾਦ ਕਰਵਾਇਆ ਕਿ "ਸੱਤਰ ਸਾਲ ਤੋਂ ਵੀ ਵਧ ਸਮੇਂ ਲਈ ਪੰਜਾਬ ਵਿਚ ਸੁਤੰਤਰ ਸਿਖ ਰਾਜ ਦਾ ਕੇਸਰੀ ਨਿਸ਼ਾਨ ਝੂਲਦਾ ਰਿਹਾ ਹੈ, ਹੁਣ ਅਸੀਂ ਆਪਣੇ ਸੁਨਹਿਰੀ ਅਤੇ ਮਹਾਨ ਇਤਿਹਾਸ ਨੂੰ ਫਿਰ ਦੁਹਰਾਵਾਂਗੇ।" ਮਾਸਟਰ ਤਾਰਾ ਸਿੰਘ ਨੇ ਭਾਵੁਕ ਹੋ ਕੇ ਕਿਹਾ "ਓ ਹਿੰਦੂਓ ਅਤੇ ਸਿੱਖੋ,. ਆਪਣੀ ਤਬਾਹੀ ਲਈ ਤਿਆਰ ਹੋ ਜਾਵੋ। ਜੇ ਅਸੀਂ ਅੰਗਰੇਜ਼ਾਂ ਕੋਲੋਂ ਰਾਜ ਖੋਹ ਸਕਦੇ ਹਾਂ, ਤਾਂ ਸਾਨੂੰ ਮੁਸਲਮਾਨਾਂ ਕੋਲੋਂ ਰਾਜ ਖੋਹਣ ਤੋਂ ਵੀ ਕੋਈ ਨਹੀਂ ਰੋਕ ਸਕਦਾ। ਇਸ ਜਲਸੇ ਤੋਂ ਜਾਣ ਤੋਂ ਪਹਿਲਾਂ ਇਹ ਪ੍ਰਣ ਲਉ ਕਿ ਅਸੀਂ ਮੁਸਲਮ ਲੀਗ ਨੂੰ ਨਸ਼ਟ ਕਰ ਦੇਵਾਂਗੇ। ਅਸੀਂ ਆਪਣੇ ਬਾਹੂ-ਬਲ ਨਾਲ ਇਨ੍ਹਾਂ ਤੇ ਰਾਜ ਕਰਾਂਗੇ। ਅੱਜ ਮੈਂ ਅਤੇ ਅਕਾਲੀ ਦਲ ਨੇ ਮੁਸਲਮ ਲੀਗ ਦਾ ਅੰਤ ਕਰਨ ਦਾ ਬਿਗਲ ਵਜਾ ਦਿੱਤਾ ਹੈ।"

ਇਸ ਤਰ੍ਹਾਂ ਦੀ ਗੰਭੀਰ ਸਥਿਤੀ ਵਿਚ ਸਰਕਾਰ ਨੇ ਮੁਸਲਮ ਲੀਗ ਮੰਤਰੀ ਮੰਡਲ ਨਾ ਬਣਾਉਣ ਦਾ ਫੈਸਲਾ ਕੀਤਾ ਅਤੇ ਗੋਰਮਿੰਟ ਆਫ ਇੰਡੀਆ ਐਕਟ 1935 ਦੀ ਧਾਰਾ 93 ਅਧੀਨ ਗਵਰਨਰ ਨੇ ਪੰਜਾਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ। ਮੁਸਲਮ ਲੀਗ ਦੇ ਹਮਾਇਤੀ ਕ੍ਰੋਧ ਦੀ ਅੱਗ ਵਿਚ ਸੜਨ ਲੱਗੇ ਅਤੇ ਪੰਜਾਬ ਦੇ ਲਗ ਪੱਗ ਹਰ ਜ਼ਿਲ੍ਹੇ ਵਿਚ ਸੰਪਰਦਾਇਕ ਫਸਾਦ ਛਿੜ ਪਏ। 'ਇੰਗਲੈਂਡ ਦੇ ਸਮਰਾਟ ਦਾ ਰਿਸ਼ਤੇ 'ਚੋਂ ਭਾਈ ਲਾਰਡ ਮਾਊਂਟ ਬੈਟਨ ਭਾਰਤ ਦੇ ਵਾਇਸਰਾਏ ਦੇ ਰੂਪ ਵਿਚ 22 ਮਾਰਚ 1947 ਨੂੰ ਦਿੱਲੀ ਪਧਾਰਿਆ। ਉਸ ਨੇ ਆਉਂਦੇ ਹੀ ਭਿੰਨ-ਭਿੰਨ ਰਾਜਨੀਤਕ ਦਲਾਂ ਦੇ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਆਰੰਭ ਕਰ ਦਿੱਤਾ। ਉਸ ਨੂੰ ਜਲਦੀ ਹੀ ਵਿਸ਼ਵਾਸ ਹੋ ਗਿਆ ਕਿ ਭਾਰਤ ਦੀ ਵੰਡ ਤੋਂ ਬਗੈਰ ਇਸ ਰਾਜਨੀਤਿਕ ਉਲਝਣ ਦਾ ਕੋਈ ਹੱਲ ਨਹੀਂ ਹੈ।

Digitized by Panjab Digital Library | www.panjabdigilib.org

## ਪੰਜਾਬ ਦੀ ਵੰਡ

ਦਸੰਬਰ 1946 ਵਿਚ ਗਿਆਨੀ ਕਰਤਾਰ ਸਿੰਘ ਨੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਸੰਭਾਲਿਆ ਅਤੇ ਸਰਦਾਰ ਅਮਰ ਸਿੰਘ ਅੰਬਾਲਵੀ ਨੂੰ ਅਕਾਲੀ ਦਲ ਦਾ ਜਨਰਲ ਸੈਕਟਰੀ ਨਿਯੁਕਤ ਕੀਤਾ ਗਿਆ। ਹੁਣ ਤਕ ਗਿਆਨੀ ਕਰਤਾਰ ਸਿੰਘ ਪਹਿਲੀ ਸਫ ਦਾ ਸਿੱਖ ਲੀਡਰ ਬਣ ਚੁਕਿਆ ਸੀ ਅਤੇ ਉਸਨੂੰ ਸਿੱਖਾਂ ਦਾ ਵਿਚਾਰ ਭੰਡਾਰ ਸਮਝਿਆ ਜਾਂਦਾ ਸੀ। ਭਾਰਤ ਦੇ ਇਤਿਹਾਸ ਦੇ ਇਸ ਸੰਕਟਕਾਲੀਨ ਅਤੇ ਨਾਜ਼ੁਕ ਦੌਰ ਵਿਚ ਸ਼ਾਇਦ ਹੀ ਸਿਖਾਂ ਵਿਚ ਹੋਰ ਕੋਈ ਵੀ ਸਿੱਖ ਲੀਡਰ ਇਤਨਾ ਚਤਰ ਅਤੇ ਸੂਝਵਾਨ ਨੇਤਾ ਸੀ, ਜੋ ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰ ਸਕਦਾ। ਹਰ ਹਿੰਦੂ ਅਤੇ ਸਿੱਖਾਂ ਨਾਲ ਵਿਚਾਰ ਵਟਾਂਦਰਾ ਕਰਨ ਪਿੱਛੋਂ ਉਸ ਨੇ 17 ਅਪ੍ਰੈਲ 1947 ਨੂੰ ਲਾਹੌਰ ਵਿਖੇ ਸ਼ਰੋਮਣੀ ਅਕਾਲੀ ਦਲ ਦੀ ਮੀਟਿੰਗ ਬੁਲਾਈ ਅਤੇ ਆਪਣੇ ਵਲੋਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਦੇ ਸੰਪਰਦਾਇਕ ਝਗੜੇ ਅਤੇ ਖਿੱਚੋਤਾਣ ਦਾ ਇਕੋ ਇਕ ਹੱਲ ਪੰਜਾਬ ਦੀ ਵੰਡ ਹੈ। ਅਕਾਲੀ ਦਲ ਵਲੋਂ ਦੋਹਾਂ ਪੰਜਾਬਾਂ ਦੀਆਂ ਹੱਦਾਂ ਨੀਯਤ ਕਰਨ ਲਈ ਇਕ ਹੱਦ-ਬੰਦੀ ਕਮਿਸ਼ਨ ਨਿਯੁਕਤ ਕਰਨ ਲਈ ਬੇਨਤੀ ਕੀਤੀ ਗਈ। ਉਸ ਨੇ ਅਕਾਲੀ ਦਲ ਦੇ ਪ੍ਰਧਾਨ ਵਜੋਂ ਇਕ ਮੈਨੀਫੈਸਟੋ ਜਾਰੀ ਕੀਤਾ, ਜਿਸ ਵਿਚ ਸਿੱਖ ਮੰਗਾਂ ਨੂੰ ਸਪੱਸ਼ਟ ਕੀਤਾ ਗਿਆ। ਦੇਸ਼ ਦੀ ਰਾਜਨੀਤਿਕ ਦਸ਼ਾ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਸੀ ਅਤੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਪੰਜਾਬ ਦੇ ਨਵੇਂ ਗਵਰਨਰ ਸਰ ਏਵਨ ਜੈਂਨਕਨਜ਼ ਨੇ ਪੰਜਾਬ ਦਾ ਪ੍ਰਬੰਧ ਸੰਭਾਲਣ ਪਿੱਛੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਮਾਊਂਟ ਬੈਟਨ ਨੂੰ ਆਪਣੀ ਰਿਪੋਰਟ ਵਿਚ ਲਿਖਿਆ, "ਗਿਆਨੀ ਕਰਤਾਰ ਸਿੰਘ ਜੋ ਕਿ ਸਿੱਖਾਂ ਦਾ ਇਕ ਬਾ-ਰਸੂਖ ਪ੍ਰਭਾਵਸ਼ਾਲੀ ਅਤੇ ਪ੍ਰਸਿੱਧ ਨੇਤਾ ਹੈ, ਨੇ ਕਿਹਾ ਹੈ ਕਿ ਜੇ ਮੁਸਲਮ ਲੀਗ ਅਤੇ ਕਾਂਗਰਸ ਵਿਚਕਾਰ ਕੋਈ ਐਸਾ ਸਮਝੌਤਾ ਹੋਇਆ ਜੋ ਸਿੱਖਾਂ ਨੂੰ ਮਨਜ਼ੂਰ ਨਾ ਹੋਇਆ ਤਾਂ ਸਿੱਖ ਪੰਜਾਬ ਦੀ ਵੰਡ ਲਈ ਜ਼ੋਰ ਦੇਣਗੇ ਅਤੇ ਆਪਣੀ ਸਾਰੀ ਸ਼ਕਤੀ ਅਤੇ ਸਾਧਨਾਂ ਰਾਹੀਂ ਪੰਜਾਬ ਵਿਚ ਮੁਸਲਮ ਲੀਗ ਮੰਤਰੀ ਮੰਡਲ ਦੀ ਸਥਾਪਨਾ ਦਾ ਵਿਰੋਧ ਕਰਨਗੇ।" 18 ਅਪ੍ਰੈਲ ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਰੱਖਿਆ ਮੰਤਰੀ ਦਾ ਇਕ ਪ੍ਰਤੀਨਿਧ ਮੰਡਲ ਲਾਰਡ ਮਾਊਂਟ ਬੈਟਨ ਨੂੰ ਮਿਲਿਆ ਅਤੇ ਪੰਜਾਬ ਦੀ ਵੰਡ ਦਾ ਜ਼ੋਰਦਾਰ ਸ਼ਬਦਾਂ

Digitized by Panjab Digital Library | www.panjabdigilib.org

ਵਿਚ ਸੁਝਾਅ ਰੱਖਿਆ। ਆਪਣੀ ਪੁਸਤਕ "ਮਿਸ਼ਨ ਵਿਧ ਮਾਊਂਟਬੈਟਨ" ਵਿਚ ਡਾਕਟਰ ਐਲਨ ਕੈਂਪਬੈਲ ਜਾਨਸਨ ਨੇ ਪ੍ਰਮੁੱਖ ਅਕਾਲੀ ਨੇਤਾਵਾਂ ਦੀ ਲਾਰਡ ਮਾਊਂਟ ਬੈਟਨ ਨਾਲ ਇਸ ਮੀਟਿੰਗ ਦਾ ਬੜਾ ਰੋਚਿਕ ਅਤੇ ਦਿਲਚਸਪ ਵਰਨਣ ਕੀਤਾ ਹੈ। ਕੁਝ ਅੰਗਰੇਜ਼ ਸੈਨਾ ਅਧਿਕਾਰੀਆਂ ਦੇ ਸੁਝਾਅ ਤੇ ਗਿਆਨੀ ਕਰਤਾਰ ਸਿੰਘ ਆਪਣੇ ਖਾਸ ਅਤੇ ਨਿਕਟਵਰਤੀ ਸਾਥੀ ਸਰਦਾਰ ਭਗਤ ਸਿੰਘ ਟੋਭਾ ਨਾਲ ਦਿੱਲੀ ਵਿਚ ਮੁਸਲਮ ਲੀਗ ਦੇ ਪ੍ਰਧਾਨ ਮੁਹੰਮਦ ਅਲੀ ਜਿਨਾਹ ਨੂੰ ਮਿਲਿਆ ਅਤੇ ਉਸ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦਾ ਯਤਨ ਕੀਤਾ। ਪਰ ਮਿਸਟਰ ਜਿਨਾਹ ਨੇ ਉਹਨਾਂ ਦੇ ਵਿਚਾਰਾਂ ਦੀ ਕੋਈ ਪ੍ਰਵਾਹ ਨਾ ਕੀਤੀ। ਗਿਆਨੀ ਕਰਤਾਰ ਸਿੰਘ ਦਿੱਲੀ ਵਿਖੇ ਮੁਸਲਿਮ ਲੀਗ ਦੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰਾਂ ਦੀ ਕਾਨਫ਼ਰੰਸ ਵਿਚ ਵੀ ਗਿਆ ਅਤੇ ਸਿੱਖਾਂ ਪ੍ਰਤੀ ਮੁਸਲਮ ਲੀਗ ਦੇ ਵਿਚਾਰਾਂ ਨੂੰ ਖੋਜਣ ਦਾ ਯਤਨ ਕੀਤਾ। ਅਸਲ ਵਿਚ ਪੰਜਾਬ ਵਿਚ ਮੁਸਲਮ ਲੀਗ ਵਲੋਂ ਛੇੜੇ ਗਏ ਭਿਆਨਕ ਫਸਾਦਾਂ ਨੇ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਸਮਝੌਤੇ ਅਤੇ ਸੁਲਾਹ ਦੀ ਆਖਰੀ ਆਸ ਦਾ ਵੀ ਅੰਤ ਕਰ ਦਿੱਤਾ ਸੀ ਅਤੇ ਹੁਣ ਅੱਗ ਅਤੇ ਪਾਣੀ ਦਾ ਮੇਲ ਹਰ ਹਾਲਤ ਵਿਚ ਅਸੰਭਵ ਸੀ।

ਐਸੇ ਹਾਲਾਤ ਵਿਚ ਮਹਾਨ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਨੇ ਸਿੱਖ ਕੌਮ ਨੂੰ ਵੰਗਾਰ ਕੇ ਕਿਹਾ—"ਹੇ ਸਿੰਘੋ ਅਜ ਮੁਸਲਮ ਲੀਗੀ ਗੁੰਡੇ ਸਾਨੂੰ ਨਸ਼ਟ ਕਰਨ ਤੇ ਤੁਲੇ ਹੋਏ ਹਨ। ਸਾਡੀਆਂ ਮਾਵਾਂ ਭੈਣਾਂ ਦੀ ਬੇਪਤੀ ਕੀਤੀ ਜਾ ਰਹੀ ਹੈ ਅਤੇ ਸਾਡੇ ਮਾਸੂਮ ਬੱਚਿਆਂ ਨੂੰ ਜ਼ਬਰਦਸਤੀ ਧਰਮ ਬਦਲਣ ਤੇ ਮਜਬੂਰ ਕੀਤਾ ਜਾ ਰਿਹਾ ਹੈ। ਹੁਣ ਸਾਡੇ ਯੋਧਿਆਂ ਦੀ ਪ੍ਰੀਖਿਆ ਦਾ ਸਮਾਂ ਆ ਗਿਆ ਹੈ। ਇਕ ਵਾਰ ਫਿਰ ਅਸੀਂ ਮੁਗ਼ਲਾਂ ਵਰਗੇ ਇਨ੍ਹਾਂ ਜਰਵਾਣਿਆਂ ਦਾ ਮੂੰਹ ਭੰਨ ਦੇਵਾਂਗੇ। ਅਸੀਂ ਪੱਛਮੀ ਪੰਜਾਬ ਵਿਚ ਸਾਡੇ ਤੇ ਹੋਏ ਅਤਿਆਚਾਰ ਅਤੇ ਖ਼ੂਨ-ਖਰਾਬੇ ਦਾ ਬਦਲਾ ਅਵੱਸ਼ ਲਵਾਂਗੇ ਅਤੇ ਸਾਡੀ ਮਾਤ ਭੂਮੀ ਵਿਚ ਜੋ ਵੀ ਸਾਡੇ ਅਧਿਕਾਰਾਂ ਦਾ ਅੰਤ ਕਰਨ ਦਾ ਯਤਨ ਕਰੇਗਾ, ਅਸੀਂ ਉਸ ਦਾ ਅੰਤ ਕਰ ਦਿਆਂਗੇ। ਅਸੀਂ ਕਿਸੇ ਹਾਲਤ ਵਿਚ ਵੀ ਮੁਸਲਮ ਲੀਗੀਆਂ ਦਾ ਗਲਬਾ ਬਰਦਾਸ਼ਤ ਨਹੀਂ ਕਰਾਂਗੇ।"

ਕੁਝ ਸਰਕਾਰੀ ਗੁਪਤ ਰਿਪੋਰਟਾਂ ਨੂੰ ਆਧਾਰ ਬਣਾ ਕੇ ਮੁਸਲਮ ਲੀਗ ਦੇ ਨੇਤਾਵਾਂ ਮੁਹੰਮਦ ਅਲੀ ਜਿਨਾਹ ਅਤੇ ਨਵਾਬਜ਼ਾਦਾ ਲਿਆਕਤ ਅਲੀ ਨੇ ਲਾਰਡ

Digitized by Panjab Digital Library | www.panjabdigilib.org

ਮਾਊਂਟਬੈਟਨ ਅਤੇ ਪੰਜਾਬ ਦੇ ਗਵਰਨਰ ਏਵਨ ਜੈਂਕਨਜ਼ ਤੇ ਜ਼ੋਰ ਦਿੱਤਾ ਕਿ ਭੜਕਾਹਟ ਪੈਦਾ ਕਰਨ ਅਤੇ ਸਿੱਖਾਂ ਵਿਚ ਫਸਾਦਾਂ ਲਈ ਵਾਤਾਵਰਨ ਪੈਦਾ ਕਰਨ ਦੇ ਦੋਸ਼ ਵਿਚ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੂੰ ਗਰਿਫਤਾਰ ਕਰ ਲਿਆ ਜਾਵੇ। ਪਰ ਅੰਗਰੇਜ਼ ਅਧਿਕਾਰੀ ਜਾਣਦੇ ਸਨ ਕਿ ਇਸ ਮਾਮਲੇ ਵਿਚ ਮੁਸਲਮ ਲੀਗ ਤਾਂ ਅਕਾਲੀ ਨੇਤਾਵਾਂ ਨਾਲੋਂ ਵੀ ਵਧ ਫਸਾਦ ਦੀ ਜੜ੍ਹ ਸਨ ਅਤੇ ਸਿੱਖ ਤਾਂ ਕੇਵਲ ਆਤਮ ਰਖਸ਼ਾ ਲਈ ਮੁਸਲਮ ਲੀਗ ਵਿਰੁਧ ਆਖਰੀ ਯੁੱਧ ਲੜ ਰਹੇ ਸਨ।

## ਮਾਊਂਟਬੇਟਨ ਪਲੈਨ ਅਤੇ ਗਿਆਨੀ ਜੀ ਦੇ ਯਤਨ

3 ਜੂਨ 1947 ਨੂੰ ਲਾਰਡ ਮਾਊਂਟਬੈਟਨ ਨੇ ਬਰਿਟਸ਼ ਸਰਕਾਰ ਦੀ ਮਨਜ਼ੂਰੀ ਲੈ ਕੇ ਭਾਰਤ ਵੰਡ ਦੇ ਸੰਬੰਧ ਵਿਚ ਐਲਾਨ ਕੀਤਾ ਅਤੇ ਭਾਰਤ ਨੂੰ ਦੋ ਸੁਤੰਤਰ ਰਾਜਾਂ ਵਿਚ ਵੰਡ ਦਿੱਤਾ ਗਿਆ। ਇਸ ਐਲਾਨ ਤੋਂ ਪਹਿਲਾਂ 2 ਜੂਨ 1947 ਨੂੰ ਦਿੱਲੀ ਵਿਖੇ ਸ਼ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਸੱਦੀ ਗਈ। ਇਸ ਇਕੱਟਰਤਾ ਵਿਚ ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਅਮਰ ਸਿੰਘ ਦੁਸਾਂਝ, ਸਰਦਾਰ ਪ੍ਰੀਤਮ ਸਿੰਘ, ਸਰਦਾਰ ਮੰਗਲ ਸਿੰਘ ਗਿੱਲ, ਸਰਦਾਰ ਅਮਰ ਸਿੰਘ ਅੰਬਾਲਵੀ, ਸਰਦਾਰ ਸਵਰਨ ਸਿੰਘ, ਸਰਦਾਰ ਬਹਾਦਰ ਉੱਜਲ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਸ਼ਾਮਲ ਹੋਏ ਅਤੇ ਉਹਨਾਂ ਨੇ ਜ਼ੋਰ ਦਿੱਤਾ ਕਿ ਪੰਜਾਬ ਦੀ ਵੰਡ ਕਰ ਦਿੱਤੀ ਜਾਵੇ, ਪਰ ਸਿੱਖ ਸੰਪਰਦਾਇ ਦੀ ਏਕਤਾ ਅਤੇ ਸਨਮਾਨ ਨੂੰ ਕਾਇਮ ਰੱਖਣ ਲਈ ਪੂਰਬੀ ਪੰਜਾਬ ਦੀ ਹੱਦ ਚਨਾਬ ਦਰਿਆ ਤੱਕ ਵਧਾਈ ਜਾਵੇ। ਮਾਊਂਟਬੈਟਨ ਯੋਜਨਾ ਅਨੁਸਾਰ ਪੰਜਾਬ ਅਤੇ ਬੰਗਾਲ ਦੇ ਹਿੰਦੂ-ਸਿੱਖ ਅਤੇ ਮੁਸਲਮਾਨ ਵਿਧਾਨ ਸਭਾ ਮੈਂਬਰਾਂ ਦੀਆਂ ਅਲੱਗ-ਅਲੱਗ ਇਕਤ੍ਰਤਾਵਾਂ ਹੋਈਆਂ ਅਤੇ ਇਨ੍ਹਾਂ ਮੈਂਬਰਾਂ ਨੇ ਪੰਜਾਬ ਅਤੇ ਬੰਗਾਲ ਦੀ ਵੰਡ ਦੇ ਮਤੇ ਸਰਵ-ਸੰਮਤੀ ਨਾਲ ਪਾਸ ਕਰ ਦਿੱਤੇ।

ਮਾਊਂਟਬੈਟਨ ਯੋਜਨਾ ਪ੍ਰਤੀ ਸਿੱਖਾਂ ਦਾ ਪ੍ਰਤੀਕਰਮ ਕਿਸੇ ਹਾਲਤ ਵਿਚ ਵੀ ਮਨ ਭਾਉਣਾ ਨਹੀਂ ਸੀ ਹੋ ਸਕਦਾ। ਉਹ ਅਨੁਭਵ ਕਰ ਰਹੇ ਸਨ ਕਿ ਉਹਨਾਂ ਨਾਲ ਸਰੀਹਨ ਧੋਖਾ ਕੀਤਾ ਗਿਆ ਹੈ ਅਤੇ ਉਹਨਾਂ ਦੀ ਦਸ਼ਾ ਤਰਸਯੋਗ ਹੋ ਗਈ ਸੀ।

Digitized by Panjab Digital Library | www.panjabdigilib.org

ਇਸ ਫੈਸਲੇ ਨਾਲ ਸਿੱਖਾਂ ਨੂੰ ਹੱਦੋਂ ਵੱਧ ਸਦਮਾ ਪਹੁੰਚਿਆ। ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਅਤੇ ਪੰਥਕ ਪ੍ਰਤੀਨਿਧ ਬੋਰਡ ਦੀ ਅੰਮ੍ਰਿਤਸਰ ਵਿਖੇ ਇਕ ਸਾਂਝੀ ਇਕੱਤਰਤਾ ਬੁਲਾਈ। ਇਸ ਇਕੱਤਰਤਾ ਵਿਚ ਇਕ ਮਤਾ ਪਾਸ ਕਰਕੇ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ "ਮਾਊਂਟ ਬੈਟਨ ਯੋਜਨਾ ਵਿਚ ਜਨ ਸੰਖਿਆ ਅਤੇ ਸੰਪਤੀ ਦੀ ਅਦਲਾ ਬਦਲੀ ਦੀ ਧਾਰਾ ਨਾ ਹੋਣ ਕਾਰਨ ਭਾਰਤ ਅਤੇ ਪੰਜਾਬ ਦੀ ਵੰਡ ਦਾ ਮਨੋਰਥ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਹੋ ਸਕਦਾ।" ਜੁਲਾਈ ਦੇ ਦੂਜੇ ਹਫਤੇ ਸਿੱਖਾਂ ਨੇ ਪ੍ਰਤਿੱਗਿਆ ਦਿਵਸ ਮਨਾ ਕੇ ਪ੍ਰਣ ਕੀਤਾ ਕਿ ਉਹ ਆਪਣੇ ਮਨੋਰਥ ਦੀ ਪੂਰਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨਗੇ। 15 ਜੁਲਾਈ 1947 ਨੂੰ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਕਰਤਾਰ ਸਿੰਘ ਨੇ ਅਖ਼ਬਾਰਾਂ ਨੂੰ ਦਿੱਤੇ ਇਕ ਬਿਆਨ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਿੱਖ ਉਦੋਂ ਤੱਕ ਚੈਨ ਨਾਲ ਨਹੀਂ ਬੈਠਣਗੇ ਜਦੋਂ ਤੱਕ ਕਿ ਪਰਬੀ ਪੰਜਾਬ ਦੀ ਹੱਦ ਇਸ ਤਰ੍ਹਾਂ ਨੀਯਤ ਨਹੀਂ ਕੀਤੀ ਜਾਂਦੀ ਕਿ ਸਿੱਖਾਂ ਦੀ 85 ਫੀ ਸਦੀ ਸੰਖਿਆ ਪੂਰਬੀ ਪੰਜਾਬ ਵਿਚ ਆ ਜਾਵੇ ਅਤੇ ਬਾਕੀ ਦੀ 15 ਫੀ ਸਦੀ ਆਬਾਦੀ ਨੂੰ ਪਾਕਿਸਤਾਨ ਵਿੱਚੋਂ ਭਾਰਤ ਵਿਚ ਲਿਆਉਣ ਦੇ ਵਿਸ਼ੇਸ਼ ਯਤਨ ਕੀਤੇ ਜਾਣ।

ਗਿਆਨੀ ਕਰਤਾਰ ਸਿੰਘ ਦਾ ਇਹ ਬਿਆਨ ਪੰਜਾਬ ਦੀ ਹਿੰਦੂ ਅਤੇ ਸਿੱਖ ਜਨਤਾ ਲਈ ਪਾਕਿਸਤਾਨ ਤੋਂ ਪੰਜਾਬ ਦਾ ਵਧ ਤੋਂ ਵਧ ਖੇਤਰ ਬਚਾਉਣ ਲਈ ਕੁਰਬਾਨੀ ਲਈ ਇਕ ਬਿਗਲ ਸੀ। ਹੁਣ ਉਹਨਾਂ ਲਈ "ਕਰੋ ਜਾਂ ਮਰੋ" ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਕੁਝ ਅੰਗਰੇਜ਼ ਸੈਨਕ ਅਫਸਰਾਂ ਨੇ ਵੀ ਸਿੱਖਾਂ ਦੀ ਸਹਾਇਤਾ ਕਰਨ ਦਾ ਯਤਨ ਕੀਤਾ। ਇਨ੍ਹਾਂ ਵਿਚ ਇਕ ਮੇਜਰ ਸ਼ਾਰਟ ਜੋ ਲਾਰਡ ਇਸਮੇ ਦਾ ਨਿੱਜੀ ਸਹਾਇਕ ਸੀ, ਸਿੱਖਾਂ ਦਾ ਬੜੀ ਦੇਰ ਤੋਂ ਹਿਤੈਸ਼ੀ ਸੀ ਅਤੇ ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੂੰ ਉਸ ਤੇ ਬੜਾ ਵਿਸ਼ਵਾਸ ਸੀ।

ਇਨ੍ਹਾਂ ਦਿਨਾਂ ਵਿਚ ਹੀ ਗਿਆਨੀ ਕਰਤਾਰ ਸਿੰਘ ਨੇ ਇਕ ਦੋ ਮੈਂਬਰੀ ਸਿੱਖ ਪ੍ਰਤੀਨਿਧ ਮੰਡਲ ਇੰਗਲੈਂਡ ਭੇਜਿਆ ਤਾਂ ਜੋ ਉਥੇ ਸਿੱਖਾਂ ਦੇ ਹਿੱਤਾਂ ਲਈ ਹਮਦਰਦੀ ਪੈਦਾ ਕੀਤੀ ਜਾ ਸਕੇ। ਇਸ ਡੈਲੀਗੇਸ਼ਨ ਦੇ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਗੰਗਾ ਸਿੰਘ ਅਤੇ ਦਿੱਲੀ ਦੇ ਸਿਰਕੱਢ ਸਿੱਖ ਨੇਤਾ ਸਰਦਾਰ ਮਿਹਰਬਾਨ ਸਿੰਘ ਧੂਪੀਆ ਮੈਂਬਰ ਸਨ। ਇਨ੍ਹਾਂ ਨੇ ਐਟਲੀ ਸਰਕਾਰ ਨੂੰ ਅਕਾਲੀ

Digitized by Panjab Digital Library | www.panjabdigilib.org

ਦਲ ਵਲੋਂ ਇਕ ਯਾਦ-ਪੱਤਰ ਪੇਸ਼ ਕੀਤਾ ਅਤੇ ਲੰਦਨ ਦੇ ਬਾਜ਼ਾਰਾਂ ਵਿਚ ਇਕ ਵਿਸ਼ਾਲ ਜਲੂਸ ਸੰਗਠਤ ਕੀਤਾ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਨੂੰ ਜਾਣੂ ਕਰਵਾਇਆ ਕਿ ਪੰਜਾਬ ਦੀ ਵੰਡ ਕਾਰਨ ਸਿੱਖਾਂ ਨੂੰ ਆਪਣੇ ਪਵਿੱਤਰ ਇਤਿਹਾਸਕ ਗੁਰਦਵਾਰਿਆਂ ਤੋਂ ਹੱਥ ਧੋਣੇ ਪਏ ਹਨ ਅਤੇ ਅੱਧੇ ਸਿੱਖ ਪਾਕਿਸਤਾਨ ਦੇ ਇਲਾਕੇ ਵਿਚ ਹੀ ਰਹਿ ਗਏ ਹਨ ਅਤੇ ਸਿੱਖਾਂ ਦੀ 700 ਕਰੋੜ ਰੁਪਏ ਦੀ ਜਾਇਦਾਦ ਦੀ ਹਾਨੀ ਹੋਵੇਗੀ।

ਗਿਆਨੀ ਕਰਤਾਰ ਸਿੰਘ ਨੇ ਰੈਡਕਲਿਫ ਕਮਿਸ਼ਨ ਤੋਂ ਸਿੱਖਾਂ ਦੇ ਹੱਕ ਵਿਚ ਫੈਸਲਾ ਕਰਵਾਉਣ ਦਾ ਆਖਰੀ ਅਤੇ ਭਰਪੂਰ ਯਤਨ ਕੀਤਾ। ਉਸ ਨੇ ਖੁਲ੍ਹੇ ਤੌਰ ਤੇ ਸਰਕਾਰ ਨੂੰ ਭਿਆਨਕ ਅਤੇ ਖਤਰਨਾਕ ਨਤੀਜਿਆਂ ਦੀ ਧਮਕੀ ਦਿੱਤੀ ਅਤੇ ਪੰਜਾਬ ਦੇ ਗਵਰਨਰ ਸਰ ਏਵਨ ਜੇਂਕਨਜ਼ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ। ਪੰਜਾਬ ਦਾ ਗਵਰਨਰ ਸਿੱਖਾਂ ਨਾਲ ਕਾਫ਼ੀ ਹਮਦਰਦੀ ਰਖਦਾ ਸੀ ਅਤੇ ਉਹਨਾਂ ਦੀਆਂ ਹੱਕੀ ਮੰਗਾਂ ਦੀ ਪ੍ਰੋੜ੍ਹਤਾ ਵਿਚ ਭਾਰਤ ਦੇ ਵਾਇਸਰਾਏ ਨੂੰ ਵੀ ਲਿਖ ਚੁਕਿਆ ਸੀ। 10 ਜੁਲਾਈ 1947 ਨੂੰ ਉਸ ਨੇ ਵਾਇਸਰਾਏ ਨੂੰ ਇਕ ਹੋਰ ਅੱਤ ਜ਼ਰੂਰੀ ਪੱਤਰ ਲਿਖਿਆ ਅਤੇ ਗਿਆਨੀ ਕਰਤਾਰ ਸਿੰਘ ਨਾਲ ਆਪਣੀ ਮੁਲਾਕਾਤ ਦਾ ਵਰਨਣ ਕਰਦੇ ਹੋਏ ਲਿਖਿਆ "ਸਿੱਖ ਨੇਤਾ ਗਿਆਨੀ ਕਰਤਾਰ ਸਿੰਘ ਅਜ ਮੈਨੂੰ ਮਿਲਣ ਲਈ ਆਇਆ। ਉਸਨੇ ਕਿਹਾ ਕਿ ਉਹ ਭਾਰਤੀ ਸੁਤੰਤਰਤਾ ਬਿਲ ਅਤੇ ਹਦਬੰਦੀ ਕਮਿਸ਼ਨ ਸਬੰਧੀ ਗਲਬਾਤ ਕਰਨ ਲਈ ਆਇਆ ਹੈ। ਉਸਨੇ ਦੱਸਿਆ ਕਿ ਪੰਜਾਬ ਵਿਚ ਬਹੁਤ ਵੱਡੀ ਪੱਧਰ ਤੇ ਜਨ-ਸੰਖਿਆ ਦੀ ਅਦਲਾ-ਬਦਲੀ ਕਰਨੀ ਪਵੇਗੀ। ਕੀ ਬਰਿਟਸ਼ ਸਰਕਾਰ ਇਹ ਕੰਮ ਆਪਣੇ ਜ਼ਿੰਮੇਂ ਲੈਣ ਲਈ ਤਿਆਰ ਹੈ ? ਉਸ ਨੂੰ ਸ਼ੱਕ ਹੈ ਕਿ ਸਰਕਾਰ ਇਸ ਬਾਰੇ ਵਿਚ ਕੋਈ ਸੋਚ-ਵਿਚਾਰ ਨਹੀਂ ਕਰ ਰਹੀ। ਜੇ ਸਿੱਖਾਂ ਨੂੰ ਸੰਗੰਠਤ ਰੱਖਣ ਅਤੇ ਉਹਨਾਂ ਦੀ ਏਕਤਾ ਵਲ ਧਿਆਨ ਨਾ ਦਿੱਤਾ ਗਿਆ, ਤਾਂ ਉਹਨਾਂ ਨੂੰ ਯੁਧ ਕਰਨਾ ਪਵੇਗਾ। ਗਿਆਨੀ ਜੀ ਨੇ ਫਿਰ ਕਿਹਾ ਕਿ ਸਿੱਖਾਂ ਦਾ ਅਪਣੇ ਹੋਮਲੈਂਡ ਅਤੇ ਜਨਮ-ਭੂਮੀ ਤੇ ਓਨਾ ਹੀ ਅਧਿਕਾਰ ਹੈ ਜਿੰਨਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦਾ। ਉਹਨਾਂ ਨੂੰ ਉਹਨਾਂ ਦਾ ਪਵਿੱਤਰ ਅਸਥਾਨ ਨਨਕਾਣਾ ਸਾਹਿਬ ਅਤੇ ਵੱਡੀਆਂ ਨਹਿਰਾਂ ਦਾ ਇਕ ਖੇਤਰ ਜ਼ਰੂਰ ਮਿਲਣਾ ਚਾਹੀਦਾ ਹੈ ਅਤੇ ਘੱਟ ਤੋਂ ਘੱਟ ਤਿੰਨ ਚੌਥਾਈ ਸਿੱਖ ਆਬਾਦੀ ਨੂੰ

Digitized by Panjab Digital Library | www.panjabdigilib.org

ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿਚ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ। ਆਬਾਦੀਆਂ ਦੀ ਬਦਲੀ ਅਤੇ ਰਾਜਾਂ ਦੀ ਹੱਦ ਨੀਯਤ ਕਰਨ ਸੰਬੰਧੀ ਫੈਸਲਾ ਕਰਨ ਸਮੇਂ ਜਾਇਦਾਦ ਅਤੇ ਆਬਾਦੀ ਦੋਹਾਂ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਕਿਉਂਕਿ ਸਿੱਖਾਂ ਦੀ ਆਰਥਿਕ ਦਸ਼ਾ ਮੁਸਲਮਾਨਾਂ ਨਾਲੋਂ ਹਰ ਹਾਲਤ ਵਿਚ ਚੰਗੀ ਹੈ। ਗਿਆਨੀ ਜੀ ਨੇ ਕਿਹਾ ਕਿ ਜੇ ਬਰਿਟਸ਼ ਸਮਰਾਟ ਦੀ ਸਰਕਾਰ, ਵਾਇਸਰਾਏ ਅਤੇ ਦੇਸ਼ ਦੇ ਰਾਜਨੀਤਕ ਨੇਤਾਵਾਂ ਨੇ ਅਨੁਭਵ ਨਾ ਕੀਤਾ ਕਿ ਸਿੱਖਾਂ ਦੇ ਹਿੱਤ ਇਕ ਅਵੱਸ਼ਕ ਕੌਮੀ ਸਮੱਸਿਆ ਹੈ ਤਾਂ ਭਾਰੀ ਗੜਬੜ ਹੋਵੇਗੀ ਅਤੇ ਸਿੱਖਾਂ ਨੂੰ ਮਜ਼ਬੂਰ ਹੋ ਕੇ ਯੁੱਧ ਕਰਨਾ ਪਵੇਗਾ। ਸਿੱਖਾਂ ਨੂੰ ਇਸ ਦਸ਼ਾ ਦਾ ਗਿਆਨ ਹੈ ਕਿ ਉਹਨਾਂ ਦੀ ਹਾਲਤ ਪਤਲੀ ਹੈ ਅਤੇ ਉਹਨਾਂ ਦੇ ਹਿੱਤਾਂ ਦੀ ਕਿਸੇ ਨੂੰ ਵੀ ਪਰਵਾਹ ਨਹੀਂ ਹੈ, ਪਰ ਉਹ ਕ੍ਰਾਂਤੀਕਾਰੀ ਢੰਗ ਨਾਲ ਆਪਣਾ ਯੁੱਧ ਜਾਰੀ ਰੱਖਣਗੇ ਅਤੇ ਅਫ਼ਸਰਾਂ ਨੂੰ ਕਤਲ ਕਰਨ, ਰੇਲਵੇ ਲਾਈਨਾਂ ਕੱਟਣ, ਨਹਿਰਾਂ ਤੇ ਹੈੱਡ ਵਰਕਸ ਤਬਾਹ ਕਰਨ ਅਤੇ ਹੋਰ ਕ੍ਰਾਂਤੀਕਾਰੀ ਕਾਰਵਾਈਆਂ ਕਰਨ ਤੋਂ ਵੀ ਪਿੱਛੇ ਨਹੀਂ ਹਟਣਗੇ। ਅਖੀਰ ਵਿਚ ਗਿਆਨੀ ਕਰਤਾਰ ਸਿੰਘ ਨੇ ਸਿੱਖਾਂ ਲਈ ਇਸ ਭਿਆਨਕ ਸੰਕਟ ਦੇ ਸਮੇਂ ਉਹਨਾਂ ਦੀ ਸਹਾਇਤਾ ਕਰਨ ਲਈ ਵਧ ਤੋਂ ਵਧ ਯਤਨ ਕਰਨ ਦੀ ਅਪੀਲ ਕੀਤੀ। ਉਸ ਨੇ ਮੇਰੇ ਵਿਚ ਡੂੰਘਾ ਵਿਸ਼ਵਾਸ਼ ਪ੍ਰਗਟ ਕਰਦੇ ਹੋਏ ਕਿਹਾ ਕਿ ਜੇ ਪੰਜਾਬ ਦੀ ਹੱਦਬੰਦੀ ਦਾ ਮਸਲਾ ਸਹੀ ਢੰਗ ਨਾਲ ਹਲ ਨਾ ਹੋਇਆ ਤਾਂ ਮੇਰੇ ਲਈ ਪੰਜਾਬ ਨੂੰ ਖੂਨ-ਖਰਾਬੇ ਅਤੇ ਹੰਝੂਆਂ ਭਰੀ ਤਰਸਯੋਗ ਹਾਲਤ ਵਿਚ ਛਡ ਕੇ ਜਾਣਾ ਚੰਗਾ ਨਹੀਂ ਹੋਵੇਗਾ। ਗਿਆਨੀ ਕਰਤਾਰ ਸਿੰਘ ਆਪਣੀ ਸਾਰੀ ਗਲਬਾਤ ਵਿਚ ਬੜਾ ਗੰਭੀਰ ਅਤੇ ਚੁੱਪ-ਚਾਪ ਰਿਹਾ ਪਰ ਜਦੋਂ ਉਸ ਨੇ ਮੈਨੂੰ ਆਖਰੀ ਅਪੀਲ ਕੀਤੀ, ਤਾਂ ਉਹ ਰੋਣ ਲੱਗ ਪਿਆ। ਉਸ ਦਾ ਇਹ ਰੋਣ ਸਿੱਖਾਂ ਵਲੋਂ ਇਕ ਚਿਤਾਵਨੀ ਦਾ ਪ੍ਰਤੀਕ ਸੀ। ਨਿਰਸੰਦੇਹ ਸਿੱਖ ਉਲਝਣ ਵਿਚ ਫਸੇ ਹੋਏ ਹਨ ਅਤੇ ਬੜੇ ਮਾਯੂਸ ਅਤੇ ਨਾ ਖ਼ੁਸ਼ ਹਨ। ਮੈਂ ਕਿਸੇ ਵੀ ਆਧਾਰ ਤੇ ਇਹ ਨਹੀਂ ਮੰਨ ਸਕਦਾ ਕਿ ਜਿਹੜੀਆਂ ਝਗੜਾਲੂ ਰੁਚੀਆਂ ਉਹਨਾਂ ਵਿਚ ਪਿਛਲੇ ਸੌ ਸਾਲਾਂ ਤੋਂ ਵਧ ਸਮੇਂ ਤੋਂ ਸਨ, ਹੁਣ ਉਹਨਾਂ ਤਿਆਗ ਦਿੱਤੀਆਂ ਹਨ।"

## ਆਬਾਦੀ ਦਾ ਵਟਾਂਦਰਾ

ਉੱਪਰਲੀ ਚਿੱਠੀ ਵਿਚ ਦਿੱਤੇ ਵਿਚਾਰਾਂ ਤੋਂ ਸਾਨੂੰ ਗਿਆਨੀ ਕਰਤਾਰ ਸਿੰਘ

Digitized by Panjab Digital Library | www.panjabdigilib.org

ਦੇ ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਰੂਪ ਵਿਚ ਸਿੱਖਾਂ ਲਈ ਪ੍ਰੇਮ ਅਤੇ ਸਦ-ਭਾਵਨਾ ਦਾ ਭਲੀ-ਭਾਂਤ ਗਿਆਨ ਹੋ ਜਾਂਦਾ ਹੈ। ਉਹ ਸਿੱਖਾਂ ਦੇ ਨਾ ਪੂਰੇ ਹੋਣ ਵਾਲ ਘਾਟੇ ਤੋਂ ਅਤੀ ਦੁਖੀ ਸੀ। ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਰ੍ਹਾਂ ਅਨੁਭਵ ਹੋ ਗਿਆ ਸੀ ਕਿ ਰੈਡਕਲਿਫ ਐਵਾਰਡ ਕਦੀ ਵੀ ਸਿੱਖਾਂ ਦੇ ਹੱਕ ਵਿਚ ਨਹੀਂ ਸੀ ਹੋ ਸਕਦਾ ਅਤੇ ਉਹਨਾਂ ਦੀ ਹਾਲਤ ਉਸ ਕੀੜੇ ਵਾਂਗ ਹੈ ਜੋ ਆਪਣੀ ਜਾਨ ਬਚਾਉਣ ਅਤੇ ਡੁੱਬਣ ਤੋਂ ਬਚਣ ਲਈ ਆਖਰੀ ਤਿਨਕੇ ਦਾ ਸਹਾਰਾ ਲੈ ਰਿਹਾ ਹੋਵੇ। ਇਸ ਗੜਬੜ ਅਤੇ ਸੰਕਟ ਦੇ ਸਮੇਂ ਗਿਆਨੀ ਕਰਤਾਰ ਸਿੰਘ ਨੇ ਆਪਣੇ ਲੋਕਾਂ ਨੂੰ ਵਧ ਰਹੇ ਦੁੱਖਾਂ ਤੋਂ ਬਚਾਉਣ ਲਈ ਹੋਰ ਯੋਜਨਾਵਾਂ ਬਾਰੇ ਸੋਚਣਾ ਆਰੰਭ ਕਰ ਦਿੱਤਾ। ਉਹ ਸਾਰੇ ਹਿੰਦੂਆਂ ਅਤੇ ਸਿੱਖਾਂ ਨੂੰ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿਚ ਲਿਆਉਣ ਤੇ ਤੁਲਿਆ ਹੋਇਆ ਸੀ। ਸਰਦਾਰ ਅਮਰ ਸਿੰਘ ਅੰਬਾਲਵੀ ਦੀ ਜਥੇਬੰਦਕ ਯੋਗਤਾ ਨੂੰ ਵਰਤ ਕੇ ਪੱਛਮੀ ਪੰਜਾਬ ਤੋਂ ਸ਼ਹਿਰੀ ਆਬਾਦੀ ਨੂੰ ਰੇਲ ਗੱਡੀਆਂ ਰਾਹੀਂ ਅਤੇ ਪੇਂਡੂ ਆਬਾਦੀ ਦੇ ਬੈਲ-ਗੱਡਿਆਂ ਦੇ ਕਾਫਲੇ ਤਰਤੀਬ ਨਾਲ ਚਲਾ ਕੇ ਪੂਰਬੀ ਪੰਜਾਬ ਵਿਚ ਪਹੁੰਚਾਇਆ। ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਇਸ ਕੰਮ ਨੂੰ ਸਿਰੇ ਚਾੜ੍ਹਨ ਵਿਚ ਹਰ ਪਰਕਾਰ ਦੀ ਸਹਾਇਤਾ ਦਾ ਵਚਨ ਦਿੱਤਾ।

ਗਿਆਨੀ ਕਰਤਾਰ ਸਿੰਘ ਨੇ ਉਦੋਂ ਤੱਕ ਲਾਇਲਪੁਰ ਹੀ ਅਟਕਣ ਦਾ ਨਿਰਣਾ ਕੀਤਾ ਜਦੋਂ ਤੱਕ ਕਿ ਸਾਰੇ ਦੁਖੀ ਹਿੰਦੂ ਸਿੱਖ ਭਾਰਤ ਵਿਚ ਸਹੀ ਸਲਾਮਤ ਨਾ ਪਹੁੰਚ ਜਾਣ। ਹੁਣ ਉਸ ਨੇ ਇਕ ਹੋਰ ਵੱਡਾ ਕੰਮ ਆਪਣੇ ਜ਼ਿੰਮੇਂ ਲੈ ਲਿਆ। ਉਹ ਜਲਦੀ ਤੋਂ ਜਲਦੀ ਹਿੰਦੂਆਂ ਅਤੇ ਸਿੱਖਾਂ ਨੂੰ ਪੱਛਮੀ ਪੰਜਾਬ ਤੋਂ ਭਾਰਤ ਵਿਚ ਸਹੀ ਸਲਾਮਤ ਲਿਆਉਣਾ ਚਾਹੁੰਦਾ ਸੀ। ਗਿਆਨੀ ਕਰਤਾਰ ਸਿੰਘ ਉਸ ਸਮੇਂ ਦੇ ਪੱਛਮੀ ਪੰਜਾਬ ਦੇ ਗਵਰਨਰ ਸਰ ਫ੍ਰਾਂਸਿਸ ਮੋਦੀ ਨੂੰ ਲਾਇਲਪੁਰ ਵਿਖੇ ਮਿਲਿਆ ਅਤੇ ਉਸਨੂੰ ਇਹ ਬੇਨਤੀ ਕੀਤੀ ਕਿ ਜਿਹੜੇ ਹਿੰਦੂ ਅਤੇ ਸਿੱਖ ਪਾਕਿਸਤਾਨ ਛੱਡਣਾ ਚਾਹੁੰਦੇ ਹਨ ਉਹਨਾਂ ਨੂੰ ਜਲਦੀ ਅਤੇ ਪੂਰੀ ਹਿਫ਼ਾਜ਼ਤ ਨਾਲ ਭਾਰਤ ਪਹੁੰਚਾਇਆ ਜਾਵੇ। ਕੁਦਰਤੀ ਤੌਰ ਤੇ ਇਸ ਸਮੇਂ ਤੱਕ ਪਾਣੀ ਸਿਰ ਤੋਂ ਟੱਪ ਚੁਕਿਆ ਸੀ ਅਤੇ ਹਾਲਤ ਅਤੀ ਗੰਭੀਰ ਹੋ ਚੁਕੇ ਸਨ। ਗਿਆਨੀ ਕਰਤਾਰ ਸਿੰਘ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਚੁਕਿਆ ਸੀ ਅਤੇ ਉਸ ਨੂੰ ਗੁਪਤ ਅਤੇ ਪੱਕੀ ਜਾਣਕਾਰੀ ਮਿਲ ਚੁਕੀ ਸੀ ਕਿ ਸ਼੍ਰੀ ਮੁਹੰਮਦ ਅਲੀ ਜਿਨਾਹ ਨੇ ਪੱਛਮੀ ਪੰਜਾਬ ਦੇ ਗਵਰਨਰ ਨੂੰ ਇਹ

Digitized by Panjab Digital Library | www.panjabdigilib.org

ਆਦੇਸ਼ ਦੇ ਦਿੱਤਾ ਸੀ ਕਿ ਸਾਰੇ ਹਿੰਦੂਆਂ ਅਤੇ ਸਿੱਖਾਂ ਨੂੰ ਪੱਛਮੀ ਪਾਕਿਸਤਾਨ ਵਿਚੋਂ ਬਾਹਰ ਕੱਢ ਦਿੱਤਾ ਜਾਵੇ। ਗਿਆਨੀ ਕਰਤਾਰ ਸਿੰਘ ਦੇ ਵਿਚਾਰ ਦੇ ਸਹੀ ਹੋਣ ਅਤੇ ਮੁਸਲਮ ਲੀਗ ਵਲੋਂ ਪੱਛਮੀ ਪਾਕਿਸਤਾਨ ਵਿਚੋਂ ਹਿੰਦੂਆਂ ਅਤੇ ਸਿੱਖਾਂ ਦੇ ਪੂਰੇ ਤੌਰ ਤੇ ਸਫਾਇਆ ਕਰਨ ਬਾਰੇ ਉਹ ਪੱਤਰ ਇਕ ਪੱਕਾ ਪ੍ਰਮਾਣ ਹੈ, ਜੋ ਸਰ ਫ੍ਰਾਂਸਿਸ ਮੋਦੀ ਨੇ ਮਿਸਟਰ ਜਿਨਾਹ ਨੂੰ ਲਿਖਿਆ। ਆਪਣੇ ਪੱਤਰ ਵਿਚ ਸਰ ਫ੍ਰਾਂਸਿਸ ਮੋਦੀ ਨੇ ਲਿਖਿਆ "ਮੈਂ ਹਰ ਇਕ ਨੂੰ ਸੂਚਿਤ ਕਰ ਰਿਹਾ ਹਾਂ ਕਿ ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਸਿੱਖ ਕਿਸ ਤਰ੍ਹਾਂ ਸੀਮਾ ਪਾਰ ਕਰਦੇ ਹਨ। ਸਾਡਾ ਸਭ ਤੋਂ ਵੱਡਾ ਉਦੇਸ਼ ਜਿੰਨੀ ਵੀ ਛੇਤੀ ਹੋ ਸਕੇ, ਸਿੱਖਾਂ ਤੋਂ ਛੁਟਕਾਰਾ ਪਾਉਣਾ ਹੈ। ਅੱਜ ਤੱਕ ਲਾਇਲਪੁਰ ਵਿਚ ਬੈਠੇ ਤਿੰਨ ਲੱਖ ਸਿੱਖਾਂ ਵਲੋਂ ਭਾਰਤ ਜਾਣ ਲਈ ਕੋਈ ਹਿਲਜੁੱਲ ਨਹੀਂ ਹੋ ਰਹੀ, ਪਰ ਮੈਨੂੰ ਵਿਸ਼ਵਾਸ ਹੈ ਕਿ ਅੰਤ ਉਨ੍ਹਾਂ ਨੂੰ ਜਾਣਾ ਪਵੇਗਾ।" ਅੰਤ ਵਿਚ ਦੋਹਾਂ ਪਾਸਿਆਂ ਤੋਂ ਪੂਰੇ ਤੌਰ ਤੇ ਆਬਾਦੀਆਂ ਦਾ ਵਟਾਂਦਰਾ ਹੋ ਗਿਆ।

ਗਿਆਨੀ ਕਰਤਾਰ ਸਿੰਘ ਨੇ ਵਾਹੀਕਾਰ ਸ਼ਰਨਾਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਹਾਲਤ ਵਿਚ ਵੀ ਅੰਬਾਲਾ ਜ਼ਿਲ੍ਹੇ ਤੋਂ ਅੱਗੇ ਨਾ ਜਾਣ। ਇਸ ਵਿਚ ਗਿਆਨੀ ਜੀ ਦਾ ਉਦੇਸ਼ ਪੰਜਾਬ ਦੇ ਪੰਜਾਬੀ ਬੋਲਦੇ ਖੇਤਰ ਨੂੰ ਆਰਥਕ ਅਤੇ ਸਿਆਸੀ ਤੌਰ ਤੇ ਮਜ਼ਬੂਤ ਕਰਨਾ ਅਤੇ ਇਸ ਖੇਤਰ ਵਿਚ ਸਿੱਖ ਆਬਾਦੀ ਦੇ ਤਨਾਸਬ ਨੂੰ ਵਧਾਉਣਾ ਸੀ। ਉਸ ਦਾ ਵਿਚਾਰ ਸੀ ਕਿ ਪੰਜਾਬੀ ਉਸ ਇਲਾਕੇ ਵਿਚ ਹੀ ਪ੍ਰਫੁਲਤ ਹੋ ਸਕਦੇ ਹਨ, ਜਿਥੇ ਉਨ੍ਹਾਂ ਦੀਆਂ ਸੰਸਕ੍ਰਿਤਿਕ, ਸਮਾਜਕ ਅਤੇ ਧਾਰਮਕ ਜੜ੍ਹਾਂ ਪਹਿਲਾਂ ਹੀ ਮੌਜੂਦ ਹੋਣ। ਮੁਸਲਮਾਨਾਂ ਵਲੋਂ ਛੱਡੀ ਗਈ ਭੂਮੀ ਵੀ ਪੰਜਾਬ ਵਿਚ ਹੀ ਮਿਲ ਸਕਦੀ ਸੀ। ਆਪਣੀ ਸਿਆਸੀ ਸੂਝ-ਬੂਝ ਕਾਰਨ ਉਹ ਭਵਿੱਖ ਵਿਚ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਦਾ ਵੀ ਇੱਛਕ ਸੀ। ਸ਼ਾਇਦ ਉਸ ਨੇ ਇਸ ਪ੍ਰਕਾਰ ਪੰਜਾਬੀ ਸੂਬੇ ਦੀ ਨੀਂਹ ਰੱਖ ਦਿੱਤੀ ਸੀ।

ਇਹ ਗੱਲ ਵਰਨਣਯੋਗ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਵੀ ਗਿਆਨੀ ਜੀ ਦੇ ਇਸ ਸੁਝਾਅ ਦੀ ਹਮਾਇਤ ਕੀਤੀ, ਭਾਵੇਂ ਉਸ ਦਾ ਉਦੇਸ਼ ਗਿਆਨੀ ਜੀ ਨਾਲੋਂ ਬਿਲਕੁੱਲ ਵੱਖਰਾ ਸੀ ਅਤੇ ਉਹ ਗਿਆਨੀ ਜੀ ਦੀ ਸਿਆਸੀ ਚਾਲ ਵਿਚ ਆ ਰਿਹਾ ਸੀ। ਸਰਦਾਰ ਪਟੇਲ ਅਨੁਭਵ ਕਰਦਾ ਸੀ ਕਿ ਜੇ ਸਿੱਖ ਅੰਬਾਲਾ ਜ਼ਿਲ੍ਹੇ

Digitized by Panjab Digital Library | www.panjabdigilib.org

ਤੋਂ ਅੱਗੇ ਗਏ ਤਾਂ ਮੁਸਲਮਾਨਾਂ ਵਿਰੁੱਧ ਕਰੜੇ ਰੋਸ ਕਾਰਨ ਉਹ ਹਰ ਥਾਂ ਫਸਾਦ ਕਰਨਗੇ ਤੇ ਭਾਰਤ ਸਰਕਾਰ ਦੀਆਂ ਮੁਸੀਬਤਾਂ ਵਿਚ ਵਾਧਾ ਕਰ ਦੇਣਗੇ। ਇਸ ਲਈ ਉਹ ਇਸ ਗੱਲ ਤੇ ਖੁਸ਼ ਸੀ ਕਿ ਪਾਕਿਸਤਾਨ ਤੋਂ ਆ ਰਹੇ ਸ਼ਰਨਾਰਥੀਆਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਉਸ ਇਲਾਕੇ ਵਿਚ ਹੀ ਵਸਾਇਆ ਜਾ ਰਿਹਾ ਸੀ ਜਿਥੇ ਮੁਸਲਮਾਨਾਂ ਦੀ ਆਬਾਦੀ ਨਹੀਂ ਸੀ ਅਤੇ ਵਾਹੀ ਯੋਗ ਭੂਮੀ ਕਾਫ਼ੀ ਮਾਤਰਾ ਵਿਚ ਪ੍ਰਾਪਤ ਕੀਤੀ ਜਾ ਸਕਦੀ ਸੀ।

ਇਸ ਤਰ੍ਹਾਂ ਸੁਤੰਤਰਤਾ ਅੰਦੋਲਨ ਅਤੇ ਵਿਸ਼ੇਸ਼ ਰੂਪ ਵਿਚ ਪੰਜਾਬ ਦੇ ਇਤਿਹਾਸ ਦੇ ਇਕ ਕਾਂਡ ਦਾ ਅੰਤ ਹੋ ਗਿਆ। ਪੰਜਾਬ ਦੇ ਲੋਕਾਂ ਨੂੰ ਮਹਾਨ ਕੁਰਬਾਨੀਆਂ ਕਰਨੀਆਂ ਪਈਆਂ। ਪਰ ਸਾਰੇ ਸਿੱਖ ਨੇਤਾਵਾਂ ਵਿਚੋਂ ਗਿਆਨੀ ਕਰਤਾਰ ਸਿੰਘ ਦੀ ਕੁਰਬਾਨੀ ਅਤੇ ਸੂਝ-ਬੂਝ ਵਿਸ਼ੇਸ਼ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ, ਅਤੇ ਉਹਨਾਂ ਦੇ ਯਤਨ ਅਤੇ ਕੰਮ ਅਤਿਅੰਤ ਸ਼ਲਾਘਾ ਯੋਗ ਹਨ। ਉਹ ਇਸ ਕਰੜੀ ਪ੍ਰੀਖਿਆ ਅਤੇ ਪਰਖ ਵਿਚ ਮਾਣ ਅਤੇ ਇੱਜ਼ਤ ਨਾਲ ਸਫ਼ਲ ਸਿੱਧ ਹੋਇਆ। ਪੰਜਾਬ ਦੀ ਵੰਡ ਸਮੇਂ ਦੇ ਪੰਜਾਬ ਦੇ ਇਤਿਹਾਸ ਵਿਚ ਉਸ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਪਿਛੋਂ ਨਵੇਂ ਪੰਜਾਬ ਵਿਚ ਵੀ ਉਸ ਦਾ ਯੋਗਦਾਨ ਘੱਟ ਸ਼ਲਾਘਾ-ਯੋਗ ਨਹੀਂ।

□

Digitized by Panjab Digital Library | www.panjabdigilib.org

# 6

# ਪੰਜਾਬ ਦੇ ਵਿਕਾਸ ਦਾ ਭਾਈਵਾਲ

ਸੁਤੰਤਰਤਾ ਦੇ ਪਿੱਛੋਂ ਪੰਜਾਬ ਦੀ ਪ੍ਰਗਤੀ ਅਤੇ ਉੱਨਤੀ ਵਿਚ ਗਿਆਨੀ ਕਰਤਾਰ ਸਿੰਘ ਇਕ ਮਹਾਨ. ਵਿਸ਼ੇਸ਼ ਅਤੇ ਕ੍ਰਿਆਤਮਕ ਆਗੂ ਦੇ ਰੂਪ ਵਿਚ ਸਾਹਮਣੇ ਆਇਆ। ਹੁਣ ਉਸ ਦਾ ਉਦੇਸ਼ ਮੁੱਖ ਰੂਪ ਵਿਚ ਸਿੱਖ ਰਾਜਨੀਤੀ ਦਾ ਸਮੁੱਚੇ ਭਾਰਤ ਦੀ ਰਾਸ਼ਟਰੀ ਰਾਜਨੀਤੀ ਨਾਲ ਸੁਮੇਲ ਪੈਦਾ ਕਰਨਾ ਅਤੇ ਪੰਜਾਬ ਨੂੰ ਇਕ ਨਮੂਨੇ ਦਾ, ਆਧੁਨਿਕ ਅਤੇ ਧਰਮ ਨਿਰਪੱਖ ਰਾਜ ਬਣਾਉਣਾ ਸੀ। ਭਾਵੇਂ ਉਸ ਦੀ ਰਾਜਨੀਤਕ ਸੋਚ ਦੇ ਸੰਬੰਧ ਵਿਚ ਕਈ ਪ੍ਰਕਾਰ ਦੇ ਵਾਦ-ਵਿਵਾਦ ਚਲਦੇ ਰਹੇ ਹਨ, ਪਰ ਉਸ ਦੀ ਸਚਾਈ ਅਤੇ ਕੁਰਬਾਨੀ ਕਰਨ ਦੀ ਭਾਵਨਾ ਤੇ ਕਦੇ ਵੀ ਕਿਸੇ ਨੇ ਸ਼ੱਕ ਨਹੀਂ ਕੀਤਾ। ਉਹ ਗੁੰਝਲਦਾਰ ਮਸਲਿਆਂ ਨੂੰ ਆਸਾਨੀ ਨਾਲ ਹੱਲ ਕਰਨ ਦੀ ਯੋਗਤਾ ਰੱਖਦਾ ਸੀ। ਸੋ ਇਸ ਵਿਚਾਰ ਵਿਚ ਕੋਈ ਵੀ ਹੈਰਾਨੀ ਵਾਲੀ ਗੱਲ ਨਹੀਂ ਕਿ ਉਹ ਜੀਵਨ ਕਾਲ ਵਿਚ ਹੀ ਮਹਾਨ ਅਤੇ ਪ੍ਰਮੁੱਖ ਹਸਤੀ ਬਣ ਗਿਆ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਆਧੁਨਿਕ ਪੰਜਾਬ ਦੇ ਇਤਿਹਾਸ ਵਿਚ ਉਸ ਦਾ ਨਾਂ ਧਰੂ ਤਾਰੇ ਵਾਂਗ ਚਮਕਦਾ ਰਹੇਗਾ।



Digitized by Panjab Digital Library | www.panjabdigilib.org

## ਸ਼ਰਨਾਰਥੀ ਸਮੱਸਿਆ ਅਤੇ ਕਾਂਗਰਸ ਵਿਚ ਪ੍ਰਵੇਸ਼

ਬਾਕੀ ਸਿੱਖ ਨੇਤਾਵਾਂ ਦੇ ਮੁਕਾਬਲੇ ਵਿਚ ਗਿਆਨੀ ਕਰਤਾਰ ਸਿੰਘ ਪੰਜਾਬ ਦੀ ਵੰਡ ਦੇ ਸਦਮੇ ਅਤੇ ਨੁਕਸਾਨ ਨੂੰ ਜਲਦੀ ਭੁੱਲਣ ਵਿਚ ਸਫ਼ਲ ਹੋ ਗਿਆ ਸੀ। ਹੁਣ ਰਾਤ ਦਿਨ ਉਹ ਪੱਛਮੀ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਦੇ ਕੰਮ ਵਿਚ ਜੁਟ ਗਿਆ ਸੀ। ਜਦੋਂ ਉਹ ਪਾਕਿਸਤਾਨ ਤੋਂ ਆਇਆ ਤਾਂ ਉਸ ਨੇ ਇਤਿਹਾਸ ਦੇ ਸਭ ਤੋਂ ਵੱਡੇ ਸ਼ਰਨਾਰਥੀ ਕਾਫ਼ਲੇ ਦੀ ਅਗਵਾਈ ਕੀਤੀ। ਇਸ ਕਾਫ਼ਲੇ ਵਿਚ ਲਾਇਲਪੁਰ ਅਤੇ ਮਿੰਟਗੁਮਰੀ ਜ਼ਿਲਿਆਂ ਵਿਚੋਂ ਭਾਰਤ ਆ ਰਹੇ ਤਿੰਨ ਲੱਖ ਸ਼ਰਨਾਰਥੀ ਸ਼ਾਮਲ ਸਨ। ਗਿਆਨੀ ਜੀ ਨੇ ਸ਼ਰਨਾਰਥੀ ਭੂਮੀ-ਮਾਲਕਾਂ ਤੇ ਇਸ ਗੱਲ ਲਈ ਜ਼ੋਰ ਦਿੱਤਾ ਕਿ ਉਹ ਕਿਸੇ ਹਾਲਤ ਵਿਚ ਵੀ ਅੰਬਾਲਾ ਜ਼ਿਲ੍ਹੇ ਤੋਂ ਅੱਗੇ ਨਾ ਜਾਣ। ਉਹਨਾਂ ਨੇ ਮੁੜ-ਵਸਾਊ ਮੰਤਰੀ ਸਰਦਾਰ ਜੁਗਿੰਦਰ ਸਿੰਘ ਮਾਨ ਅਤੇ ਵਿੱਤ ਕਮਿਸ਼ਨਰ ਸ਼੍ਰੀ ਪੀ. ਅੈਨ. ਥਾਪਰ ਨੂੰ ਵਿਸ਼ੇਸ਼ ਬੇਨਤੀ ਕੀਤੀ ਕਿ ਪੱਛਮੀ ਪੰਜਾਬ ਤੋਂ ਆਏ ਭੂਮੀ ਮਾਲਕਾਂ ਨੂੰ ਇਕ ਮਿਥੀ ਯੋਜਨਾ ਅਧੀਨ ਮਿਥੇ ਹੋਏ ਜ਼ਿਲਿਆਂ ਵਿਚ ਹੀ ਭੇਜਿਆ ਜਾਵੇ। ਇਸ ਯੋਜਨਾ ਅਨੁਸਾਰ ਪੱਛਮੀ ਪੰਜਾਬ ਤੋਂ ਆਏ ਵਿਸ਼ੇਸ਼ ਇਲਾਕੇ 'ਚੋਂ ਆਏ ਲੋਕਾਂ ਨੂੰ ਨੀਯਤ ਇਲਾਕੇ ਵਿਚ ਹੀ ਵਸਾਇਆ ਜਾਂਦਾ ਸੀ ਅਤੇ ਜਿਹੜੇ ਟੱਬਰ ਇਸ ਪਾਸਿਉਂ ਪੰਜਾਬ ਦੀਆਂ ਨਹਿਰੀ ਬਸਤੀਆਂ ਵਿਚ ਜਾ ਕੇ ਵੱਸੇ ਹੋਏ ਸਨ, ਉਹਨਾਂ ਨੂੰ ਆਪਣੇ ਜੱਦੀ ਅਤੇ ਪੁਰਾਣੇ ਪਿੰਡਾਂ ਵਿਚ ਹੀ ਵਸਾਇਆ ਗਿਆ। ਗਿਆਨੀ ਕਰਤਾਰ ਸਿੰਘ ਨੇ ਸਾਰੇ ਹਿੰਦੂ ਸਿੱਖਾਂ ਨੂੰ ਪੱਛਮੀ ਪੰਜਾਬ 'ਚੋਂ ਇਸ ਪਾਸੇ ਲਿਆਉਣ ਲਈ ਪੂਰੇ ਯਤਨ ਕੀਤੇ।

ਗਿਆਨੀ ਕਰਤਾਰ ਸਿੰਘ ਦਾ ਸਾਰਾ ਧਿਆਨ ਕੇਵਲ ਸ਼ਰਨਾਰਥੀਆਂ ਨੂੰ ਵਸਾਉਣ ਵਿਚ ਹੀ ਨਹੀਂ ਸੀ ਲੱਗਿਆ ਹੋਇਆ। 1948 ਤਕ ਉਹ ਸ਼ਰੋਮਣੀ ਅਕਾਲੀ ਦਲ ਦਾ ਪਰਧਾਨ ਰਿਹਾ। ਉਹ ਕੁਝ ਸਮੇਂ ਤੋਂ ਆਪਣੀ ਪਾਰਟੀ ਨੂੰ ਭਾਰਤੀ ਨੈਸ਼ਨਲ ਕਾਂਗਰਸ ਵਿਚ ਸ਼ਾਮਲ ਕਰਨ ਲਈ ਯਤਨਸ਼ੀਲ ਸੀ। ਅੰਤ 17 ਮਾਰਚ 1948 ਨੂੰ ਸ਼ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਪੰਥਕ ਐਸੰਬਲੀ ਪਾਰਟੀ ਦੇ ਮੈਂਬਰਾਂ ਨੂੰ ਕਾਂਗਰਸ ਐਸੰਬਲੀ ਪਾਰਟੀ ਵਿਚ ਸ਼ਾਮਲ ਹੋਣ ਦਾ ਆਦੇਸ਼ ਦੇ ਦਿੱਤਾ।

Digitized by Panjab Digital Library | www.panjabdigilib.org

## ਕਾਂਗਰਸ ਮੰਤਰੀ ਮੰਡਲ ਵਿਚ ਸ਼ਮੂਲੀਅਤ ਅਤੇ ਮੌਲਿਕ ਸੁਝਾਅ

ਇਸ ਸਮਝੌਤੇ ਪਿਛੋਂ ਗਿ: ਕਰਤਾਰ ਸਿੰਘ ਨੂੰ ਪੰਡਤ ਗੋਪੀ ਚੰਦ ਭਾਰਗੋ ਦੇ ਮੰਤਰੀ ਮੰਡਲ ਵਿਚ ਮਾਲ ਅਤੇ ਮੁੜ-ਵਸਾਊ ਮਹਿਕਮੇ ਦੇ ਮੰਤਰੀ ਦੇ ਰੂਪ ਵਿਚ ਸ਼ਾਮਲ ਕਰ ਲਿਆ ਗਿਆ। ਮੁੜ-ਵਸਾਊ ਮਹਿਕਮੇ ਦੇ ਮੰਤਰੀ ਦੇ ਰੂਪ ਵਿਚ ਉਸ ਦਾ ਮੁੱਖ ਉਦੇਸ਼ ਸ਼ਰਨਾਰਥੀ ਭੂਮੀ ਮਾਲਕਾਂ ਨੂੰ ਪੱਕੇ ਤੌਰ ਤੇ ਫਿਰ ਵਸਾਉਣਾ ਸੀ ਅਤੇ ਗ਼ਰੀਬ ਅਤੇ ਦੱਬੇ ਹੋਏ ਲੋਕਾਂ ਦੇ ਲਾਭ ਲਈ ਭਲਾਈ ਸਕੀਮਾਂ ਚਾਲੂ ਕਰਨਾ ਸੀ। ਉਸ ਦੀ ਇਹ ਖ਼ੁਸ਼ਕਿਸਮਤੀ ਸੀ ਕਿ ਉਸ ਸਮੇਂ ਦੇ ਦੋ ਪ੍ਰਸਿੱਧ ਅਤੇ ਬੁੱਧੀਮਾਨ ਆਈ. ਸੀ. ਐਸ. ਅਫ਼ਸਰ ਸਰਦਾਰ ਤਰਲੋਕ ਸਿੰਘ ਅਤੇ ਸ੍ਰੀ ਐਮ. ਐਸ. ਰੰਧਾਵਾ ਉਹਨਾਂ ਦੀ ਸਹਾਇਤਾ ਲਈ ਨਿਯੁਕਤ ਕਰ ਦਿੱਤੇ ਗਏ। ਸਰਦਾਰ ਤਰਲੋਕ ਸਿੰਘ ਨੇ ਮੁਸਲਮਾਨਾਂ ਵਲੋਂ ਖਾਲੀ ਕੀਤੀ ਸਾਰੀ ਭੂਮੀ ਨੂੰ ਸਟੈਂਡਰਡ ਏਕੜਾਂ ਵਿਚ ਤਬਦੀਲ ਕਰ ਦਿੱਤਾ। ਹਿੰਦੂਆਂ ਅਤੇ ਸਿੱਖਾਂ ਵਲੋਂ ਪਾਕਿਸਤਾਨ ਵਿਚ ਛੱਡੀ ਗਈ 40,000,00 ਸਟੈਂਡਰਡ ਏਕੜ ਭੂਮੀ ਦੇ ਮੁਕਾਬਲੇ ਵਿਚ ਪੂਰਬੀ ਪੰਜਾਬ ਵਿਚ ਮੁਸਲਮਾਨ ਕੇਵਲ 25,000,00 ਸਟੈਂਡਰਡ ਏਕੜ ਭੂਮੀ ਹੀ ਛੱਡ ਕੇ ਗਏ ਸਨ। ਭੂਮੀ ਦੀ ਠੀਕ ਵੰਡ ਲਈ ਦਰਜਾ-ਬ-ਦਰਜਾ ਕਟੌਤੀ ਦੀ ਯੋਜਨਾ ਲਾਗੂ ਕੀਤੀ ਗਈ। ਇਸ ਯੋਜਨਾ ਅਨੁਸਾਰ ਛੋਟੇ ਕਿਸਾਨ ਦੇ ਮੁਕਾਬਲੇ ਵਿਚ ਬੜੇ ਜ਼ਿਮੀਂਦਾਰ ਦੀ ਭੂਮੀ ਦੀ ਵੱਧ ਕਟੌਤੀ ਕੀਤੀ ਜਾਂਦੀ ਸੀ।

## ਭੂਮੀ ਦੀ ਵੰਡ

ਮੁੜ-ਵਸਾਊ ਮਹਿਕਮੇ ਦੇ ਮੰਤਰੀ ਦੇ ਰੂਪ ਵਿਚ ਗਿਆਨੀ ਕਰਤਾਰ ਸਿੰਘ ਪੱਛਮੀ ਪੰਜਾਬ ਤੋਂ ਆਏ ਛੋਟੇ ਭੂਮੀ ਮਾਲਕਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਉਣਾ ਚਾਹੁੰਦਾ ਸੀ। ਉਸ ਨੇ ਸ਼ਰਨਾਰਥੀ ਭੂਮੀ ਮਾਲਕਾਂ ਨੂੰ ਨਕਦੀ ਦੇ ਰੂਪ ਵਿਚ ਮੁਆਵਜ਼ਾ ਦੇਣ ਦੇ ਸੁਝਾਅ ਦੀ ਕਰੜੀ ਵਿਰੋਧਤਾ ਕੀਤੀ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਭਾਵੇਂ ਕਟੌਤੀ ਹੀ ਕਿਉਂ ਨਾ ਹੋ ਜਾਵੇ, ਭੂਮੀ ਦੇ ਬਦਲੇ ਵਿਚ ਭੂਮੀ ਹੀ ਮਿਲਣੀ ਚਾਹੀਦੀ ਹੈ। ਸ: ਤਰਲੋਕ ਸਿੰਘ ਨੇ ਗਿਆਨੀ ਜੀ ਦੇ ਇਸ ਸੁਝਾਅ ਨੂੰ ਵੀ ਸਵੀਕਾਰ ਕਰ ਲਿਆ ਕਿ ਲਾਇਲਪੁਰ ਜ਼ਿਲੇ ਦੀ ਜ਼ਮੀਨ ਦੀ ਫ਼ੀ ਸਟੈਂਡਰਡ ਏਕੜ ਕੀਮਤ ਸਵਾ ਰੁਪਿਆ, ਮਿੰਟਗੁਮਰੀ ਜ਼ਿਲੇ ਦੀ ਜ਼ਮੀਨ ਦੀ ਫ਼ੀ ਸਟੈਂਡਰਡ ਏਕੜ ਕੀਮਤ 16 ਆਨੇ ਅਤੇ ਸਿੰਧ ਦੇ ਏਕੜ ਦੀ ਕੀਮਤ 14 ਆਨੇ ਨੀਯਤ ਕਰ ਦਿੱਤੀ ਜਾਵੇ। ਝੰਗ,

Digitized by Panjab Digital Library | www.panjabdigilib.org

ਮੁਲਤਾਨ ਅਤੇ ਸ਼ਾਹਪੁਰ ਦੇ ਹਿੰਦੂ ਲੈਂਡ ਲਾਰਡ ਪਾਕਿਸਤਾਨ ਵਿਚ 16 ਲੱਖ ਏਕੜ ਬੰਜਰ ਕਦੀਮ ਭੂਮੀ ਛੱਡ ਕੇ ਆਏ ਸਨ। ਇਨ੍ਹਾਂ ਦੇ ਬਾਰੇ ਵਿਚ ਗਿਆਨੀ ਕਰਤਾਰ ਸਿੰਘ ਨੇ ਉਹਨਾਂ ਨੂੰ ਨਕਦੀ ਦੀ ਸ਼ਕਲ ਵਿਚ ਮੁਆਵਜ਼ਾ ਲੈਣ ਲਈ ਸਹਿਮਤ ਕਰ ਲਿਆ ਅਤੇ ਇਨ੍ਹਾਂ ਨੂੰ ਦਿੱਤੀ ਜਾਣ ਵਾਲੀ ਭੂਮੀ ਛੋਟੇ ਕਿਸਾਨਾਂ ਨੂੰ ਵੰਡ ਦਿੱਤੀ ਗਈ।

## ਮੁਰੱਬਾ-ਬੰਦੀ ਅਤੇ ਕਿੱਲਾ-ਬੰਦੀ

ਪੱਛਮੀ ਪਾਕਿਸਤਾਨ ਤੋਂ ਆਏ ਭੂਮੀ ਮਾਲਕਾਂ ਨੂੰ ਪੱਕੀ ਤਰ੍ਹਾਂ ਵਸਾਉਣ ਤੋਂ ਪਿਛੋਂ ਗਿਆਨੀ ਕਰਤਾਰ ਸਿੰਘ ਨੇ ਭੂਮੀ ਸੁਧਾਰਾਂ ਅਤੇ ਮਾਮਲਾਂ ਫਿਰ ਤੋਂ ਨੀਯਤ ਕਰਨ ਵੱਲ ਯੋਗ ਧਿਆਨ ਦਿੱਤਾ। 1949 ਵਿਚ ਉਹਨਾਂ ਨੇ ਅਵੱਸ਼ ਅਤੇ ਜ਼ਰੂਰੀ ਮੁਰੱਬਾ-ਬੰਦੀ ਦੇ ਆਦੇਸ਼ ਜਾਰੀ ਕਰਵਾ ਦਿੱਤੇ। ਸਾਰੇ ਰਾਜ ਦੀ ਭੂਮੀ ਦੀ ਨਵੇਂ ਢੰਗ ਨਾਲ ਕਿੱਲਾ-ਬੰਦੀ ਕੀਤੀ ਗਈ। ਸੜਕਾਂ ਰਾਹੀਂ ਪਿੰਡਾਂ ਅਤੇ ਸ਼ਹਿਰਾਂ ਨੂੰ ਆਪਸ ਵਿਚ ਜੋੜਿਆ ਗਿਆ ਅਤੇ ਸਾਰੇ ਰਾਜ ਦਾ ਸਰਵੇ ਕਰ ਕੇ ਭੂਮੀ ਦੀ ਵੰਡ ਕੀਤੀ ਗਈ। ਇਹ ਸੁਧਾਰ ਅਗਲੇ ਸਮੇਂ ਵਿਚ ਹਰੀ ਕ੍ਰਾਂਤੀ ਅਤੇ ਪੱਕੀਆਂ ਲਿੰਕ ਸੜਕਾਂ ਦਾ ਕਾਰਨ ਬਣੇ। ਸਮੂਹਿਕ ਵਿਕਾਸ ਯੋਜਨਾ ਅਤੇ ਪਿੰਡਾਂ ਦੇ ਵਿਕਾਸ ਅਤੇ ਉੱਨਤੀ ਦਾ ਕਾਰਨ ਵੀ ਬਹੁਤ ਹੱਦ ਤਕ ਇਹ ਸੁਧਾਰ ਹੀ ਸਨ। ਪੰਜਾਬ ਦੀ ਇਸ ਵਿਸ਼ੇਸ਼ ਉੱਨਤੀ ਦਾ ਸਿਹਰਾ ਬਹੁਤ ਹੱਦ ਤਕ ਗਿਆਨੀ ਕਰਤਾਰ ਸਿੰਘ ਦੇ ਸਿਰ ਹੈ ਅਤੇ ਉਹਨਾਂ ਦੀ ਜ਼ਰੂਰੀ ਮੁਰੱਬਾਬੰਦੀ ਯੋਜਨਾ ਪੰਜਾਬ ਦੇ ਆਰਥਿਕ ਇਤਿਹਾਸ ਵਿਚ ਇਕ ਮੀਲ-ਪੱਥਰ ਸਿੱਧ ਹੋਈ।

## ਨਵਾਂ ਭੂਮੀ ਕਾਨੂੰਨ

ਸੰਨ 1900 ਦੇ ਪੰਜਾਬ ਭੂਮੀ ਇੰਤਕਾਲ ਐਕਟ ਅਨੁਸਾਰ ਕੋਈ ਵੀ ਗ਼ੈਰ-ਕਿਸਾਨ ਸਰਕਾਰ ਦੀ ਆਗਿਆ ਤੋਂ ਬਿਨਾਂ ਕਿਸੇ ਕਿਸਾਨ ਦੀ ਭੂਮੀ ਨਹੀਂ ਖ਼ਰੀਦ ਸਕਦਾ ਸੀ। ਇਸ ਪਰਕਾਰ ਖੱਤਰੀ, ਅਰੋੜੇ, ਬਾਣੀਏ ਅਤੇ ਹਰੀਜਨ ਆਦਿ ਜਾਤੀਆਂ ਦੇ ਲੋਕਾਂ ਨੂੰ ਭੂਮੀ ਖ਼ਰੀਦਣ ਦੀ ਆਗਿਆ ਨਹੀਂ ਸੀ। ਏਥੋਂ ਤਕ ਕਿ ਪਿੰਡਾਂ ਵਿਚ ਰਹਿਣ ਵਾਲੇ ਛੋਟੀਆਂ ਜਾਤੀਆਂ ਦੇ ਲੋਕ ਉਸ ਭੂਮੀ ਦੇ ਵੀ ਮਾਲਿਕ ਨਹੀਂ ਸਨ, ਜਿਸ ਉੱਤੇ ਉਹਨਾਂ ਦੇ ਮਕਾਨ ਬਣੇ ਹੋਏ ਸਨ। ਮਾਲ ਮੰਤਰੀ ਦੇ ਤੌਰ ਤੇ ਗਿਆਨੀ

Digitized by Panjab Digital Library | www.panjabdigilib.org

ਕਰਤਾਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ ਇਕ ਬਿੱਲ ਪੇਸ਼ ਕਰ ਕੇ ਇਨ੍ਹਾਂ ਸ਼੍ਰੇਣੀਆਂ ਦੇ ਲੋਕਾਂ ਨੂੰ ਵੀ ਭੂਮੀ ਖ਼ਰੀਦਣ ਦੀ ਆਗਿਆ ਦਵਾ ਦਿੱਤੀ ਅਤੇ ਬਦਨਾਮ ਪੰਜਾਬ ਭੂਮੀ ਇੰਤਕਾਲ ਐਕਟ ਦਾ ਅੰਤ ਕਰ ਦਿੱਤਾ ਗਿਆ।

## ਹੋਰ ਸੁਝਾਅ

ਮਾਲ ਮੰਤਰੀ ਦੇ ਤੌਰ ਤੇ ਗਿਆਨੀ ਕਰਤਾਰ ਸਿੰਘ ਦਾ ਇਕ ਹੋਰ ਮਹੱਤਵ-ਪੂਰਨ ਕਾਰਨਾਮਾ ਪੰਜਾਬ ਭੂਮੀ ਕਰਜ਼ਾ ਬੈਂਕਾਂ ਸੰਬੰਧੀ ਬਿੱਲ ਪਾਸ ਕਰਵਾਉਣਾ ਸੀ। ਹੁਣ ਛੋਟੇ ਭੂਮੀ ਮਾਲਕ ਭੂਮੀ ਦੀ ਜ਼ਮਾਨਤ ਦੇ ਕੇ ਇਹਨਾਂ ਬੈਂਕਾਂ ਵਿਚੋਂ ਵਿਕਾਸ ਲਈ ਕਰਜ਼ੇ ਲੈ ਸਕਦੇ ਸਨ। ਪੰਜਾਬ ਵਿਚ ਖੇਤੀ ਦੀ ਉਨਤੀ ਵਿਚ ਇਨ੍ਹਾਂ ਨਵੀਆਂ ਬੈਂਕਾਂ ਨੇ ਵਿਸ਼ੇਸ਼ ਰੋਲ ਅਦਾ ਕੀਤਾ ਹੈ। 1951 ਵਿਚ ਜਦੋਂ ਲਾਲਾ ਜਗਤ ਨਾਰਾਇਣ ਪੰਜਾਬ ਦੇ ਟਰਾਂਸਪੋਰਟ ਅਰਥਾਤ ਪ੍ਰੀਵਾਹਨ ਮੰਤਰੀ ਸਨ, ਤਾਂ ਉਹਨਾਂ ਨੇ ਸਾਰੇ ਰਾਜ ਵਿਚ ਮੁਸਾਫ਼ਰ ਬੱਸ ਸੇਵਾ ਦੇ ਪੂਰਨ ਕੌਮੀਕਰਨ ਦਾ ਸੁਝਾਅ ਪੇਸ਼ ਕੀਤਾ। ਗਿਆਨੀ ਕਰਤਾਰ ਸਿੰਘ ਨੇ ਇਸ ਸੁਝਾਅ ਦਾ ਵਿਰੋਧ ਕੀਤਾ ਅਤੇ ਉਹਨਾਂ ਦੇ ਸੁਝਾਅ ਤੇ ਪੰਜਾਬ ਦੇ ਕੁਝ ਰੂਟਾਂ ਦਾ ਪੂਰਨ ਕੌਮੀਕਰਨ ਨਾ ਕੀਤਾ ਗਿਆ ਅਤੇ ਤਜਰਬੇ ਵਜੋਂ ਸਰਕਾਰੀ ਅਤੇ ਗ਼ੈਰ-ਸਰਕਾਰੀ ਮੁਸਾਫ਼ਰ ਬੱਸਾਂ ਨੂੰ ਅੱਧੇ-ਅੱਧੇ ਰੂਟ ਅਲਾਟ ਕਰ ਦਿੱਤੇ ਗਏ। ਇਹ ਗੱਲ ਵੀ ਵਰਨਣ-ਯੋਗ ਹੈ ਕਿ ਜਦੋਂ 1950 ਵਿਚ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਤਾਂ ਗਿਆਨੀ ਕਰਤਾਰ ਸਿੰਘ ਉਸ ਸਮੇਂ ਮਾਲ ਅਤੇ ਮੁੜ-ਵਸਾਊ ਮੰਤਰੀ ਸਨ। ਉਨ੍ਹਾਂ ਦੇ ਸੁਝਾਅ ਤੇ ਅੰਬਾਲਾ ਜ਼ਿਲੇ ਦੀਆਂ ਤਿੰਨ ਤਸੀਲਾਂ ਅੰਬਾਲਾ, ਖਰੜ ਅਤੇ ਰੋਪੜ ਦੇ ਵੱਡੇ ਜ਼ਿਮੀਂਦਾਰਾਂ ਨੇ ਆਪਣੀ ਵਾਧੂ ਭੂਮੀ ਚੰਡੀਗੜ੍ਹ ਖੇਤਰ 'ਚੋਂ ਉੱਜੜੇ ਹੋਏ ਕਿਸਾਨਾਂ ਨੂੰ ਵੰਡਣ ਲਈ ਸਰਕਾਰ ਦੇ ਹਵਾਲੇ ਕਰ ਦਿੱਤੀ। ਇਸ ਤੋਂ ਉਪ੍ਰੰਤ ਕੁਝ ਮੁਸਲਮਾਨਾਂ ਵੱਲੋਂ ਛੱਡੀ ਗਈ ਭੂਮੀ ਵੀ ਉਹਨਾਂ ਨੂੰ ਦਿੱਤੀ ਗਈ।

## ਗੋਬਿੰਦ ਸਾਗਰ ਭਾਖੜਾ ਡੈਮ

1949 ਵਿਚ ਭਾਰਤ ਦੇ ਪਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਭਾਖੜਾ ਪਾਵਰ ਹਾਊਸ ਦੀ ਗੈਲਰੀ ਦਾ ਉਦਘਾਟਨ ਕਰਨ ਆਏ। ਉਸ ਸਮੇਂ ਪੰਡਤ ਗੋਪੀ ਚੰਦ ਭਾਰਗੋ ਪੰਜਾਬ ਦੇ ਮੁੱਖ ਮੰਤਰੀ ਸਨ ਅਤੇ ਗਿਆਨੀ ਕਰਤਾਰ ਸਿੰਘ ਮਾਲ

Digitized by Panjab Digital Library | www.panjabdigilib.org

ਮੰਤਰੀ ਅਤੇ ਵਿਕਾਸ ਯੋਜਨਾਵਾਂ ਦਾ ਵੀ ਇੰਚਾਰਜ ਸੀ। ਜਦੋਂ ਪੰਡਤ ਨਹਿਰੂ ਭਾਸ਼ਨ ਦੇ ਰਹੇ ਸਨ ਤਾਂ ਗਿਆਨੀ ਕਰਤਾਰ ਸਿੰਘ ਉੱਠ ਕੇ ਮੁੱਖ ਮੰਤਰੀ ਨੂੰ ਇਹ ਬੇਨਤੀ ਕਰਨ ਲਈ ਗਿਆ ਕਿ ਉਹ ਪੰਡਤ ਜਵਾਹਰ ਲਾਲ ਨਹਿਰੂ ਤੋਂ ਇਹ ਐਲਾਨ ਕਰਵਾਉਣ ਕਿ ਅਨੰਦਪੁਰ ਸਾਹਿਬ ਦੇ ਨੇੜੇ ਹੋਣ ਕਾਰਨ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਅਤੇ ਮਹਾਨ ਸਿੱਖ ਇਤਿਹਾਸ ਨੂੰ ਮੁੱਖ ਰੱਖਦੇ ਹੋਏ ਭਾਖੜਾ ਝੀਲ ਦਾ ਨਾਂ ਗੋਬਿੰਦ ਸਾਗਰ ਰੱਖਿਆ ਜਾਂਦਾ ਹੈ। ਸ਼੍ਰੀ ਗੋਪੀ ਚੰਦ ਭਾਰਗੋ ਨੇ ਗਿਆਨੀ ਜੀ ਦੀ ਇਸ ਬੇਨਤੀ ਨੂੰ ਮੰਨਦੇ ਹੋਏ ਨਹਿਰੂ ਜੀ ਨੂੰ ਇਹ ਐਲਾਨ ਕਰਨ ਲਈ ਬੇਨਤੀ ਕਰ ਦਿੱਤੀ ਅਤੇ ਉਨ੍ਹਾਂ ਨੇ ਫ਼ੌਰਨ ਇਸ ਸੁਝਾਅ ਨੂੰ ਮੰਨ ਲਿਆ ਅਤੇ ਭਾਖੜਾ ਝੀਲ ਦਾ ਨਾਂ ਗੋਬਿੰਦ ਸਾਗਰ ਰੱਖ ਦਿੱਤਾ ਗਿਆ ਅਤੇ ਇਸ ਪ੍ਰਕਾਰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਸਹੀ ਕਦਰ ਕੀਤੀ। ਗਿਆਨੀ ਕਰਤਾਰ ਸਿੰਘ ਆਪਣੀ ਇਸ ਸਫ਼ਲਤਾ ਤੇ ਹੱਦੋਂ ਵੱਧ ਖ਼ੁਸ਼ ਸੀ।

## ਘੱਟ ਗਿਣਤੀ ਸਮੱਸਿਆ

ਗਿਆਨੀ ਕਰਤਾਰ ਸਿੰਘ ਪੰਜਾਬ ਦੇ ਘੱਟ ਗਿਣਤੀ ਮਸਲੇ ਨੂੰ ਹਮੇਸ਼ਾ ਲਈ ਹੱਲ ਕਰਨਾ ਚਾਹੁੰਦੇ ਸਨ। 17 ਮਾਰਚ 1948 ਨੂੰ ਕੇਂਦਰ ਅਤੇ ਪੰਜਾਬ ਦੇ ਪੰਥਕ ਮੈਂਬਰ ਕਾਂਗਰਸ ਸੰਸਦੀ ਪਾਰਟੀਆਂ ਵਿਚ ਸ਼ਾਮਲ ਹੋ ਗਏ। ਗਿਆਨੀ ਕਰਤਾਰ ਸਿੰਘ ਜੋ ਕਿ ਇਕ ਸੂਝਵਾਨ ਸਿੱਖ ਸਿਆਸਤਦਾਨ ਸੀ ਅਤੇ ਸਿੱਖਾਂ ਦੇ ਭਵਿੱਖ ਨੂੰ ਸਹੀ ਮੋੜ ਦੇਣ ਦਾ ਇੱਛਕ ਸੀ, ਨੇ ਸੰਪਰਦਾਇਕ ਵੋਟ ਪ੍ਰਣਾਲੀ ਦਾ ਵਿਰੋਧ ਕੀਤਾ। ਉਹ ਪੰਜਾਬ ਵਿਚ ਹਿੰਦੂਆਂ ਅਤੇ ਸਿੱਖਾਂ ਵਿਚ ਭਾਸ਼ਾ ਸੰਬੰਧੀ ਵਿਵਾਦ ਤੋਂ ਬਹੁਤ ਦੁਖੀ ਸੀ। ਪਰ ਉਹ ਇਸ ਮਸਲੇ ਦੇ ਹੱਲ ਲਈ ਗੰਭੀਰਤਾ ਅਤੇ ਠਰੰਮੇ ਨਾਲ ਸੋਚ ਰਿਹਾ ਸੀ।

## ਵਿੱਦਿਅਕ ਨੀਤੀ

ਜੂਨ 1948 ਵਿਚ ਪੰਜਾਬ ਦੇ ਮੁੱਖ ਮੰਤਰੀ ਡਾਕਟਰ ਗੋਪੀ ਚੰਦ ਭਾਰਗੋ ਨੇ ਇਕ ਆਦੇਸ਼ ਪੱਤਰ ਜਾਰੀ ਕੀਤਾ, ਜਿਸ ਵਿਚ ਪੰਜਾਬ ਸਰਕਾਰ ਦੀ ਵਿੱਦਿਆ ਨੀਤੀ ਤੋਂ ਲੋਕਾਂ ਨੂੰ ਸੂਚਿਤ ਕਰਾਇਆ ਗਿਆ। ਇਸ ਨੀਤੀ ਅਨੁਸਾਰ ਪੂਰਬੀ ਪੰਜਾਬ ਦੇ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਵਿਦਿਆਰਥੀ ਦੀ ਮਾਤ ਭਾਸ਼ਾ ਨੂੰ ਬਣਾ ਦਿੱਤਾ

Digitized by Panjab Digital Library | www.panjabdigilib.org

ਗਿਆ। ਇਸ ਦੇ ਸਿੱਟੇ ਵੱਜੋਂ ਬਹੁਤ ਸਾਰੇ ਹਿੰਦੂ ਵਿਦਿਆਰਥੀ ਹਿਦੀ ਵਿਚ ਅਤੇ ਸਿੱਖ ਵਿਦਿਆਰਥੀ ਪੰਜਾਬੀ ਵਿਚ ਵਿੱਦਿਆ ਪ੍ਰਾਪਤ ਕਰਨ ਲੱਗੇ। ਸਿੱਖ ਨੇਤਾ ਇਸ ਪ੍ਰਬੰਧ ਦੇ ਕਟੜ ਵਿਰੋਧੀ ਸਨ। ਅਕਤੂਬਰ 1948 ਵਿਚ ਸ਼ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਨੇ ਇਕ ਮਤੇ ਰਾਹੀਂ ਸਿੱਖਾਂ ਦੇ ਹਿਤਾਂ ਦੀ ਰਾਖੀ ਲਈ 10 ਸਾਲ ਲਈ ਸੰਪਰਦਾਇਕ ਚੋਣ ਪ੍ਰਣਾਲੀ ਦੀ ਮੰਗ ਕੀਤੀ। ਪਰ ਗਿਆਨੀ ਕਰਤਾਰ ਸਿੰਘ ਨੂੰ ਏਹ ਮੰਗ ਯੋਗ ਅਤੇ ਸਿੱਖਾਂ ਲਈ ਲਾਭਦਾਇਕ ਨਹੀਂ ਸੀ ਲਗਦੀ। ਕੁਝ ਸਮਾਂ ਪਹਿਲਾਂ ਅਕਤੂਬਰ 1947 ਵਿਚ ਗਿਆਨੀ ਕਰਤਾਰ ਸਿੰਘ ਨੇ ਸਿੱਖਾਂ ਲਈ ਸੰਪਰਦਾਇਕ ਚੋਣ ਪ੍ਰਣਾਲੀ ਦੀ ਕਰੜੀ ਵਿਰੋਧਤਾ ਕੀਤੀ ਸੀ। ਹਾਂ ਨਵੰਬਰ 1948 ਵਿਚ ਉਸ ਨੇ ਪੂਰਬੀ ਪੰਜਾਬ ਦੇ ਮੰਤਰੀ ਮੰਡਲ ਨੂੰ ਘੱਟ ਗਿਣਤੀ ਕਮੇਟੀ ਬਣਾਉਣ ਲਈ ਰਾਜ਼ੀ ਕਰ ਲਿਆ। ਗਿਆਨੀ ਕਰਤਾਰ ਸਿੰਘ ਦੀ ਪ੍ਰੇਰਨਾ ਨਾਲ ਸਰਦਾਰ ਪਰਤਾਪ ਸਿੰਘ ਕੈਰੋਂ ਤੋਂ ਬਗੈਰ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਮੈਂਬਰਾਂ ਨੇ 15 ਨਵੰਬਰ 1948 ਨੂੰ ਸਰਕਾਰ ਨੂੰ ਇਕ ਮੰਗ ਪੱਤਰ ਦੇਣ ਤੇ ਰਾਜ਼ੀ ਕਰ ਲਿਆ। ਇਸ ਮੰਗ ਪੱਤਰ ਰਾਹੀਂ ਖ਼ਾਸ ਤੌਰ ਤੇ ਪੰਜਾਬ ਮੰਤਰੀ ਮੰਡਲ ਅਤੇ ਸਰਕਾਰੀ ਸੇਵਾਵਾਂ ਵਿਚ ਸਿੱਖਾਂ ਨੂੰ ਵੱਧ ਪ੍ਰਤੀਨਿਧਤਾ ਦੇਣ ਲਈ ਬੇਨਤੀ ਕੀਤੀ ਗਈ ਸੀ। ਜਦੋਂ ਘੱਟ ਗਿਣਤੀ ਕਮੇਟੀ ਕਿਸੇ ਨਿਸਚਿਤ ਫ਼ੈਸਲੇ ਤੇ ਨਾ ਪਹੁੰਚ ਸਕੀ ਤਾਂ ਮੰਤਰੀ ਮੰਡਲ ਨੇ ਇਕ ਸਬ-ਕਮੇਟੀ ਨੀਯਤ ਕਰ ਦਿੱਤੀ ਜਿਸ ਦੇ 5 ਹਿੰਦੂ ਅਤੇ 5 ਸਿੱਖ ਮੈਂਬਰ ਸਨ। ਇਸ ਸਬ ਕਮੇਟੀ ਦੇ ਸਿੱਖ ਮੈਂਬਰ ਗਿਆਨੀ ਕਰਤਾਰ ਸਿੰਘ, ਸਰਦਾਰ ਸਵਰਨ ਸਿੰਘ, ਸਰਦਾਰ ਬਹਾਦਰ ਉੱਜਲ ਸਿੰਘ, ਸਰਦਾਰ ਈਸ਼ਰ ਸਿੰਘ ਮਝੈਲ ਅਤੇ ਬਾਬੂ ਬਚਨ ਸਿੰਘ ਸਨ। ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਕਾਂਗਰਸ ਅਤੇ ਅਕਾਲੀ ਦਲ ਵਿਚ ਮੁੱਠ ਭੇੜ ਰੋਕਣ ਲਈ ਯਤਨ ਸ਼ੀਲ ਸਨ। ਪਰ 19 ਫ਼ਰਵਰੀ 1949 ਨੂੰ ਨਿਰੇਲਾ ਵਿਖੇ ਮਾਸਟਰ ਤਾਰਾ ਸਿੰਘ ਦੀ ਗਰਿਫ਼ਤਾਰੀ ਇਕ ਬਦ-ਕਿਸਮਤੀ ਵਾਲੀ ਘਟਨਾ ਸੀ। ਮਈ 1948 ਵਿਚ ਪੈਪਸੂ ਦਾ ਉਦਘਾਟਨ ਵੀ ਹਿੰਦੂ-ਸਿੱਖ ਖਿੱਚੋਤਾਣ ਦਾ ਇਕ ਕਾਰਨ ਬਣ ਗਿਆ।

## ਸਿੱਖ ਅਨੁਸੂਚਿਤ ਜਾਤੀਆਂ ਨੂੰ ਅਧਿਕਾਰ

ਗਿਆਨੀ ਕਰਤਾਰ ਸਿੰਘ ਜੋ ਕਿ ਇਕ ਸੂਝਵਾਨ ਅਤੇ ਡੂੰਘਾ ਸਿਆਸਤਦਾਨ ਸੀ, ਭਲੀ-ਭਾਂਤ ਅਨੁਭਵ ਕਰਦਾ ਸੀ ਕਿ ਰਾਸ਼ਟਰੀ ਨੇਤਾਵਾਂ ਦੀ ਸਦਭਾਵਨਾ ਦੁਆਰਾ

Digitized by Panjab Digital Library | www.panjabdigilib.org

ਹੀ ਸਿੱਖ ਕੋਈ ਵਿਸ਼ੇਸ਼ ਲਾਭ ਪ੍ਰਾਪਤ ਕਰ ਸਕਦੇ ਹਨ। 27 ਮਈ 1949 ਨੂੰ ਜਦੋਂ ਸੰਵਿਧਾਨ ਸਭਾ ਵਿਚ ਘੱਟ ਗਿਣਤੀਆਂ ਲਈ ਸੀਟਾਂ ਰਾਖਵੀਆਂ ਰੱਖਣ ਦੇ ਪ੍ਰਸ਼ਨ ਤੇ ਬਹਿਸ ਹੋ ਰਹੀ ਸੀ ਤਾਂ ਗਿਆਨੀ ਜੀ ਦੇ ਉੱਦਮ ਨਾਲ ਸਰਦਾਰ ਹੁਕਮ ਸਿੰਘ ਨੇ ਇਸ ਮੰਗ ਦਾ ਕਰੜਾ ਵਿਰੋਧ ਕੀਤਾ ਅਤੇ ਇਸ ਮੰਗ ਦੇ ਵਿਰੁੱਧ ਸਰਦਾਰ ਪਟੇਲ ਦੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ। ਉਹਨਾਂ ਨੇ ਡਾਕਟਰ ਰਜਿੰਦਰ ਪ੍ਰਸ਼ਾਦ ਨੂੰ ਵੀ ਸਰਦਾਰ ਹੁਕਮ ਸਿੰਘ ਵੱਲੋਂ ਹਮਾਇਤ ਦਾ ਵਿਸ਼ਵਾਸ ਦਵਾਇਆ। ਸਲਾਹਕਾਰ ਕਮੇਟੀ ਦੀ ਰਿਪੋਰਟ ਦੇ ਪੈਰਾ 6 ਵਿਚ ਸਰਬ-ਸੰਮਤੀ ਨਾਲ ਸਿੱਖ ਮੈਂਬਰਾਂ ਦਾ ਇਹ ਸੁਝਾਅ ਸਵੀਕਾਰ ਕਰ ਲਿਆ ਗਿਆ ਕਿ ਪੂਰਬੀ ਪੰਜਾਬ ਵਿਚ ਕੁਝ ਛੋਟੀਆਂ ਜਾਤੀਆਂ ਜਿਵੇਂ ਕਿ ਮਜ਼ਹਬੀ ਸਿੱਖ, ਰਮਦਾਸੀਏ, ਕਬੀਰ ਪੰਥੀ ਅਤੇ ਸਿਕਲੀਗਰ ਆਦਿ, ਜਿਹੜੀਆਂ ਕਿ ਹੋਰ ਅਨੁਸੂਚਿਤ ਜਾਤੀਆਂ ਵਾਂਗ ਹੀ ਕੁਝ ਵਿਤਕਰਿਆਂ ਦਾ ਸ਼ਿਕਾਰ ਹਨ, ਨੂੰ ਵੀ ਅਨੁਸੂਚਿਤ ਜਾਤੀਆਂ ਵਿਚ ਹੀ ਗਿਣਿਆ ਜਾਣਾ ਚਾਹੀਦਾ ਹੈ, ਤਾਂ ਜੋ ਉਹਨਾਂ ਨੂੰ ਵੀ ਅਨੁਸੂਚਿਤ ਜਾਤੀਆਂ ਵਾਂਗ ਹੀ ਸਹੂਲਤਾਂ ਮਿਲ ਸਕਣ।

## ਸੱਚਰ-ਗਿਆਨੀ ਫ਼ਾਰਮੂਲਾ

ਗਿਆਨੀ ਕਰਤਾਰ ਸਿੰਘ ਸਦਭਾਵਨਾ ਦਾ ਵਾਤਾਵਰਨ ਪੈਦਾ ਕਰ ਕੇ ਸਿੱਖਾਂ ਲਈ ਵੱਧ ਤੋਂ ਵੱਧ ਰਿਆਇਤਾਂ ਲੈਣ ਦੇ ਯਤਨ ਕਰ ਰਿਹਾ ਸੀ। ਉਸ ਨੇ ਇਕ ਅਜਿਹਾ ਦੂਰ ਰਸ ਨਤੀਜਿਆਂ ਵਾਲਾ ਸੁਝਾਅ ਰੱਖਿਆ, ਜੋ ਬਾਅਦ ਵਿਚ ਸੱਚਰ-ਗਿਆਨੀ ਭਾਸ਼ਾ ਫ਼ਾਰਮੂਲੇ ਦੇ ਰੂਪ ਵਿਚ ਸਾਹਮਣੇ ਆਇਆ। ਉਸ ਨੇ ਕਾਂਗਰਸ ਨੇਤਾਵਾਂ ਦੀ ਆਪਸੀ ਫੁੱਟ ਤੋਂ ਲਾਭ ਉਠਾਉਣ ਦਾ ਯਤਨ ਕੀਤਾ। ਗਿਆਨੀ ਜੀ ਨੇ ਸ੍ਰੀ ਭੀਮ ਸੈਨ ਸੱਚਰ ਦੀ ਪੰਜਾਬ ਦੇ ਮੁੱਖ ਮੰਤਰੀ ਡਾਕਟਰ ਗੋਪੀ ਚੰਦ ਭਾਰਗੋ ਨੂੰ ਗੱਦੀ ਤੋਂ ਲਾਹੁਣ ਵਿਚ ਸਹਾਇਤਾ ਕੀਤੀ ਅਤੇ ਇਸ ਸੌਦੇ ਬਾਜ਼ੀ ਵਿਚ ਸ੍ਰੀ ਭੀਮ ਸੈਨ ਸੱਚਰ ਨੇ ਪੰਜਾਬ ਵਿਚ ਨਵੀਂ ਭਾਸ਼ਾ ਨੀਤੀ ਲਾਗੂ ਕਰਨਾ ਮੰਨ ਲਿਆ। ਇਹ ਨੀਤੀ ਸੱਚਰ-ਗਿਆਨੀ ਫ਼ਾਰਮੂਲੇ ਦਾ ਹੀ ਦੂਜਾ ਰੂਪ ਸੀ। ਇਸ ਫ਼ਾਰਮੂਲੇ ਦਾ ਅਕਤੂਬਰ 1949 ਵਿਚ ਐਲਾਨ ਕੀਤਾ ਗਿਆ। ਗਿਆਨੀ ਕਰਤਾਰ ਸਿੰਘ ਦੀ ਇਹ ਬਹੁਤ ਵੱਡੀ ਰਾਜਨੀਤਕ ਜਿੱਤ ਸੀ। ਇਸ ਫ਼ਾਰਮੂਲੇ ਦੇ ਕਾਰਨ ਹੀ ਭਵਿੱਖ ਵਿਚ ਪੰਜਾਬੀ ਬੋਲੀ ਦੇ ਰਾਜ ਦੀ ਮੰਗ ਦਾ ਮੁੱਢ ਬੱਝਿਆ। ਇਸ ਨੀਤੀ ਅਧੀਨ ਪੰਜਾਬ ਨੂੰ ਤਿੰਨ

Digitized by Panjab Digital Library | www.panjabdigilib.org

ਭਾਸ਼ਾਈ ਖੇਤਰਾਂ ਹਿੰਦੀ ਖੇਤਰ, ਪੰਜਾਬੀ ਖੇਤਰ ਅਤੇ ਦੋ ਭਾਸ਼ਾਈ ਖੇਤਰ ਵਿਚ ਵੰਡ ਦਿੱਤਾ ਗਿਆ।

ਏਥੇ ਇਹ ਗੱਲ ਵਰਨਣ ਯੋਗ ਹੈ ਕਿ ਭਾਰਤ ਅੰਦਰ ਪੰਜਾਬੀ ਬੋਲੀ ਦੇ ਰਾਜ ਅਰਥਾਤ ਪੰਜਾਬੀ ਸੂਬੇ ਦੀ ਮੰਗ ਦਾ ਵਿਚਾਰ ਸਭ ਤੋਂ ਪਹਿਲਾਂ ਗਿਆਨੀ ਕਰਤਾਰ ਸਿੰਘ ਨੇ ਹੀ ਪੇਸ਼ ਕੀਤਾ। ਪੰਜਾਬ ਦੀ ਵੰਡ ਪਿਛੋਂ ਜਲੰਧਰ ਸ਼ਹਿਰ ਸਿਆਸਤ ਦਾ ਸਭ ਤੋਂ ਪ੍ਰਸਿੱਧ ਕੇਂਦਰ ਬਣ ਗਿਆ ਸੀ। ਕੁਝ ਸਮੇਂ ਲਈ ਪੰਜਾਬ ਦੀ ਰਾਜਧਾਨੀ ਵੀ ਏਥੇ ਹੀ ਸਥਾਪਤ ਕੀਤੀ ਗਈ ਸੀ ਅਤੇ ਪ੍ਰਮੁੱਖ ਰੋਜ਼ਾਨਾ ਅਖ਼ਬਾਰਾਂ ਦੇ ਦਫ਼ਤਰ ਵੀ ਜਲੰਧਰ ਵਿਚ ਹੀ ਸਨ। ਪਿੰਡ ਰੇਰੂ ਦੇ ਕਾਰਖ਼ਾਨੇਦਾਰ ਸਰਦਾਰ ਕੁੰਦਨ ਸਿੰਘ ਅਕਾਲੀ ਦਲ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨਾਲ ਵਿਸ਼ੇਸ਼ ਸਨੇਹ ਰੱਖਦੇ ਸਨ। ਗਿਆਨੀ ਕਰਤਾਰ ਸਿੰਘ ਜਦੋਂ ਵੀ ਜਲੰਧਰ ਆਉਂਦੇ ਸਨ, ਸਰਦਾਰ ਕੁੰਦਨ ਸਿੰਘ ਦੇ ਕਾਰਖ਼ਾਨੇ ਵਿਚ ਗੈਸਟ ਹਾਊਸ ਵਿਚ ਹੀ ਰਹਿੰਦੇ ਸਨ।

1947 ਦੇ ਦਸੰਬਰ ਦੇ ਅਖ਼ੀਰ ਵਿਚ ਗਿਆਨੀ ਜੀ ਨੇ ਇਸ ਗੈਸਟ ਹਾਊਸ ਵਿਚ ਸਿੱਖ ਬੁੱਧੀਜੀਵੀਆਂ ਅਤੇ ਚੋਣਵੇਂ ਅਕਾਲੀ ਵਰਕਰਾਂ ਦੀ ਇਕ ਇਕੱਤ੍ਰਤਾ ਬੁਲਾਈ, ਜਿਸ ਵਿਚ ਖ਼ਾਸ ਤੌਰ ਤੇ ਸਰਦਾਰ ਸਾਧੂ ਸਿੰਘ ਹਮਦਰਦ, ਸਰਦਾਰ ਅਮਰ ਸਿੰਘ ਅੰਬਾਲਵੀ, ਸਰਦਾਰ ਅਮਰ ਸਿੰਘ ਦੋਸਾਂਝ, ਡਾਕਟਰ ਜਸਵੰਤ ਸਿੰਘ ਨੇਕੀ, ਸਰਦਾਰ ਸਰੂਪ ਸਿੰਘ, ਗਿਆਨੀ ਧਨਵੰਤ ਸਿੰਘ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨਾਲ ਸੰਬੰਧਤ ਅਤੇ ਸਰਦਾਰ ਕੁੰਦਨ ਸਿੰਘ ਦੇ ਨਿਕਟਵਰਤੀ ਸਰਦਾਰ ਜਸਵੰਤ ਸਿੰਘ ਸਹੋਤਾ ਨੂੰ ਸੱਦਿਆ ਗਿਆ।

ਗਿਆਨੀ ਕਰਤਾਰ ਸਿੰਘ ਨੇ ਵਿਸਥਾਰ ਨਾਲ ਦੱਸਿਆ ਕਿ 1931 ਵਿਚ—ਆਲ ਇੰਡੀਆ ਕਾਂਗਰਸ ਕਮੇਟੀ ਨੇ ਸੁਤੰਤਰ ਭਾਰਤ ਵਿਚ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਉਣ ਦਾ ਮਤਾ ਪਾਸ ਕੀਤਾ ਸੀ। ਸਾਨੂੰ ਹੁਣ ਇਸ ਮਤੇ ਦੇ ਆਧਾਰ ਤੇ ਪੰਜਾਬੀ ਬੋਲੀ ਦੇ ਸੂਬੇ ਦੀ ਮੰਗ ਕਰਨੀ ਚਾਹੀਦੀ ਹੈ। ਇਸ ਹੱਕੀ ਮੰਗ ਦੇ ਮੰਨੇ ਜਾਣ ਤੇ ਉਸ ਪ੍ਰਾਂਤ ਵਿਚ ਸਿੱਖਾਂ ਦੀ ਆਬਾਦੀ ਦਾ ਤਨਾਸਬ ਬਹੁਤ ਵਧ ਜਾਵੇਗਾ ਅਤੇ ਬਹੁਸੰਮਤੀ ਵੀ ਹੋ ਸਕਦੀ ਹੈ। ਇਸ ਪ੍ਰਕਾਰ ਧਰਮ ਨਿਰਪੱਖ ਰਾਜ ਵਿਚ ਵੀ ਉਹਨਾਂ ਦੇ ਧਰਮ ਅਤੇ ਸੰਸਕ੍ਰਿਤੀ ਨੂੰ ਪ੍ਰਫੁਲਿਤ ਹੋਣ ਦਾ ਵੱਧ ਅਵਸਰ ਮਿਲ ਸਕੇਗਾ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਾਨੂੰ ਸਾਰੇ ਪੰਜਾਬੀਆਂ ਅਤੇ ਕਾਂਗਰਸ ਦੀ

Digitized by Panjab Digital Library | www.panjabdigilib.org

ਮਿਲਵਰਤਣ ਲੈਣੀ ਚਾਹੀਦੀ ਹੈ ਅਤੇ ਹੁਣ ਤਾਂ ਸਾਡਾ ਮੁੱਖ ਰਾਜਨੀਤਕ ਨਿਸ਼ਾਨਾ ਹੀ ਇਹ ਹੋਣਾ ਚਾਹੀਦਾ ਹੈ। ਸਾਡੀ ਇਹ ਮੰਗ ਸੈਕੂਲਰ ਆਧਾਰ ਤੇ ਅਤੇ ਕਾਂਗਰਸ ਦੇ 1931 ਵਿਚ ਪਾਸ ਕੀਤੇ ਮਤੇ ਤੇ ਹੀ ਆਧਾਰਿਤ ਹੋਣੀ ਚਾਹੀਦੀ ਹੈ। ਸਾਰੇ ਹਾਜ਼ਰ ਕਾਰਕੁਨਾਂ ਨੇ ਗਿਆਨੀ ਜੀ ਨੂੰ ਪੂਰੀ-ਪੂਰੀ ਹਮਾਇਤ ਦਾ ਵਿਸ਼ਵਾਸ ਦਵਾਇਆ ਅਤੇ ਇਸ ਪ੍ਰਕਾਰ ਪੰਜਾਬੀ ਸੂਬੇਦੀ ਮੰਗ ਦੀ ਪਹਿਲ ਹੋਈ। ਇਸ ਤੋਂ ਪਹਿਲਾਂ ਗਿਆਨੀ ਕਰਤਾਰ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ ਅਤੇ ਸਰਦਾਰ ਹਰਚਰਨ ਸਿੰਘ ਬਾਜਵਾ ਨੂੰ ਲੈ ਕੇ ਡਾਕਟਰ ਅੰਬੇਦਕਾਰ ਨੂੰ ਵੀ ਮਿਲੇ ਸਨ ਅਤੇ ਸੁਤੰਤਰ ਭਾਰਤ ਵਿਚ ਸਿੱਖ ਹਿਤਾਂ ਦੀ ਰਾਖੀ ਲਈ ਸਹਾਇਤਾ ਕਰਨ ਲਈ ਉਸ ਨੂੰ ਬੇਨਤੀ ਕੀਤੀ ਸੀ ਅਤੇ ਉਸ ਨੂੰ ਇਸ ਸੰਬੰਧ ਵਿਚ ਠੋਸ ਸੁਝਾਅ ਦੇਣ ਲਈ ਬੇਨਤੀ ਕੀਤੀ ਸੀ।

ਭਾਵੇਂ ਸੱਚਰ ਫ਼ਾਰਮੂਲੇ ਦੇ ਦੂਰ ਰਸ ਰਾਜਨੀਤਕ ਪ੍ਰੀਣਾਮ ਨਿਕਲੇ ਅਤੇ ਇਸ ਕਾਰਨ ਗਿਆਨੀ ਕਰਤਾਰ ਸਿੰਘ ਨੂੰ ਪੰਜਾਬੀ ਸੂਬਾ ਅੰਦੋਲਨ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਅਸਥਾਨ ਪ੍ਰਾਪਤ ਹੋ ਗਿਆ, ਪਰ ਇਹ ਪੰਜਾਬ ਦੀ ਭਾਸ਼ਾ ਸਮੱਸਿਆ ਦਾ ਸੰਤੋਸ਼-ਜਨਕ ਹੱਲ ਨਹੀਂ ਸੀ। ਮਾਤਾ ਪਿਤਾ ਨੂੰ ਆਪਣੇ ਬੱਚਿਆਂ ਲਈ ਵਿੱਦਿਆ ਦਾ ਮਾਧਿਅਮ ਚੁਣਨ ਦਾ ਅਧਿਕਾਰ ਦੇ ਕੇ ਇਸ ਫ਼ਾਰਮੂਲੇ ਦੇ ਲਾਗੂ ਕਰਨ ਨਾਲ ਪੰਜਾਬ ਵਿਚ ਸੰਪਰਦਾਇਕ ਖਿੱਚੋਤਾਣ ਹੋਰ ਵੀ ਵਧ ਗਈ।

ਰਿਜਨਲ ਫ਼ਾਰਮੂਲਾ ਸੱਚਰ ਗਿਆਨੀ ਫ਼ਾਰਮੂਲੇ ਦੀ ਅਗਲੀ ਕੜੀ ਹੀ ਸੀ। ਜਸਟਸ ਐਸ. ਆਰ. ਦਾਸ ਦੀ ਪਰਧਾਨਗੀ ਵਿਚ ਬਣੇ ਭਾਸ਼ਾਈ ਰਾਜ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਪੰਜਾਬ ਰਾਜ ਦੀ ਵੰਡ ਅਤੇ ਇਸ ਦੀਆਂ ਸੀਮਾਵਾਂ ਵਿਚ ਪ੍ਰਵਰਤਨ ਕਰਨ ਦੀ ਕੋਈ ਅਵੱਸ਼ਕਤਾ ਨਹੀਂ ਹੈ। ਸਭ ਤੋਂ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਕਮਿਸ਼ਨ ਦਾ ਫ਼ੈਸਲਾ ਸਿੱਖਾਂ ਅਤੇ ਪੰਜਾਬੀ ਬੋਲਦੇ ਲੋਕਾਂ ਨਾਲ ਵਿਤਕਰੇ ਦੀ ਇਕ ਜੀਂਦੀ ਜਾਗਦੀ ਮਿਸਾਲ ਹੈ। ਅਪ੍ਰੈਲ 1949 ਵਿਚ ਗੁਰਦਵਾਰਾ ਰਕਾਬ ਗੰਜ ਦਿੱਲੀ ਵਿਖੇ ਸਿੱਖਾਂ ਦੀ ਇਕ ਪ੍ਰਤੀਨਿਧ ਕਾਨਫ਼ਰੰਸ ਨੇ ਇਕ ਮਤੇ ਰਾਹੀਂ ਸਰਕਾਰ ਨੂੰ ਸੂਚਿਤ ਕਰ ਦਿੱਤਾ ਕਿ ਪੰਜਾਬੀ ਸੂਬੇ ਦੀ ਮੰਗ ਲਈ ਅਕਾਲੀ ਦਲ ਹਰ ਤਰ੍ਹਾਂ ਦੇ ਯਤਨ ਜਾਰੀ ਰੱਖੇਗਾ। 1950 ਦੇ ਮੱਧ ਵਿਚ ਹੀ ਸ਼ਰੋਮਣੀ ਅਕਾਲੀ ਦਲ ਨੇ ਕਾਂਗਰਸ ਵਿਚ ਸ਼ਾਮਲ ਹੋਏ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਆਦੇਸ਼ ਪੱਤਰ ਭੇਜਿਆ ਕਿ ਉਹ

Digitized by Panjab Digital Library | www.panjabdigilib.org

ਕਾਂਗਰਸ ਪਾਰਟੀ ਛੱਡ ਦੇਣ ਅਤੇ ਆਪਣਾ ਅਲੱਗ ਗਰੁੱਪ ਬਣਾ ਲੈਣ । ਇਹ ਪੱਤਰ ਭਾਰਤ ਦੇ ਰੱਖਿਅ-ਮੰਤਰੀ ਸਰਦਾਰ ਬਲਦੇਵ ਸਿੰਘ ਅਤੇ ਪੰਜਾਬ ਦੇ ਦੋ ਅਕਾਲੀ-ਕਾਂਗਰਸੀ ਮੰਤਰੀਆਂ ਗਿਆਨੀ ਕਰਤਾਰ ਸਿਘ ਅਤੇ ਸਰਦਾਰ ਈਸ਼ਰ ਸਿੰਘ ਮਝੈਲ ਨੂੰ ਵੀ ਭੇਜਿਆ ਗਿਆ ।

ਕਾਂਗਰਸ ਵਿਚ ਸ਼ਾਮਲ ਹੋਏ ਸੰਸਦ ਦੇ ਅਕਾਲੀ ਮੈਂਬਰਾਂ ਨੇ 23 ਜੁਲਾਈ 1950 ਨੂੰ ਹਾਲਾਤ ਦਾ ਜਾਇਜ਼ਾ ਲੈਣ ਲਈ ਅੰਬਾਲਾ ਵਿਖੇ ਇਕ ਇਕੱਤ੍ਰਤਾ ਕੀਤੀ ਅਤੇ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਵਿਚ ਪੰਜਾਂ ਮੈਂਬਰਾਂ ਦੀ ਇਕ ਸਬ-ਕਮੇਟੀ ਅਕਾਲੀ ਦਲ ਦੀ ਹਾਈ ਕਮਾਂਡ ਨੂੰ ਮਿਲਣ ਲਈ ਨੀਯਤ ਕਰ ਦਿੱਤੀ। ਅਖ਼ੀਰ ਇਨ੍ਹਾਂ ਮੈਂਬਰਾਂ ਨੇ ਕਾਂਗਰਸ ਨਾ ਛੱਡਣ ਦਾ ਫ਼ੈਸਲਾ ਕੀਤਾ ।

## ਅਕਾਲੀ ਪਾਰਟੀ ਵਿਚ ਵਾਪਸੀ

ਗਿਆਨੀ ਕਰਤਾਰ ਸਿੰਘ ਤੇ ਉਸ ਦੇ ਸਾਥੀ ਪੰਜਾਬੀ ਸੂਬੇ ਦੇ ਪ੍ਰਸ਼ਨ ਤੇ ਕਿਸੇ ਪ੍ਰਕਾਰ ਦੀ ਜਦੋਜਹਿਦ ਅਤੇ ਅੰਦੋਲਨ ਦੇ ਵਿਰੁੱਧ ਸਨ । ਪਰ ਛੇਤੀ ਹੀ ਗਿਆਨੀ ਕਰਤਾਰ ਸਿੰਘ ਅਤੇ ਉਸ ਦੇ ਨਿਕਟਵਰਤੀ ਸਾਥੀਆਂ ਨੇ ਇਹ ਅਨੁਭਵ ਕਰ ਲਿਆ ਕਿ ਕੁਝ ਹਿੰਦੂ ਫ਼ਿਰਕਾਪ੍ਰਸਤ ਸਿੱਖਾਂ ਦੇ ਹਿਤਾਂ ਨੂੰ ਹਾਨੀ ਪਹੁੰਚਾਉਣ ਤੇ ਤੁਲੇ ਹੋਏ ਹਨ । ਪੰਜਾਬ ਯੂਨੀਵਰਸਿਟੀ ਜਿਸ ਦੇ ਸੈਨਿਟ ਵਿਚ ਆਰੀਆ ਸਮਾਜੀਆਂ ਦਾ ਜ਼ੋਰ ਸੀ, ਨੇ ਪੰਜਾਬੀ ਨੂੰ ਯੂਨੀਵਰਸਿਟੀ ਪੱਧਰ ਤੇ ਪੜ੍ਹਾਈ ਦਾ ਮਾਧਿਅਮ ਬਣਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ । ਗਿਆਨੀ ਜੀ ਨੂੰ ਇਹ ਦੇਖ ਕੇ ਬੜਾ ਦੁੱਖ ਹੋਇਆ ਕਿ ਸੰਨ 1951 ਦੀ ਮਰਦਮਸ਼ੁਮਾਰੀ ਦੇ ਅਵਸਰ ਤੇ ਪੰਜਾਬ ਵਿਚ ਹਿੰਦੂਆਂ ਦੀ ਬਹੁ-ਸੰਮਤੀ ਨੇ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਘਟਨਾ ਤੋਂ ਪਿੱਛੋਂ ਗਿਆਨੀ ਕਰਤਾਰ ਸਿੰਘ ਕਾਂਗਰਸ ਤੋਂ ਦੂਰ ਹੁੰਦਾ ਗਿਆ ਅਤੇ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ । ਉਸ ਨੂੰ 1952 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਰਤਾਰਪੁਰ ਹਲਕੇ ਤੋਂ ਇਕ ਗੁਮਨਾਮ ਕਾਂਗਰਸੀ ਵਰਕਰ ਸਰਦਾਰ ਗੁਰਦਿਆਲ ਸਿੰਘ ਸੂਰਾਨੁੱਸੀ ਨੇ ਕੁਝ ਵੋਟਾਂ ਤੇ ਹਰਾ ਦਿੱਤਾ । ਹੁਣ ਉਸ ਨੂੰ ਫਿਰ ਅਕਾਲੀ ਦਲ ਦਾ ਜਨਰਲ ਸੈਕਟਰੀ ਬਣਾ ਦਿੱਤਾ ਗਿਆ । ਅਪ੍ਰੈਲ 1952 ਵਿਚ ਉਹ ਅਕਾਲੀ ਦਲ ਦੇ ਟਿਕਟ ਤੇ ਪੰਜਾਬ ਵਿਧਾਨ ਪਰੀਸ਼ਦ ਦਾ ਮੈਂਬਰ

Digitized by Panjab Digital Library | www.panjabdigilib.org

ਚੁਣਿਆ ਗਿਆ। ਕੁਝ ਸਮਾਂ ਉਹ ਸਖ਼ਤ ਬੀਮਾਰ ਪੈ ਗਿਆ ਪਰ 1953 ਦੇ ਆਰੰਭ ਵਿਚ ਉਸ ਦੀ ਸਿਹਤ ਫਿਰ ਠੀਕ ਹੋ ਗਈ।

## ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ

ਇਕ ਸੂਝਵਾਨ ਅਤੇ ਅਭਿਆਸੀ ਸਿਆਸਤਦਾਨ ਦੇ ਤੌਰ ਤੇ ਗਿਆਨੀ ਕਰਤਾਰ ਸਿੰਘ ਭਲੀ-ਭਾਂਤ ਅਨੁਭਵ ਕਰਦਾ ਸੀ ਕਿ ਸਿੱਖ ਜਨਤਾ ਤੇ ਕੰਟਰੋਲ ਰੱਖਣ ਅਤੇ ਪੰਜਾਬੀ ਬੋਲਦੇ ਰਾਜ ਅਰਥਾਤ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਦੇ ਅਧਿਕਾਰ ਹੇਠ ਹੋਵੇ। ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵਾਰਸ਼ਕ ਇਕੱਤ੍ਰਤਾ ਵਿਚ ਗਿਆਨੀ ਕਰਤਾਰ ਸਿੰਘ ਦੇ ਯਤਨਾਂ ਸਦਕਾ ਅਕਾਲੀ ਦਲ ਦੇ ਉਮੀਦਵਾਰ ਜੱਥੇਦਾਰ ਪ੍ਰੀਤਮ ਸਿੰਘ ਖੁੜੰਜ ਪਰਧਾਨ ਚੁਣੇ ਗਏ। ਇਸ ਜਿੱਤ ਨਾਲ ਪੰਜਾਬੀ ਸੂਬਾ ਅੰਦੋਲਨ ਨੂੰ ਹੋਰ ਸ਼ਕਤੀ ਮਿਲੀ।

ਸ਼ਰੋਮਣੀ ਅਕਾਲੀ ਦਲ ਦੇ ਜਨਰਲ ਸੈਕਟਰੀ ਵਜੋਂ ਗਿਆਨੀ ਜੀ ਨੇ ਨਵੇਂ ਬਣੇ ਰਾਜ ਪੈਪਸੂ ਦੀਆਂ ਸਮੱਸਿਆਵਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਮਾਰਚ 1953 ਵਿਚ ਕੇਂਦਰੀ ਸਰਕਾਰ ਨੇ ਪੈਪਸੂ ਵਿਚ ਪਰਧਾਨਗੀ ਰਾਜ ਲਾਗੂ ਕਰ ਦਿੱਤਾ, ਭਾਵੇਂ ਓਥੇ ਸਾਂਝੇ ਮੋਰਚੇ ਦੀ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਐਸੰਬਲੀ ਦੇ ਬਹੁਸੰਮਤੀ ਮੈਂਬਰਾਂ ਦੀ ਹਮਾਇਤ ਪ੍ਰਾਪਤ ਸੀ ਅਤੇ ਉਹ ਸਰਕਾਰ ਚਲਾਉਣ ਦੀ ਯੋਗਤਾ ਰੱਖਦਾ ਸੀ। ਇਸ ਬੇਇਨਸਾਫ਼ੀ ਨਾਲ ਗਿਆਨੀ ਕਰਤਾਰ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਨੂੰ ਬੜੀ ਨਿਰਾਸ਼ਤਾ ਹੋਈ। 30 ਸਤੰਬਰ 1953 ਨੂੰ ਅਨੰਦਪੁਰ ਸਾਹਿਬ ਵਿਖੇ ਇਕ ਭਾਰੀ ਅਕਾਲੀ ਕਾਨਫ਼ਰੰਸ ਕੀਤੀ ਗਈ ਅਤੇ ਪੰਜਾਬੀ ਸੂਬਾ ਜਲਦੀ ਬਣਾਉਣ ਦੀ ਮੰਗ ਨੂੰ ਫਿਰ ਦੁਹਰਾਇਆ ਗਿਆ। 22 ਦਸੰਬਰ, 1953 ਨੂੰ ਭਾਰਤ ਦੇ ਪਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਲੋਕ ਸਭਾ ਵਿਚ ਇਹ ਐਲਾਨ ਕੀਤਾ ਕਿ ਭਾਰਤ ਦੇ ਰਾਜਾਂ ਨੂੰ ਭਾਸ਼ਾ ਦੇ ਆਧਾਰ ਤੇ ਪੁਨਰਗਠਨ ਕਰਨ ਦੇ ਪ੍ਰਸ਼ਨ ਨੂੰ ਨਿਰਪੱਖ, ਨਿਰਸੁਆਰਥ ਅਤੇ ਕ੍ਰਿਆਤਮਕ ਢੰਗ ਨਾਲ ਘੋਖਣ ਲਈ ਇਕ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਇਸ ਕਮਿਸ਼ਨ ਨੇ 30 ਸਤੰਬਰ, 1955 ਨੂੰ ਭਾਰਤ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਅਤੇ 10 ਅਕਤੂਬਰ 1955 ਨੂੰ ਇਹ

Digitized by Panjab Digital Library | www.panjabdigilib.org

ਰਿਪੋਰਟ ਆਮ ਜਨਤਾ ਦੀ ਰਾਏ ਜਾਨਣ ਲਈ ਅਖ਼ਬਾਰਾਂ ਨੂੰ ਭੇਜ ਦਿੱਤੀ ਗਈ। ਕਮਿਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਰੱਦ ਕਰ ਦਿੱਤੀ ਅਤੇ ਪੈਪਸੂ ਅਤੇ ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਵਿਚ ਮਿਲਾਉਣ ਦੀ ਸਿਫ਼ਾਰਸ਼ ਕੀਤੀ।

## ਪੰਜਾਬੀ ਸੂਬਾ ਅੰਦੋਲਨ

ਸਿੱਖ ਨੇਤਾਵਾਂ ਨੇ ਇਸ ਰਿਪੋਰਟ ਦੀ ਕਰੜੀ ਵਿਰੋਧਤਾ ਕੀਤੀ ਅਤੇ ਇਸ ਨੂੰ ਸਿੱਖਾਂ ਦੀ ਰਾਜਨੀਤਕ ਹਸਤੀ ਮਿਟਾਉਣ ਲਈ ਇਕ ਖ਼ਤਰਨਾਕ ਕਦਮ ਕਿਹਾ। ਉਹਨਾਂ ਨੇ ਪੰਜਾਬੀ ਬੋਲਦਾ ਰਾਜ ਪ੍ਰਾਪਤ ਕਰਨ ਲਈ ਸ਼ਾਂਤ ਮਈ ਅੰਦੋਲਨ ਆਰੰਭ ਕਰਨ ਦਾ ਬਿਗਲ ਵਜਾ ਦਿੱਤਾ। ਸੰਨ 1955 ਦੇ ਆਰੰਭ ਵਿਚ ਸ਼ਰੋਮਣੀ ਅਕਾਲੀ ਦਲ ਨੇ ਸ਼ਰੋਮਣੀ ਗੁਰਦਵਾਰਾਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪੰਜਾਬੀ ਸੂਬੇ ਦੇ ਪ੍ਰਸ਼ਨ ਤੇ ਲੜੀਆਂ। ਗਿਆਨੀ ਕਰਤਾਰ ਸਿੰਘ ਨੇ ਇਨ੍ਹਾਂ ਚੋਣਾਂ ਨੂੰ ਆਪਣੀ ਇੱਜ਼ਤ ਦਾ ਪ੍ਰਸ਼ਨ ਬਣਾ ਲਿਆ ਅਤੇ ਭਰਪੂਰ ਸਫ਼ਲਤਾ ਪ੍ਰਾਪਤ ਕਰਨ ਲਈ ਫ਼ਿਰੋਜ਼ਪੁਰ ਜ਼ਿਲੇ ਦੇ ਜ਼ਿਮੀਂਦਾਰਾਂ ਤੋਂ ਭਾਰੀ ਰਕਮ ਇਕੱਠੀ ਕੀਤੀ। ਅਕਾਲੀ ਦਲ ਨੇ 112 ਸੀਟਾਂ ਲਈ ਚੋਣਾ ਲੜੀਆਂ ਅਤੇ ਇਹ ਸਾਰੀਆਂ ਸੀਟਾਂ ਭਾਰੀ ਬਹੁਗਿਣਤੀ ਨਾਲ ਜਿੱਤ ਲਈਆਂ, ਕਾਂਗਰਸ ਦੇ ਪ੍ਰਵਰਦਾ ਸਾਧ ਸੰਗਤ ਬੋਰਡ ਨੂੰ ਕੇਵਲ ਪੰਜ ਸੀਟਾਂ ਮਿਲੀਆਂ। ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਦੇ ਵਿਰੋਧ ਵਿਚ ਆਰੀਆ ਸਮਾਜ ਅਤੇ ਭਾਰਤੀਆ ਜਨਸੰਘ ਨੇ ਮਹਾਂ ਪੰਜਾਬ ਦੀ ਮੰਗ 'ਤੇ ਜ਼ੋਰ ਦੇਣਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਵਿਚ ਭਿੰਨ-ਭਿੰਨ ਸੰਪਰਦਾਵਾਂ ਵਿਚ ਖਿੱਚੋਤਾਣ ਵਧ ਗਈ।

ਪੰਜਾਬੀ ਬੋਲਦੇ ਰਾਜ ਲਈ ਅਕਾਲੀ ਅਦੋਲਨ 6 ਅਪ੍ਰੈਲ 1955 ਤੋਂ ਪਿਛੋਂ ਜ਼ੋਰ ਫੜਨ ਲੱਗਾ ਜਦੋਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭੀਮ ਸੈਨ ਸੱਚਰ ਨੇ ਇਕ ਆਰਡੀਨੈਂਸ ਜਾਰੀ ਕਰ ਕੇ ਪੰਜਾਬ ਵਿਚ ਪੰਜਾਬੀ ਸੂਬੇ ਅਤੇ ਮਹਾਂ ਪੰਜਾਬ ਦੇ ਹੱਕ ਵਿਚ ਨਾਹਰਾ ਲਾਉਣ ਤੇ ਪਾਬੰਦੀ ਲਾ ਦਿੱਤੀ। ਅਕਾਲੀ ਦਲ ਨੇ ਇਸ ਅਧਿਆਦੇਸ਼ ਦੇ ਵਿਰੁੱਧ 10 ਮਈ, 1955 ਨੂੰ ਮੋਰਚਾ ਆਰੰਭ ਕਰ ਦਿੱਤਾ ਅਤੇ ਮਾਸਟਰ ਤਾਰਾ ਸਿੰਘ ਨੇ ਦਸ ਸੱਤਿਆਗ੍ਰਹੀਆਂ ਦੇ ਪਹਿਲੇ ਜੱਥੇ ਨਾਲ ਗ੍ਰਿਫ਼ਤਾਰੀ ਦਿੱਤੀ।

16 ਮਈ 1955 ਨੂੰ ਗਿਆਨੀ ਕਰਤਾਰ ਸਿੰਘ, ਸਰਦਾਰ ਕਾਬਲ ਸਿੰਘ,

Digitized by Panjab Digital Library | www.panjabdigilib.org

ਭਾਈ ਪਰਮਾ ਨੰਦ ਝਾਂਸੀ ਅਤੇ ਕੁਝ ਹੋਰ ਉੱਘੇ ਨੇਤਾਵਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ। 10 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਅੰਮ੍ਰਿਤਸਰ ਦੀ ਯਾਤਰਾ ਤੇ ਆਏ ਅਤੇ ਦਰਬਾਰ ਸਾਹਿਬ ਵੀ ਗਏ। ਇਸ ਪਰਕਾਰ ਉਹਨਾਂ ਨੇ ਸਿੱਖ ਸੰਪਰਦਾ ਪ੍ਰਤੀ ਆਪਣੀ ਸਦਭਾਵਨਾ ਅਤੇ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ। ਗਿਆਨੀ ਕਰਤਾਰ ਸਿੰਘ ਤੇ ਹੋਰ ਸਿੱਖ ਨੇਤਾਵਾਂ ਨੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਉਹਨਾਂ ਨੂੰ ਸਰੋਪਾ ਭੇਂਟ ਕੀਤਾ। 22 ਨਵੰਬਰ, 1955 ਨੂੰ ਪ੍ਰਮੁੱਖ ਸਿੱਖ ਨੇਤਾ ਦਿੱਲੀ ਵਿਖੇ ਪਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਫਿਰ ਮਿਲੇ ਅਤੇ 23 ਦਸੰਬਰ, 1955 ਅਤੇ 22 ਜਨਵਰੀ, 1956 ਨੂੰ ਇਨ੍ਹਾਂ ਨੇਤਾਵਾਂ ਨੇ ਪਰਧਾਨ ਮੰਤਰੀ ਨਾਲ ਫਿਰ ਮੁਲਾਕਾਤ ਕੀਤੀ ਅਤੇ ਪੂਰੇ ਜ਼ੋਰ ਨਾਲ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਲਈ ਆਪਣਾ ਪੱਖ ਪੇਸ਼ ਕੀਤਾ।

□

Digitized by Panjab Digital Library | www.panjabdigilib.org

# 7

# ਰਿਜਨਲ ਫਾਰਮੂਲੇ ਤੋਂ ਅੰਤਮ ਯਾਤਰਾ ਤੱਕ

## ਰਿਜਨਲ ਫਾਰਮੂਲਾ

ਫਰਵਰੀ 1956 ਵਿਚ ਸਰਵ ਭਾਰਤੀ ਨੈਸ਼ਨਲ ਕਾਂਗਰਸ ਦੀ ਕਾਰਜਕਾਰੀ ਕਮੇਟੀ ਨੇ ਆਪਣਾ ਵਾਰਸ਼ਕ ਸਮਾਗਮ ਅੰਮ੍ਰਿਤਸਰ ਵਿਖੇ ਕਰਨ ਦਾ ਨਿਰਣਾ ਕੀਤਾ। ਸ਼ਰੋਮਣੀ ਅਕਾਲੀ ਦਲ ਨੇ ਵੀ ਦਸਵਾਂ ਵਾਰਸ਼ਿਕ ਸਮਾਗਮ ਉਹਨਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਵਿਖੇ ਹੀ ਕਰਨ ਦਾ ਫੈਸਲਾ ਕੀਤਾ। 11 ਫਰਵਰੀ, 1956 ਨੂੰ ਅੰਮ੍ਰਿਤਸਰ ਵਿਖੇ ਸਿੱਖਾਂ ਨੇ ਆਪਣਾ ਇਤਿਹਾਸਕ ਜਲੂਸ ਕੱਢਿਆ। ਇਹ ਇਕ ਪ੍ਰਕਾਰ ਦਾ ਇਨਸਾਨਾਂ ਦਾ ਸਮੁੰਦਰ ਸੀ ਅਤੇ ਪੰਜਾਬ ਦੇ ਕੋਣੇ-ਕੋਣੇ ਤੋਂ ਲੱਖਾਂ ਸਿੱਖ ਇਸ ਵਿਚ ਸ਼ਾਮਲ ਹੋਣ ਲਈ ਆਏ। ਪੰਡਿਤ ਜਵਾਹਰ ਲਾਲ ਜੀ ਨਹਿਰੂ ਅਕਾਲੀ ਦਲ ਦਾ ਸਿੱਖਾਂ ਵਿਚ ਇਤਨਾ ਪ੍ਰਭਾਵ ਦੇਖ ਕੇ ਹੈਰਾਨ ਹੋ ਗਏ। ਇਸ ਭਾਰੀ ਅਕਾਲੀ ਕਾਨਫਰੰਸ ਅਤੇ ਮਹਾਨ ਜਲੂਸ ਦੇ ਪਿੱਛੇ ਗਿਆਨੀ ਕਰਤਾਰ ਸਿੰਘ ਦੀ ਪ੍ਰਬੰਧਕ ਸ਼ਕਤੀ ਸੀ, ਜੋ ਉਸ ਸਮੇਂ ਅਕਾਲੀ ਦਲ ਦਾ ਜਨਰਲ ਸੈਕਟਰੀ ਸੀ।

ਕੁਝ ਦਿਨਾਂ ਪਿੱਛੋਂ ਹੀ ਕੇਂਦਰੀ ਸਰਕਾਰ ਦੀ ਕੈਬਨਿਟ ਸਬ ਕਮੇਟੀ ਨੇ ਸਿੱਖ ਨੇਤਾਵਾਂ ਨਾਲ ਆਪਣੀ ਗੱਲਬਾਤ ਆਰੰਭ ਕਰ ਦਿੱਤੀ। ਦਿੱਲੀ ਵਿਖੇ ਪ੍ਰਮੁੱਖ ਰਾਜਨੀਤਿਕ ਨੇਤਾਵਾਂ ਦੀ ਇਕ ਇਕੱਤਰਤਾ ਵਿਚ ਗਿਆਨੀ ਕਰਤਾਰ ਸਿੰਘ ਨੇ



Digitized by Panjab Digital Library | www.panjabdigilib.org

ਪੰਜਾਬ ਰਾਜ ਦੀ ਨਵੀਂ ਹੱਦਬੰਦੀ, ਅਤੇ ਪੰਜਾਬੀ ਸੂਬੇ ਦੀ ਉਪਯੋਗਤਾ ਦੇ ਬਾਰੇ ਵਿਚ ਉਨ੍ਹਾਂ ਨੂੰ ਜਾਣੂ ਕਰਵਾਇਆ। ਮਾਰਚ ਦੇ ਆਰੰਭ ਵਿਚ ਸਿੱਖ ਪ੍ਰਤੀਨਿਧ ਮੰਡਲ ਨੇ ਸਰਕਾਰ ਦਾ ਆਖਰੀ ਸੁਝਾਅ, ਜਿਸ ਨੂੰ ਆਮ ਤੌਰ ਤੇ ਰਿਜਨਲ ਫਾਰਮੂਲਾ ਕਿਹਾ ਜਾਂਦਾ ਹੈ, ਸਵੀਕਾਰ ਕਰ ਲਿਆ। ਇਸ ਪ੍ਰਤੀਨਿਧ ਮੰਡਲ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਭਾਈ ਜੋਧ ਸਿੰਘ, ਸਰਦਾਰ ਗਿਆਨ ਸਿੰਘ ਰਾੜੇਵਾਲਾ ਅਤੇ ਬਾਵਾ ਹਰਕਿਸ਼ਨ ਸਿੰਘ ਸ਼ਾਮਲ ਸਨ।

11 ਮਾਰਚ, 1956 ਨੂੰ ਸ਼ਰੋਮਣੀ ਅਕਾਲੀ ਦਲ ਦੀ ਕਾਰਜਕਾਰੀ ਕਮੇਟੀ ਨੇ ਰਿਜਨਲ ਫਾਰਮੂਲੇ ਨੂੰ ਮੰਨ ਲਿਆ। ਪਰ ਗਿਆਨੀ ਕਰਤਾਰ ਸਿੰਘ ਨੂੰ ਇਸ ਦੀ ਵਿਰੋਧਤਾ ਦਾ ਅੰਤ ਕਰਨ ਲਈ ਕਾਫੀ ਮਿਹਨਤ ਕਰਨੀ ਪਈ। ਉਹਨਾਂ ਨੇ ਆਪਣੇ ਨੁਕਤੇ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਅਸੀਂ ਰਿਜਨਲ ਫਾਰਮੂਲਾ ਮੰਨ ਕੇ ਪੰਜਾਬੀ ਸੂਬੇ ਦੀ ਮੰਗ ਨੂੰ ਛੱਡ ਨਹੀਂ ਰਹੇ ਸਗੋਂ ਰਿਜਨਲ ਫਾਰਮੂਲਾ ਤਾਂ ਸ਼ਗਨ ਵਾਂਗ ਹੈ ਤੇ ਪੰਜਾਬੀ ਸੂਬਾ ਵਿਆਹ ਵਾਂਗ। ਇਸ ਸ਼ਗਨ ਨੂੰ ਮੋੜਨਾ ਨਹੀਂ ਚਾਹੀਦਾ। ਆਖਰੀ ਵੋਟਿੰਗ ਵਿਚ ਕੇਵਲ ਸਰਦਾਰ ਅਮਰ ਸਿੰਘ ਅੰਬਾਲਵੀ ਨੇ ਰਿਜਨਲ ਫਾਰਮੂਲੇ ਦੀ ਵਿਰੋਧਤਾ ਵਿਚ ਵੋਟ ਪਾਈ। ਸਰਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਰਦਾਰ ਗੁਰਬਖਸ਼ ਸਿੰਘ ਐਡਵੋਕੇਟ ਗੁਰਦਾਸਪੁਰ ਨੇ ਉਸ ਦੀ ਹਮਾਇਤ ਕੀਤੀ।

ਰਿਜਨਲ ਫਾਰਮੂਲੇ ਅਨੁਸਾਰ ਜ਼ਿਲਾ ਪੱਧਰ ਅਤੇ ਉਸ ਤੋਂ ਹੇਠਾਂ ਹਰ ਇਕ ਰਿਜਨ ਦੀ ਸਰਕਾਰੀ ਭਾਸ਼ਾ ਉਸ ਖੇਤਰ ਦੀ ਸਰਕਾਰੀ ਭਾਸ਼ਾ ਬਣਾ ਦਿੱਤੀ ਗਈ। ਪੰਜਾਬੀ ਅਤੇ ਹਿੰਦੀ ਜ਼ੋਨ ਦੀਆਂ ਆਪਣੀਆਂ ਆਪਣੀਆਂ ਰਿਜਨਲ ਕਮੇਟੀਆਂ ਬਣਾ ਦਿੱਤੀਆਂ ਗਈਆਂ ਅਤੇ ਇਨ੍ਹਾਂ ਰਿਜਨਲ ਕਮੇਟੀਆਂ ਦੀ ਸਲਾਹ ਸਰਕਾਰ ਅਤੇ ਵਿਧਾਨ ਸਭਾ ਨੂੰ ਅਵੱਸ਼ ਮੰਨਣੀ ਪੈਂਦੀ ਸੀ।

## ਕਾਂਗਰਸ ਵਿਚ ਪ੍ਰਵੇਸ਼

ਰਿਜਨਲ ਫਾਰਮੂਲਾ ਸਵੀਕਾਰ ਕਰਨ ਪਿਛੋਂ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਦੇ ਵਿਧਾਨ ਸਭਾ ਦੇ ਮੈਂਬਰਾਂ ਨੂੰ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਲਈ ਰਾਜ਼ੀ ਕਰ ਲਿਆ। ਉਸ ਨੇ ਇਸ ਸੰਬੰਧ ਵਿਚ ਸਤੰਬਰ, 1956 ਤੱਕ

Digitized by Panjab Digital Library | www.panjabdigilib.org

ਕਾਂਗਰਸ ਦੇ ਪ੍ਰਧਾਨ ਮੌਲਾਨਾ ਅਬੁਲ ਕਲਾਮ ਅਜ਼ਾਦ ਨਾਲ ਗੱਲਬਾਤ ਜਾਰੀ ਰੱਖੀ। ਅਖੀਰ ਇਸ ਅਧਾਰ ਤੇ ਕਾਂਗਰਸ ਅਤੇ ਅਕਾਲੀ ਦਲ ਦਾ ਸਮਝੌਤਾ ਹੋ ਗਿਆ ਕਿ ਅਕਾਲੀ ਦਲ ਕਾਂਗਰਸ ਵਿਚ ਸ਼ਾਮਲ ਹੋ ਜਾਵੇਗਾ, ਉਸ ਦੇ ਮੈਂਬਰ ਸਿੱਧੇ ਤੌਰ ਤੇ ਰਾਜਨੀਤੀ ਵਿਚ ਭਾਗ ਨਹੀਂ ਲੈਣਗੇ, ਪਰ ਉਨ੍ਹਾਂ ਨੂੰ ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਕੰਮਾਂ ਵਿਚ ਭਾਗ ਲੈਣ ਦੀ ਪੂਰੀ ਖੁਲ੍ਹ ਹੋਵੇਗੀ।

30 ਸਤੰਬਰ, 1956 ਨੂੰ ਗਿਆਨੀ ਕਰਤਾਰ ਸਿੰਘ ਨੇ ਸ਼ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਕਮੇਟੀ ਅਤੇ 200 ਜਥੇਦਾਰਾਂ ਦੀ ਅੰਮ੍ਰਿਤਰ ਵਿਖੇ ਇਕ ਵਿਸ਼ੇਸ਼ ਇਕੱਤਰਤਾ ਬੁਲਾਈ ਅਤੇ ਉਹਨਾਂ ਨਾਲ ਕਾਂਗਰਸ ਵਿਚ ਸ਼ਾਮਲ ਹੋਣ ਲਈ ਵਿਚਾਰ-ਵਟਾਂਦਰਾ ਕੀਤਾ, ਅਖੀਰ 24 ਨਵੰਬਰ, 1956 ਨੂੰ ਸ਼ਰੋਮਣੀ ਅਕਾਲੀ ਦਲ ਦੀ ਜਨਰਲ ਬਾਡੀ ਦੀ ਮੀਟਿੰਗ ਬੁਲਾਈ ਗਈ। ਇਸ ਇਕੱਤਰਤਾ ਵਿਚ ਪੰਜਾਬ ਅਤੇ ਹੋਰ ਰਾਜਾਂ 'ਚੋਂ ਅਕਾਲੀ ਦਲ ਦੇ 322 ਪ੍ਰਤੀਨਿਧੀ ਸ਼ਾਮਲ ਹੋਏ। ਗਿਆਨੀ ਕਰਤਾਰ ਸਿੰਘ ਦੀ ਚਤਰ ਨੀਤੀ ਕਾਰਨ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਮਤਾ ਲਗ ਪਗ ਸਰਵ ਸੰਮਤੀ ਨਾਲ ਪਾਸ ਹੋ ਗਿਆ। ਕੇਵਲ ਪੰਜ ਡੈਲੀਗੇਟਾਂ ਨੇ ਹੀ ਇਸ ਦੇ ਵਿਰੁੱਧ ਵੋਟ ਪਾਏ। ਮਾਸਟਰ ਤਾਰਾ ਸਿੰਘ ਨੇ ਇਸ ਮਤੇ ਦੇ ਹੱਕ ਵਿਚ ਵੋਟ ਪਾਇਆ, ਭਾਵੇਂ ਬਾਅਦ ਵਿਚ ਉਹ ਛੇਤੀ ਹੀ ਮਾਯੂਸ ਹੋ ਗਏ।

ਇਸ ਨਿਰਣੇ ਪਿੱਛੋਂ ਕਾਂਗਰਸ ਹਾਈ ਕਮਾਂਡ ਨੇ ਤਿੰਨ ਅਕਾਲੀ ਨੇਤਾਵਾਂ, ਗਿਆਨੀ ਕਰਤਾਰ ਸਿੰਘ, ਸਰਦਾਰ ਹੁਕਮ ਸਿੰਘ ਅਤੇ ਸਰਦਾਰ ਅਜੀਤ ਸਿੰਘ ਸਰਹੱਦੀ ਨੂੰ ਪੰਜਾਬ ਲਈ ਕਾਂਗਰਸ ਦੇ ਚੋਣ ਬੋਰਡ ਦੇ ਮੈਂਬਰ ਨਾਮਜ਼ਦ ਕਰ ਦਿੱਤਾ। ਪਰ ਉਹਨਾਂ ਨੇ ਛੇਤੀ ਹੀ ਅਨੁਭਵ ਕਰ ਲਿਆ ਕਿ ਪੰਜਾਬ ਦੇ ਕਾਂਗਰਸ ਨੇਤਾ ਅਕਾਲੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੇ ਹਨ। 14 ਫਰਵਰੀ, 1957 ਨੂੰ ਮਾਸਟਰ ਤਾਰਾ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਵਿਚ ਬੋਲਦੇ ਹੋਏ ਕਿਹਾ, "ਹੁਣ ਮੈਂ ਅਕਾਲੀ ਕਾਂਗਰਸ ਸਮਝੌਤੇ ਦਾ ਪਾਬੰਦ ਨਹੀਂ ਹਾਂ ਕਿਉਂਕਿ ਕਾਂਗਰਸੀ ਨੇਤਾਵਾਂ ਨੇ ਸਾਡੇ ਨਾਲ ਧਰੋਹ ਕੀਤਾ ਹੈ ਅਤੇ ਸਾਡਾ ਅਪਮਾਨ ਕੀਤਾ ਹੈ।" ਗਿਆਨੀ ਕਰਤਾਰ ਸਿੰਘ ਦੇ ਸਾਥੀ ਜੋ ਅਜੇ ਕਾਂਗਰਸ ਦੇ ਹਮਾਇਤੀ ਸਨ, ਮਾਸਟਰ ਤਾਰਾ ਸਿੰਘ ਦੇ ਇਸ ਪ੍ਰਚਾਰ ਦੇ ਹੱਕ ਵਿਚ ਨਹੀਂ ਸਨ। ਉਹ ਆਪਣੀ

Digitized by Panjab Digital Library | www.panjabdigilib.org

ਯੋਜਨਾ ਅਨੁਸਾਰ ਕਾਂਗਰਸ ਦੇ ਅੰਦਰ ਰਹਿ ਕੇ ਪੰਥ ਦੀ ਸੇਵਾ ਕਰਨੀ ਚਾਹੁੰਦਾ ਸੀ।

## ਮੰਤਰੀ ਮੰਡਲ ਵਿਚ

ਗਿਆਨੀ ਕਰਤਾਰ ਸਿੰਘ ਪੰਜਾਬ ਵਿਧਾਨ ਸਭਾ ਦੇ ਦਸੂਹਾ-ਟਾਂਡਾ ਹਲਕੇ ਤੋਂ ਡਾਕਟਰ ਜਗਜੀਤ ਸਿੰਘ ਦੇ ਮੁਕਾਬਲੇ ਵਿਚ ਦਸ ਹਜ਼ਾਰ ਵੋਟ ਤੇ ਜਿੱਤਿਆ ਅਤੇ ਉਸ ਨੂੰ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਕਾਂਗਰਸ ਮੰਤਰੀ ਮੰਡਲ ਵਿਚ ਮਾਲ ਅਤੇ ਖੇਤੀ ਮੰਤਰੀ ਦੇ ਰੂਪ ਵਿਚ ਲੈ ਲਿਆ ਗਿਆ। ਇਸ ਪ੍ਰਕਾਰ ਉਸ ਨੂੰ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਦੇਣ ਦਾ ਇਕ ਹੋਰ ਅਵਸਰ ਮਿਲ ਗਿਆ। ਉਸਨੇ ਹਿੰਦੀ ਰਖਸ਼ਾ ਸੰਮਤੀ ਦੀ ਪੰਜਾਬ ਨੂੰ ਦੋ ਭਾਸ਼ੀ ਰਾਜ ਬਣਾਉਣ ਦੀ ਨੀਤੀ ਦੀ ਕਰੜੀ ਵਿਰੋਧਤਾ ਕੀਤੀ। ਇਕ ਜਲਸੇ ਵਿਚ ਭਾਸ਼ਨ ਦਿੰਦੇ ਹੋਏ ਗਿਆਨੀ ਕਰਤਾਰ ਸਿੰਘ ਨੇ ਕਿਹਾ, "ਕੋਈ ਵੀ ਖੇਤਰੀ ਭਾਸ਼ਾ ਰਾਸ਼ਟਰੀ ਭਾਸ਼ਾ ਦੇ ਸਨਮਾਨ ਨੂੰ ਨਹੀਂ ਘਟਾ ਸਕਦੀ"

1957 ਵਿਚ ਹਿੰਦੀ ਅੰਦੋਲਨ ਦਾ ਮੁਕਾਬਲਾ ਕਰਨ ਲਈ ਗਿਆਨੀ ਕਰਤਾਰ ਸਿੰਘ ਨੇ ਕਾਂਗਰਸ ਪਾਰਟੀ ਦੇ ਕਈ ਜਲਸੇ ਕੀਤੇ। ਯਮਨਾ ਨਗਰ ਵਿਖੇ ਇਕ ਵਿਸ਼ਾਲ ਕਾਨਫਰੰਸ ਵਿਚ ਭਾਸ਼ਨ ਦਿੰਦੇ ਹੋਏ ਕਿਹਾ ਕਿ ਜਦੋਂ ਸੰਵਿਧਾਨ ਸਭਾ ਵਿਚ ਹਿੰਦੀ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦਾ ਪ੍ਰਸ਼ਨ ਸਾਹਮਣੇ ਆਇਆ ਤਾਂ ਹਿੰਦੀ ਭਾਸ਼ਾ ਨੂੰ ਕੇਵਲ ਇਕ ਵੋਟ ਦੀ ਬਹੁ-ਸੰਮਤੀ ਨਾਲ ਹੀ ਰਾਸ਼ਟਰੀ ਭਾਸ਼ਾ ਬਣਾਇਆ ਗਿਆ ਅਤੇ ਇਹ ਵੋਟ ਸੰਵਿਧਾਨ ਸਭਾ ਦੇ ਸਿੱਖ ਮੈਂਬਰ ਗਿਆਨੀ ਗੁਰਮੁੱਖ ਸਿੰਘ ਮੁਸਾਫਰ ਦੀ ਸੀ। ਸਿੱਖਾਂ ਦੇ ਧਾਰਮਿਕ ਗਰੰਥਾਂ ਦੀ ਭਾਸ਼ਾ ਵੀ ਬਹੁਤ ਹੱਦ ਤੱਕ ਹਿੰਦੀ ਨਾਲ ਮਿਲਦੀ-ਜੁਲਦੀ ਹੈ ਅਸੀਂ ਤਾਂ ਪਹਿਲਾਂ ਹੀ ਹਿੰਦੀ ਭਾਸ਼ਾ ਦਾ ਹੱਦੋਂ ਵਧ ਅਤੇ ਦਿਲੋਂ ਸਤਿਕਾਰ ਕਰਦੇ ਹਾਂ। ਹਿੰਦੀ ਦੇ ਪਰਚਾਰ ਦੀ ਵਧ ਲੋੜ ਤਾਂ ਦੱਖਣੀ ਭਾਰਤ ਵਿਚ ਹੈ। ਪੰਜਾਬੀ ਤਾਂ ਪਹਿਲਾਂ ਹੀ ਹਿੰਦੀ ਦੀ ਸੇਵਾ ਕਰ ਰਹੇ ਹਨ। ਪੰਜਾਬ ਦੀ ਆਮ ਜਨਤਾ ਅਤੇ ਵਿਸ਼ੇਸ਼ ਰੂਪ ਵਿਚ ਸਿੱਖਾਂ ਨੂੰ ਬਹੁਤ ਦੁੱਖ ਹੁੰਦਾ ਹੈ ਜਦੋਂ ਕਿ ਕੁਝ ਭੁੱਲੜ ਹਿੰਦੂ ਵੀਰ ਪੰਜਾਬੀ ਨੂੰ ਆਪਣੀ ਮਾਤਰੀ ਭਾਸ਼ਾ ਮੰਨਣ ਤੋਂ ਇਨਕਾਰ ਕਰਕੇ ਪੰਜਾਬ ਵਿਚ ਖਿਚਾਅ ਦਾ ਵਾਤਾਵਰਨ ਪੈਦਾ ਕਰਦੇ ਹਨ। ਉਸ ਨੇ ਸਪੱਸ਼ਟ

Digitized by Panjab Digital Library | www.panjabdigilib.org

ਅਖਰਾਂ ਵਿਚ ਕਿਹਾ ਕਿ ਹਿੰਦੀ ਸਾਡੀ ਰਾਸ਼ਟਰੀ ਭਾਸ਼ਾ ਹੈ ਅਤੇ ਪੰਜਾਬੀ ਸਾਰੇ ਪੰਜਾਬੀਆਂ ਦੀ ਮਾਤਰੀ ਭਾਸ਼ਾ ਹੈ ਅਤੇ ਸਾਨੂੰ ਦੋਹਾਂ ਦੀ ਵਧ ਚੜ੍ਹਕੇ ਸੇਵਾ ਕਰਨੀ ਚਾਹੀਦੀ ਹੈ। ਉਸ ਦੀਆਂ ਦਲੀਲਾਂ ਅਤੇ ਜ਼ੋਰਦਾਰ ਪ੍ਰਚਾਰ ਨੇ ਹਿੰਦੀ ਅੰਦੋਲਨ ਨੂੰ ਅਸਫ਼ਲ ਕਰ ਦਿੱਤਾ।

## ਭਾਸ਼ਾ ਵਿਭਾਗ ਪੰਜਾਬ ਦੀ ਸੇਵਾ

1957 ਵਿਚ ਗਿਆਨੀ ਕਰਤਾਰ ਸਿੰਘ ਮੰਤਰੀ ਦੇ ਤੌਰ ਤੇ ਭਾਸ਼ਾ ਵਿਭਾਗ ਪੰਜਾਬ ਦਾ ਵੀ ਇੰਚਾਰਜ ਸੀ। ਉਸ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਉੱਨਤੀ ਲਈ ਕਈ ਯੋਜਨਾਵਾਂ ਚਾਲੂ ਕਰਵਾਈਆਂ ਅਤੇ ਵਿਭਾਗ ਦੇ ਬਜਟ ਵਿਚ ਵਾਧਾ ਕੀਤਾ ਗਿਆ। ਅੰਗਰੇਜ਼ੀ ਦੇ ਵਿਸ਼ਵ ਕੋਸ਼ ਬ੍ਰਿਟਾਨਿਕ ਦੀਆਂ ਲੀਹਾਂ ਤੇ 25 ਜਿਲਦਾਂ ਵਾਲੇ ਵਿਸ਼ਾਲ ਪੰਜਾਬੀ ਵਿਸ਼ਵ ਕੋਸ਼ ਦੀ ਤਿਆਰੀ ਸ਼ੁਰੂ ਕੀਤੀ ਗਈ ਅਤੇ ਸੰਸਾਰ ਪ੍ਰਸਿੱਧ ਪੁਸਤਕਾਂ ਦਾ ਅਨੁਵਾਦ ਆਰੰਭ ਕੀਤਾ ਗਿਆ। ਉਸ ਦੀ ਸਭ ਤੋਂ ਵਿਸ਼ੇਸ਼ ਸਫ਼ਲਤਾ ਪ੍ਰਸਿੱਧ ਵਿਦਵਾਨ ਗਿਆਨ ਲਾਲ ਸਿੰਘ ਨੂੰ ਭਾਸ਼ਾ ਵਿਭਾਗ ਦਾ ਡਾਇਰੈਕਟਰ ਨਿਯੁਕਤ ਕਰਨਾ ਸੀ। ਗਿਆਨੀ ਲਾਲ ਸਿੰਘ ਨੇ ਰੀਟਾਇਰ ਹੋਣ ਤੱਕ ਪੰਜਾਬੀ ਭਾਸ਼ਾ ਦੀ ਮਹਾਨ ਸੇਵਾ ਕੀਤੀ ਅਤੇ ਹਿੰਦੀ ਭਾਸ਼ਾ ਦੀ ਉੱਨਤੀ ਲਈ ਵੀ ਠੋਸ ਕਦਮ ਚੁਕੇ। ਮੌਜੂਦਾ ਡਾਇਰੈਕਟਰ ਭਾਸ਼ਾ ਵਿਭਾਗ ਸ੍ਰੀ ਰਜਨੀਸ਼ ਕੁਮਾਰ ਵੀ ਉਨ੍ਹਾਂ ਦੇ ਪੂਰਨਿਆਂ ਤੇ ਚੱਲ ਰਹੇ ਹਨ।

## ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ

ਮੰਤਰੀ ਦੇ ਰੂਪ ਵਿਚ ਗਿਆਨੀ ਕਰਤਾਰ ਸਿੰਘ ਨੇ ਕਈ ਵਿਸ਼ੇਸ਼ ਸੇਵਾਵਾਂ ਕੀਤੀਆਂ। ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਸਿਹਰਾ ਵੀ ਉਸ ਦੇ ਸਿਰ ਹੈ। ਉਸ ਨੇ ਇਸ ਕੰਮ ਲਈ ਰਿਜਨਲ ਫਾਰਮੂਲੇ ਦੀ ਧਾਰਾ 14 ਦਾ ਆਸਰਾ ਲਿਆ, ਜਿਸ ਅਨੁਸਾਰ ਇਹ ਨਿਸ਼ਚਿਤ ਕੀਤਾ ਗਿਆ ਸੀ, ਕਿ ਪੰਜਾਬ ਵਿਚ ਇਕ ਭਾਸ਼ਾ ਵਿਭਾਗ ਸਥਾਪਤ ਕੀਤਾ ਜਾਵੇਗਾ ਜੋ ਪੰਜਾਬੀ ਅਤੇ ਹਿੰਦੀ ਦੀ ਉਨਤੀ ਲਈ ਯਤਨ ਕਰੇਗਾ ਅਤੇ ਇਕ ਪੰਜਾਬੀ ਯੂਨੀਵਰਸਿਟੀ ਦੀ ਵੀ ਸਥਾਪਨਾ ਕੀਤੀ ਜਾਵੇਗੀ। ਜਦੋਂ ਗਿਆਨੀ ਜੀ ਦੇ ਨਿਕਟਵਰਤੀ ਸਾਥੀ ਸਰਦਾਰ ਰਾਮਦਿਆਲ ਸਿੰਘ ਐਮ.ਐਲ.ਏ. ਨੇ ਇਸ ਸਬੰਧ ਵਿਚ ਪੰਜਾਬੀ ਖੇਤਰ ਦੀ ਰਿਜਨਲ ਕਮੇਟੀ ਵਿਚ ਮਤਾ ਪੇਸ਼ ਕੀਤਾ ਤਾਂ ਗਿਆਨੀ ਜੀ ਦੇ ਜ਼ੋਰ ਦੇਣ ਤੇ ਮੁੱਖ ਮੰਤਰੀ

Digitized by Panjab Digital Library | www.panjabdigilib.org

ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਉਸ ਦੇ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ ਸਥਾਪਤ ਕਰਨ ਦੇ ਸੁਝਾਅ ਨੂੰ ਸਵੀਕਾਰ ਕਰ ਲਿਆ । 5 ਅਗਸਤ, 1960 ਨੂੰ ਪੰਜਾਬ ਸਰਕਾਰ ਨੇ ਇਕ ਅਧਿਆਦੇਸ਼ ਜਾਰੀ ਕਰਕੇ ਮਹਾਰਾਜਾ ਪਟਿਆਲਾ ਦੀ ਪ੍ਰਧਾਨਗੀ ਹੇਠ ਇਕ ਪੰਜਾਬੀ ਯੂਨੀਵਰਸਿਟੀ ਕਮਿਸ਼ਨ ਨਿਯੁਕਤ ਕਰ ਦਿੱਤਾ । 12 ਹੋਰ ਵਿਦਿਆ ਮਾਹਰ ਇਸ ਵਿਚ ਸ਼ਾਮਲ ਕੀਤੇ ਗਏ । 30 ਅਪ੍ਰੈਲ, 1962 ਨੂੰ ਇਕ ਅਧਿਆਦੇਸ਼ ਰਾਹੀਂ ਪੰਜਾਬੀ ਯੂਨੀਵਰਸਿਟੀ ਸਥਾਪਤ ਕਰ ਦਿੱਤੀ ਗਈ ਅਤੇ ਇਸਦੇ ਅਧਿਕਾਰ ਦਾ ਘੇਰਾ ਪਟਿਆਲਾ ਸ਼ਹਿਰ ਦੇ ਇਰਦ-ਗਿਰਦ 10 ਮੀਲ ਤੱਕ ਨੀਯਤ ਕੀਤਾ ਗਿਆ । ਭਾਰਤ ਦੇ ਪ੍ਰਧਾਨ ਡਾਕਟਰ ਰਾਧਾ ਕ੍ਰਿਸ਼ਨਨ ਨੇ ਇਸ ਯੂਨੀਵਰਸਿਟੀ ਦਾ ਉਦਘਾਟਨ ਕੀਤਾ ਅਤੇ ਭਾਈ ਜੋਧ ਸਿੰਘ ਨੂੰ ਇਸ ਦਾ ਪਹਿਲਾ ਉਪ-ਕੁਲਪਤੀ ਨਿਯੁਕਤ ਕੀਤਾ ਗਿਆ ।

ਪੰਜਾਬ ਵਿਚ ਇਕ ਹੋਰ ਯੂਨੀਵਰਸਟੀ ਸਥਾਪਤ ਕਰਨ ਵਿਚ ਪ੍ਰਤਾਪ ਸਿੰਘ ਕੈਰੋਂ ਦੇ ਨਾਲ ਨਾਲ ਗਿਆਨੀ ਕਰਤਾਰ ਸਿੰਘ ਦਾ ਵੀ ਹੱਥ ਸੀ । ਇਹ ਗੱਲ ਵਰਣਨ ਯੋਗ ਹੈ ਕਿ ਜਦੋਂ 1962 ਵਿਚ ਲੁਧਿਆਣਾ ਵਿਖੇ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਸਥਾਪਤ ਕੀਤੀ ਗਈ ਤਾਂ ਗਿਆਨੀ ਜੀ ਉਸ ਸਮੇਂ ਖੇਤੀ ਵਿਭਾਗ ਦੇ ਮੰਤਰੀ ਸਨ ।

## ਸਾਫ਼-ਸੁਥਰੇ ਰਾਜਨੀਤਿਕ ਜੀਵਨ ਲਈ ਸੰਘਰਸ਼

ਗਿਆਨੀ ਕਰਤਾਰ ਸਿੰਘ ਪੰਜਾਬ ਦੇ ਰਾਜਨੀਤਿਕ ਜੀਵਨ ਨੂੰ ਸਾਫ਼ ਸੁਥਰਾ ਕਰਨ ਲਈ ਹਰ ਤਰ੍ਹਾਂ ਦੇ ਯਤਨ ਦਾ ਹਾਮੀ ਸੀ । ਕੁੱਝ ਕਾਂਗਰਸੀ ਨੇਤਾ ਪੰਜਾਬ ਦੇ, ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਅਤੇ ਉਸ ਦੇ ਪਰਿਵਾਰ ਦੀਆਂ ਵਧੀਕੀਆਂ ਸੰਬੰਧੀ ਮਸਾਲਾ ਇਕੱਠਾ ਕਰ ਰਹੇ ਸਨ, ਪਰ ਕਾਂਗਰਸ ਹਾਈ ਕਮਾਂਡ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਪਿੱਠ ਪਿੱਛੇ ਸੀ । ਗਿਆਨੀ ਕਰਤਾਰ ਸਿੰਘ ਵੀ ਮੁੱਖ ਮੰਤਰੀ ਦੀਆਂ ਕੁਝ ਨੀਤੀਆਂ ਨੂੰ ਪਸੰਦ ਨਹੀਂ ਕਰਦਾ ਸੀ । ਪਿਛੋਂ ਜਦੋਂ ਕਰੋਧ ਵਿਚ ਆ ਕੇ ਮੁੱਖ ਮੰਤਰੀ ਨੇ ਉਹਨਾਂ ਨੂੰ ਮੰਤਰੀ ਮੰਡਲ 'ਚੋਂ ਕੱਢਣ ਦਾ ਯਤਨ ਕੀਤਾ ਤਾਂ ਕਾਂਗਰਸ ਹਾਈ ਕਮਾਂਡ ਨੇ ਕੈਰੋਂ ਸਾਹਿਬ ਦੀ ਸਲਾਹ ਮੰਨਣ ਤੋਂ ਇਨਕਾਰ ਕਰ ਦਿੱਤਾ । ਮੁਖ ਮੰਤਰੀ ਦੀ ਹੇਠੀ ਕਰਨ ਲਈ ਗਿਆਨੀ ਜੀ ਨੇ ਸਿਆਸੀ ਚਾਲ ਨਾਲ ਸੇਠ ਰਾਮ ਨਾਥ ਨੂੰ ਪੰਜਾਬੀ ਰਿਜਨਲ ਕਮੇਟੀ ਦੇ ਪ੍ਰਧਾਨ ਦੀ ਚੋਣ ਵਿਚ ਸਫ਼ਲ ਕਰਵਾ ਦਿੱਤਾ, ਭਾਵੇਂ

Digitized by Panjab Digital Library | www.panjabdigilib.org

ਮੁੱਖ ਮੰਤਰੀ, ਸਰਦਾਰ ਦਰਬਾਰਾ ਸਿੰਘ ਨੂੰ ਪ੍ਰਧਾਨ ਬਣਾਉਣਾ ਚਾਹੁੰਦਾ ਸੀ। ਮੁੱਖ ਮੰਤਰੀ ਨੇ ਗਿਆਨੀ ਜੀ ਨੂੰ ਸਬਕ ਸਿਖਾਉਣ ਲਈ ਉਹਨਾਂ ਤੋਂ ਮਾਲ ਅਤੇ ਸਥਾਨਕ ਪ੍ਰਬੰਧ ਦੇ ਮਹੱਤਵ ਪੂਰਨ ਵਿਭਾਗ ਖੋਹ ਲਏ।

## ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਅਧਿਕਾਰ

ਇਕ ਸੂਝਵਾਨ ਅਤੇ ਦੂਰ-ਦਰਿਸ਼ਟ ਸਿਆਸਤਦਾਨ ਦੇ ਰੂਪ ਵਿਚ ਗਿਆਨੀ ਜੀ ਨੂੰ ਇਹ ਵਿਸ਼ਵਾਸ਼ ਸੀ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੱਚਰ ਫਾਰਮੂਲੇ ਤੋਂ ਪਿੱਛੋਂ ਰਿਜਨਲ ਫਾਰਮੂਲਾ ਇਕ ਮਹੱਤਵ ਪੂਰਨ ਕਦਮ ਸੀ। ਉਸ ਨੂੰ ਛੇਤੀ ਹੀ ਆਪਣੇ ਅਸਲੀ ਨਿਸ਼ਾਨੇ ਤੇ ਪਹੁੰਚਣ ਦੀ ਉਮੀਦ ਸੀ। ਉਹ ਮਾਸਟਰ ਤਾਰਾ ਸਿੰਘ ਦੀ ਕਾਂਗਰਸ ਵਿਰੋਧੀ ਨੀਤੀ ਤੋਂ ਬੜਾ ਦੁਖੀ ਸੀ। ਉਹ ਮਾਸਟਰ ਤਾਰਾ ਸਿੰਘ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਟਾ ਕੇ ਉਸ ਨੂੰ ਆਪਣੀ ਅਸਲੀ ਪੁਜ਼ੀਸ਼ਨ ਦਾ ਅਨੁਭਵ ਕਰਾਉਣਾ ਚਾਹੁੰਦਾ ਸੀ। ਜਦੋਂ 16 ਨਵੰਬਰ, 1958 ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ ਤਾਂ ਗਿਆਨੀ ਜੀ ਦਾ ਉਮੀਦਵਾਰ ਸਰਦਾਰ ਪਰੇਮ ਸਿੰਘ ਲਾਲਪੁਰਾ, ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਵਿਚੋਂ 77 ਵੋਟਾਂ ਨਾਲ ਕੇਵਲ ਤਿੰਨ ਵੋਟਾਂ ਵੱਧ ਲੈ ਕੇ ਪ੍ਰਧਾਨ ਚੁਣਿਆ ਗਿਆ। ਇਹ ਪੰਜਾਬ ਵਿਚ ਇਕ ਬਹੁਤ ਵੱਡਾ ਸਿਆਸੀ ਧਮਾਕਾ ਸੀ। ਭਾਵੇਂ ਗਿਆਨੀ ਕਰਤਾਰ ਸਿੰਘ ਦੇ ਵਿਰੋਧੀ ਉਸ ਦੀ ਇਮਾਨਦਾਰੀ ਅਤੇ ਚਾਲਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ। ਪਰ ਗਿਆਨੀ ਕਰਤਾਰ ਸਿੰਘ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਥਿਤੀ ਨੂੰ ਮਜ਼ਬੂਤ ਕਰਨਾ ਚਾਹੁੰਦਾ ਸੀ ਅਤੇ ਇਸ ਸਬੰਧ ਵਿਚ ਉਸ ਨੇ ਗੁਰਦਵਾਰਾ ਐਕਟ 1925 ਵਿਚ ਕੁਝ ਪਰੀਵਰਤਨ ਕਰਨ ਲਈ ਬੇਨਤੀ ਕੀਤੀ।

## ਪੈਪਸੂ ਦੇ ਗੁਰਦਵਾਰੇ

ਨਵੀਂ ਸੋਧ ਅਨੁਸਾਰ ਪੈਪਸੂ ਆਰਜ਼ੀ ਗੁਰਦਵਾਰਾ ਬੋਰਡ ਦਾ ਅੰਤ ਕਰ ਦਿੱਤਾ ਜਾਣਾ ਸੀ ਅਤੇ ਇਸ ਬੋਰਡ ਦੇ ਮੈਂਬਰਾਂ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਬਣਾ ਦਿੱਤਾ ਜਾਣਾ ਸੀ। 3000 ਪ੍ਰਮੁੱਖ ਸਿੱਖ ਵੋਟਰਾਂ ਦੇ ਇਕ ਚੋਣਕਾਰ ਮੰਡਲ ਨੇ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਦੇ

Digitized by Panjab Digital Library | www.panjabdigilib.org

35 ਮੈਂਬਰ ਚੁਣਨੇ ਸਨ। ਪੈਪਸੂ ਦੇ ਗੁਰਦਵਾਰਿਆਂ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀਵਿਚ ਮਿਲਾਉਣ ਲਈ ਸੰਸ਼ੋਧਨ ਬਿਲ ਗਿਆਨੀ ਜੀ ਨੇ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤਾ ਅਤੇ 31 ਦਸੰਬਰ, 1958 ਨੂੰ ਇਸ ਬਿੱਲ ਨੂੰ ਐਕਟ ਦੀ ਕਾਨੂੰਨੀ ਸ਼ਕਲ ਦੇ ਦਿੱਤੀ ਗਈ ਸੀ। ਗਿਆਨੀ ਜੀ ਦੀ ਇਹ ਇਕ ਮਹਾਨ ਸਫ਼ਲਤਾ ਸੀ ਅਤੇ ਇਸ ਦਾ ਸਿੱਖ ਰਾਜਨੀਤੀ ਅਤੇ ਧਰਮ ਤੇ ਭਰਪੂਰ ਪ੍ਰਭਾਵ ਪਿਆ। ਇਨ੍ਹਾਂ ਗੁਰਦਵਾਰਿਆਂ ਦੇ ਵਿਸ਼ਾਲ ਮਾਲੀ ਸਾਧਨਾਂ ਕਾਰਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰੀਤਿਸ਼ਠਾ ਅਤੇ ਸ਼ਕਤੀ ਬਹੁਤ ਵਧ ਗਈ। 1960 ਵਿੱਚ ਜਦੋਂ ਅਕਾਲੀ ਦਲ ਦਾ ਫਿਰ ਪ੍ਰਬੰਧਕ ਕਮੇਟੀ ਤੇ ਅਧਿਕਾਰ ਹੋ ਗਿਆ ਤਾਂ ਅਕਾਲੀ ਨੇਤਾਵਾਂ ਨੇ ਅਨੁਭਵ ਕੀਤਾ ਕਿ ਉਹਨਾਂ ਦੇ ਡਰ ਅਤੇ ਸ਼ੱਕ ਨਿਰਮੂਲ ਸਨ। ਜੇ ਗਿਆਨੀ ਕਰਤਾਰ ਸਿੰਘ ਨਿੱਜੀ ਤੌਰ ਤੇ ਉਪਰਾਲਾ ਨਾ ਕਰਦਾ ਤਾਂ ਪੈਪਸੂ ਦੇ ਗੁਰਦਵਾਰੇ ਕਦੀ ਵੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਹੇਠ ਨਾ ਆਉਂਦੇ ਅਤੇ ਪਿੱਛੋਂ ਕਾਂਗਰਸ ਸਰਕਾਰ ਲਗਦੀ ਵਾਹ ਕਦੀ ਵੀ ਇਨ੍ਹਾਂ ਨੂੰ ਪ੍ਰਬੰਧਕ ਕਮੇਟੀ ਦੇ ਹਵਾਲੇ ਨਾ ਕਰਦੀ। ਇਕ ਹੋਰ ਤਰਮੀਮ ਦੁਵਾਰਾ ਧਰਮ ਪਰਚਾਰ ਵਿਭਾਗ ਦੇ ਅਧਿਕਾਰ ਵਧਾ ਦਿੱਤੇ ਗਏ ਅਤੇ ਉਸ ਦਾ ਵੱਖਰਾ ਬਜਟ ਨੀਯਤ ਕਰ ਦਿੱਤਾ ਗਿਆ।

ਮਾਸਟਰ ਤਾਰਾ ਸਿੰਘ ਨੇ ਅਗਲੀਆਂ ਗੁਰਦਵਾਰਾ ਚੋਣਾਂ ਪੰਜਾਬੀ ਸੂਬੇ ਦੇ ਪ੍ਰਸ਼ਨ ਤੇ ਲੜੀਆਂ। ਅਕਾਲੀ ਉਮੀਦਵਾਰਾਂ ਦਾ ਮੁਕਾਬਲਾ ਕਰਨ ਲਈ ਗਿਆਨੀ ਕਰਤਾਰ ਸਿੰਘ ਨੇ ਇਕ ਨਵੀਂ ਸੰਸਥਾ ਸਾਧ ਸੰਗਤ ਬੋਰਡ ਦੀ ਸਥਾਪਨਾ ਕੀਤੀ ਅਤੇ ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦਲ ਨੂੰ ਹਰਾਉਣ ਲਈ ਆਪਣਾ ਸਮਾਂ ਅਤੇ ਸ਼ਕਤੀ ਲਾਉਣ ਲਈ 24 ਅਕਤੂਬਰ, 1959 ਨੂੰ ਕੁਝ ਸਮੇਂ ਲਈ ਪੰਜਾਬ ਮੰਤਰੀ ਮੰਡਲ ਤੋਂ ਤਿਆਗ-ਪੱਤਰ ਦੇ ਦਿੱਤਾ। ਇਹ ਚੋਣਾਂ 17 ਜਨਵਰੀ, 1960 ਨੂੰ ਹੋਈਆਂ। ਸ਼ਰੋਮਣੀ ਅਕਾਲੀ ਦਲ ਨੇ 139 ਵਿਚੋਂ 132 ਸੀਟਾਂ ਜਿੱਤ ਲਈਆਂ। ਇਹ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਅੰਦੋਲਨ ਦਾ ਬਿਗਲ ਸੀ।

## ਪੰਜਾਬੀ ਬੋਲਦੇ ਰਾਜ ਲਈ ਯਤਨ

1960 ਤੋਂ 1966 ਤੱਕ ਗਿਆਨੀ ਕਰਤਾਰ ਸਿੰਘ ਪੰਜਾਬੀ ਸੂਬਾ ਅੰਦੋਲਨ ਅਤੇ ਅਕਾਲੀ ਦਲ ਦੇ ਸੰਘਰਸ਼ ਨੂੰ ਧਿਆਨ ਨਾਲ ਦੇਖ ਰਿਹਾ ਸੀ। ਮਹੱਤਵ ਪੂਰਨ

Digitized by Panjab Digital Library | www.panjabdigilib.org

ਸਿਖ ਨੇਤਾ ਕਨਵੈਨਸ਼ਨਾਂ ਅਤੇ ਕਾਨਫਰੰਸਾਂ ਵਿਚ ਭਾਸ਼ਨ ਦੇ ਰਹੇ ਸਨ। ਹਜ਼ਾਰਾਂ ਵਲੰਟੀਅਰ ਆਪਣੇ ਆਪ ਨੂੰ ਗਰਿਫਤਾਰੀ ਲਈ ਪੇਸ਼ ਕਰ ਰਹੇ ਸਨ। ਸੰਤ ਫਤਿਹ ਸਿੰਘ ਅਤੇ ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖੇ ਸਨ ਅਤੇ ਫਿਰ ਭਾਰਤ ਸਰਕਾਰ ਦੇ ਕੁਝ ਗੁਪਤ ਵਚਨਾਂ ਨੂੰ ਮੁੱਖ ਰੱਖ ਕੇ ਇਹ ਮਰਨ ਵਰਤ ਛੱਡ ਦਿੱਤੇ ਸਨ। ਗਿਆਨੀ ਕਰਤਾਰ ਸਿੰਘ ਦੇ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਦੇ ਆਪਣੇ ਹੀ ਤਰੀਕੇ ਸਨ। ਉਹ ਮਰਨ ਵਰਤਾਂ ਦੀ ਸਿਆਸਤ ਦਾ ਕਟੜ ਵਿਰੋਧੀ ਸੀ ਅਤੇ ਅਕਾਲੀ ਦਲ ਦੇ ਨਵੇਂ ਨੇਤਾਵਾਂ ਨੂੰ ਗੁੰਝਲਦਾਰ ਸਮੱਸਿਆਵਾਂ ਹੱਲ ਕਰਨ ਦੇ ਯੋਗ ਨਹੀਂ ਸੀ ਸਮਝਦਾ। ਪ੍ਰਸਿੱਧ ਅਕਾਲੀ ਨੇਤਾ ਸਰਦਾਰ ਹਰਚਰਨ ਸਿੰਘ ਬਾਜਵਾ ਆਪਣੀ ਪੁਸਤਕ "ਸਿੱਖ ਰਾਜਨੀਤੀ ਦੇ ਪੰਜਾਹ ਸਾਲ 1920-70" ਵਿਚ ਲਿਖਦੇ ਹਨ, "ਅਪ੍ਰੈਲ 1961 ਵਿਚ ਗਿਆਨੀ ਕਰਤਾਰ ਸਿੰਘ ਨੇ ਮੈਨੂੰ ਮੁਸਕਰਾ ਕੇ ਦਸਿਆ ਕਿ :"ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਆਪਣੇ ਗੁਪਤ ਸੂਤਰਾਂ ਰਾਹੀਂ ਮੋਰਚੇ ਸਬੰਧੀ ਸਾਰੀ ਜਾਣਕਾਰੀ ਮਿਲ ਜਾਂਦੀ ਹੈ ਅਤੇ ਸਰਕਾਰ ਮੋਰਚਾ ਚਲਾ ਰਹੀ ਐਕਸ਼ਨ ਕਮੇਟੀ ਤੇ ਪੂਰੀ ਨਿਗ੍ਹਾ ਰਖ ਰਹੀ ਹੈ ਅਤੇ ਹਰ ਢੰਗ ਨਾਲ ਉਸ ਨੂੰ ਪ੍ਰਭਾਵਤ ਕਰਨ ਦੇ ਯਤਨ ਕਰ ਰਹੀ ਹੈ।" ਗਿਆਨੀ ਕਰਤਾਰ ਸਿੰਘ ਨੇ ਕਾਂਗਰਸ ਪਾਰਟੀ ਦੇ ਅੰਦਰ ਕੁੱਝ ਐਸੇ ਨੇਤਾ ਮਿਲਾ ਲਏ ਸਨ, ਜੋ ਕੇਵਲ ਭਾਸ਼ਾ ਦੇ ਆਧਾਰ ਤੇ ਪੰਜਾਬੀ ਬੋਲਦੇ ਰਾਜ ਦੇ ਹਾਮੀ ਸਨ।

1960 ਵਿਚ ਭਾਰਤੀ ਸੰਸਦ ਨੇ ਬੰਬਈ ਪੁਨਰਗਠਨ ਬਿੱਲ ਪਾਸ ਕਰ ਦਿੱਤਾ ਅਤੇ 25 ਅਪ੍ਰੈਲ, 1960 ਨੂੰ ਰਾਸ਼ਟਰਪਤੀ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ। ਗਿਆਨੀ ਕਰਤਾਰ ਸਿੰਘ ਨੇ ਇਸ ਸਥਿਤੀ ਤੋਂ ਲਾਭ ਉਠਾਇਆ ਅਤੇ ਉਹ ਸ੍ਰੀ ਮੁਰਾਰ ਜੀ ਡੇਸਾਈ ਨੂੰ ਮਿਲਿਆ। ਸ੍ਰੀ ਡੇਸਾਈ ਉਸ ਸਮੇਂ ਭਾਰਤ ਦਾ ਵਿੱਤ ਮੰਤਰੀ ਸੀ ਅਤੇ ਗੁਜ਼ਰਾਤ ਨਾਲ ਸਬੰਧ ਰਖਦਾ ਸੀ। ਉਸ ਨੇ ਗਿਆਨੀ ਕਰਤਾਰ ਸਿੰਘ ਨੂੰ ਸ਼ਪੱਸ਼ਟ ਸ਼ਬਦਾਂ ਵਿਚ ਦੱਸਿਆ ਕਿ ਜਦੋਂ ਤਕ ਪੰਜਾਬੀ ਰਾਜ ਦੀ ਮੰਗ ਪ੍ਰਧਾਨ ਮੰਤਰੀ ਦੇ ਚਹੇਤੇ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਵਲੋਂ ਨਹੀਂ ਰੱਖੀ ਜਾਂਦੀ। ਉਸ ਦੇ ਵਿਚਾਰਾਂ ਦੀ ਕਿਸੇ ਨੇ ਵੀ ਪਰਵਾਹ ਨਹੀਂ ਕਰਨੀ। ਪਰ ਸਰਦਾਰ ਪਰਤਾਪ ਸਿੰਘ ਨੇ ਉਸ ਦੀ ਕੋਈ ਸਹਾਇਤਾ ਨਾ ਕੀਤੀ।

ਮਾਸਟਰ ਤਾਰਾ ਸਿੰਘ ਨੇ ਆਪਣਾ ਮਰਨ-ਵਰਤ 15 ਅਗਸਤ, 1961 ਨੂੰ

Digitized by Panjab Digital Library | www.panjabdigilib.org

ਆਰੰਭ ਕਰ ਦਿੱਤਾ ਅਤੇ ਇਹ ਵਰਤ 30 ਸਤੰਬਰ, 1961 ਤਕ ਚੱਲਿਆ, ਮਲਿਕ ਹਰਦਿੱਤ ਸਿੰਘ ਦੇ ਸੁਝਾਅ ਤੇ ਮਾਸਟਰ ਜੀ ਨੇ ਇਹ ਵਰਤ ਛੱਡ ਦਿੱਤਾ ਅਤੇ ਕੇਂਦਰੀ ਸਰਕਾਰ ਨੇ ਸਿੱਖਾਂ ਨਾਲ ਵਿਤਕਰੇ ਅਤੇ ਉਨ੍ਹਾਂ ਦੀਆਂ ਹੋਰ ਸ਼ਕਾਇਤਾਂ ਦੇ ਬਾਰੇ ਵਿਚ ਘੋਖ ਕਰਨ ਲਈ ਨਿਆਏ ਮੂਰਤੀ ਸ਼੍ਰੀ ਐਸ. ਆਰ. ਦਾਸ ਦੀ ਪ੍ਰਧਾਨਗੀ ਹੇਠ ਇਕ ਤ੍ਰਿੰਨ ਮੈਂਬਰੀ ਕਮਿਸ਼ਨ ਨਿਯੁਕਤ ਕਰ ਦਿੱਤਾ। ਇਹ ਗੱਲ ਬੜੀ ਦਿਲਚਸਪ ਅਤੇ ਵਰਨਣਯੋਗ ਹੈ ਕਿ ਭਾਵੇਂ ਜ਼ਾਹਰਾ ਤੌਰ ਤੇ ਗਿਆਨੀ ਕਰਤਾਰ ਸਿੰਘ ਪੰਜਾਬੀ ਸੂਬੇ ਦਾ ਵਿਰੋਧ ਕਰ ਰਿਹਾ ਸੀ। ਪਰ ਉਹ ਕਾਂਗਰਸ ਸਰਕਾਰ ਵਿਚੋਂ ਮਾਲ ਮੰਤਰੀ ਦਾ ਅਹੁਦਾ ਤਿਆਗ ਕੇ ਪੰਜਾਬੀ ਸੂਬਾ ਅੰਦੋਲਨ ਵਿਚ ਕੁੱਦਣ ਲਈ ਤਿਆਰ ਸੀ। ਉਹ ਆਪਣੇ ਰਾਜਨੀਤਿਕ ਸਕੱਤਰ ਸਰਦਾਰ ਕਾਬਲ ਸਿੰਘ ਹੁਸ਼ਿਆਰਪੁਰੀ ਨਾਲ ਆਪਣੇ ਮਿੱਤਰਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਦਿੱਲੀ ਗਿਆ। ਉਥੋਂ ਉਹ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਲਾਹਕਾਰ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲਿਆ ਅਤੇ ਉਸ ਨੂੰ ਪੰਜਾਬੀ ਸੂਬੇ ਦੇ ਹੱਕੀ ਅਤੇ ਸਹੀ ਹੋਣ ਸਬੰਧੀ ਵਿਸ਼ਵਾਸ ਵਿਚ ਲੈਣ ਦਾ ਯਤਨ ਕੀਤਾ। ਸਰਦਾਰ ਪ੍ਰਤਾਪ ਕੈਰੋਂ ਨੂੰ ਪੰਜਾਬ ਪੁਲੀਸ ਦੇ ਖ਼ੁਫ਼ੀਆ ਵਿਭਾਗ ਨੇ ਇਹ ਸੂਚਨਾ ਦਿੱਤੀ ਕਿ ਗਿਆਨੀ ਕਰਤਾਰ ਸਿੰਘ ਦਿੱਲੀ ਤੋਂ ਸਿੱਧਾ ਦਰਬਾਰ ਸਾਹਿਬ ਅੰਮ੍ਰਿਤਸਰ ਜਾਵੇਗਾ ਅਤੇ ਮਾਸਟਰ ਤਾਰਾ ਸਿੰਘ ਨਾਲ ਮਿਲ ਕੇ ਪੰਜਾਬੀ ਸੂਬਾ ਅੰਦੋਲਨ ਵਿਚ ਕੁੱਦ ਪਵੇਗਾ, ਪਰ ਗਿਆਨੀ ਕਰਤਾਰ ਸਿੰਘ ਦਿੱਲੀ ਵਿਖੇ ਹੀ ਠਹਿਰ ਗਿਆ, ਪਰ ਜਦੋਂ ਉਸ ਨੂੰ ਸਰਦਾਰ ਰਘਬੀਰ ਸਿੰਘ ਪੰਜ-ਹਜ਼ਾਰੀ ਐਮ. ਪੀ. ਤੋਂ ਇਹ ਪਤਾ ਲੱਗਾ ਕਿ ਛੇਤੀ ਹੀ ਮਾਸਟਰ ਤਾਰਾ ਸਿੰਘ ਤੋਂ ਬਗੈਰ ਮੁੱਖ ਸ਼ਰਤਾਂ ਮਨਵਾਏ ਮਰਨ ਵਰਤ ਛੁੜਵਾ ਦਿੱਤਾ ਜਾਵੇਗਾ ਤਾਂ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਉਸ ਦੇ ਅਕਾਲੀ ਲੀਡਰਾਂ ਤੇ ਵਿਸ਼ਵਾਸ ਨੂੰ ਭਾਰੀ ਸੱਟ ਵੱਜੀ।

1962 ਦੀਆਂ ਆਮ ਚੋਣਾਂ ਵਿਚ ਗਿਆਨੀ ਕਰਤਾਰ ਸਿੰਘ ਫਿਰ ਦਸੂਹਾ-ਟਾਂਡਾ ਚੋਣ ਹਲਕੇ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ ਅਤੇ ਉਸ ਨੂੰ ਫਿਰ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਮੰਤਰੀ ਮੰਡਲ ਵਿਚ ਮੰਤਰੀ ਨਿਯੁਕਤ ਕਰ ਦਿੱਤਾ ਗਿਆ।

2 ਅਕਤੂਬਰ 1962 ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ

Digitized by Panjab Digital Library | www.panjabdigilib.org

ਸਾਲਾਨਾ ਇਜਲਾਸ ਹੋਇਆ। ਗਿਆਨੀ ਕਰਤਾਰ ਸਿੰਘ ਨੇ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਵਿਚ ਸੰਤ ਫ਼ਤਿਹ ਸਿੰਘ ਦੀ ਸਹਾਇਤਾ ਕੀਤੀ। ਉਸ ਨੇ ਆਪਣੇ ਨਜ਼ਦੀਕੀ ਸਾਥੀ ਜੱਥੇਦਾਰ ਸੱਮਾ ਸਿੰਘ ਲਾਇਲਪੁਰੀ ਨੂੰ ਸਰਦਾਰ ਪਰਤਾਪ ਸਿੰਘ ਕੈਰੋਂ ਕੋਲ ਭੇਜਿਆ ਅਤੇ ਉਹ ਵੀ ਗਿਆਨੀ ਜੀ ਦਾ ਸਾਥ ਦੇਣ ਲਈ ਤਿਆਰ ਹੋ ਗਏ। ਸੋ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਈ ਮੈਂਬਰ ਮੁੱਖ ਮੰਤਰੀ ਸਰਦਾਰ ਪਰਤਾਪ ਸਿੰਘ ਕੈਰੋਂ ਪਾਸ ਗੁਪਤ ਤੌਰ ਤੇ ਲਿਜਾਏ ਗਏ ਅਤੇ ਉਨ੍ਹਾਂ ਨੂੰ ਰੂਟ ਪਰਮਿਟ ਤੇ ਹੋਰ ਲਾਲਚ ਦੇ ਕੇ ਸੰਤ ਫ਼ਤਿਹ ਸਿੰਘ ਧੜੇ ਦੀ ਜਿੱਤ ਯਕੀਨੀ ਬਣਾ ਦਿੱਤੀ ਗਈ। ਛੇ ਕਾਂਗਰਸੀ ਮੈਂਬਰਾਂ ਨੇ ਵੀ ਸੰਤ ਧੜੇ ਨੂੰ ਵੋਟ ਦਿੱਤੇ ਅਤੇ ਇਸ ਤਰ੍ਹਾਂ ਤਿੰਨਾਂ ਵੋਟਾਂ ਦੇ ਵਾਧੇ ਨਾਲ ਸੰਤ ਫ਼ਤਿਹ ਸਿੰਘ ਦਾ ਉਮੀਦਵਾਰ ਸੰਤ ਚੰਨਣ ਸਿੰਘ, ਮਾਸਟਰ ਤਾਰਾ ਸਿੰਘ ਦੇ ਉਮੀਦਵਾਰ ਵੈਦ ਕਰਤਾਰ ਸਿੰਘ ਦੇ ਮੁਕਾਬਲੇ ਵਿਚ ਜਿੱਤ ਗਿਆ।

25 ਅਗਸਤ 1965 ਨੂੰ ਪੰਜਾਬੀ ਸੂਬਾ ਅੰਦੋਲਨ ਨੇ ਇਕ ਨਵਾਂ ਮੋੜ ਧਾਰਨ ਕਰ ਲਿਆ। ਜਦੋਂ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪ੍ਰਸਿੱਧ ਨੇਤਾ ਸੰਤ ਫ਼ਤਹਿ ਸਿੰਘ ਨੇ ਇਹ ਐਲਾਨ ਕਰ ਦਿੱਤਾ ਕਿ ਉਹ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ 10 ਸਤੰਬਰ ਤੋਂ ਮਰਨ ਵਰਤ ਰੱਖ ਦੇਣਗੇ ਅਤੇ ਜੇ ਇਹ ਮੰਗ 25 ਸਤੰਬਰ ਤਕ ਨਾ ਮੰਨੀ ਗਈ, ਤਾਂ ਉਹ ਆਪਣੇ ਆਪ ਨੂੰ ਅਗਨ ਭੇਂਟ ਕਰ ਦੇਣਗੇ। ਪਿੱਛੋਂ ਭਾਰਤ-ਪਾਕਿਸਤਾਨ ਯੁੱਧ ਛਿੜ ਜਾਣ ਕਾਰਨ ਸੰਤ ਫ਼ਤਿਹ ਸਿੰਘ ਨੇ ਆਪਣਾ ਪ੍ਰੋਗਰਾਮ ਅੱਗੇ ਪਾ ਦਿੱਤਾ।

## ਪੰਜਾਬੀ ਸੂਬੇ ਦੀ ਪ੍ਰਾਪਤੀ

ਭਾਰਤ-ਪਾਕਿਸਤਾਨ ਯੁੱਧ ਦਾ ਅੰਤ ਹੋ ਜਾਣ ਪਿਛੋਂ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਨੇ ਸਰਦਾਰ ਹੁਕਮ ਸਿੰਘ ਸਪੀਕਰ ਲੋਕ ਸਭਾ ਦੀ ਪ੍ਰਧਾਨਗੀ ਹੇਠ 21 ਮੈਂਬਰਾਂ ਦੀ ਪੰਜਾਬੀ ਸੂਬਾ ਪਾਰਲੀਮੈਂਟਰੀ ਕਮੇਟੀ ਨਿਯੁਕਤ ਕਰ ਦਿੱਤੀ। ਪੰਜਾਬ ਦੇ ਕੁਝ ਕਾਂਗਰਸੀ ਸਿੱਖਾਂ ਵੱਲੋਂ ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਹਰਚਰਨ ਸਿੰਘ ਬਰਾੜ ਨੇ 11 ਜਨਵਰੀ, 1966 ਨੂੰ ਇਸ ਪਾਰਲੀਮੈਂਟਰੀ ਕਮੇਟੀ ਸਾਹਮਣੇ ਪੰਜਾਬੀ ਸੂਬੇ ਦੀ ਸਥਾਪਨਾ ਦੇ ਹੱਕ ਵਿਚ ਆਪਣਾ ਕੇਸ ਪੇਸ਼

Digitized by Panjab Digital Library | www.panjabdigilib.org

ਕੀਤਾ । ਉਸ ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ ਨੇ ਜ਼ੋਰਦਾਰ ਢੰਗ ਨਾਲ ਦੱਸਿਆ ਕਿ ਸਿੱਖ ਹਮੇਸ਼ਾਂ ਦਿਲੋਂ ਰਾਸ਼ਟਰਵਾਦੀ ਰਹੇ ਹਨ ਅਤੇ ਭਾਰਤ ਦੀ ਵੰਡ ਸਮੇਂ ਉਨ੍ਹਾਂ ਦੀ ਆਜ਼ਾਦ ਪੰਜਾਬ ਦੀ ਮੰਗ ਸਿਰਫ਼ ਪਾਕਿਸਤਾਨ ਦੀ ਸਥਾਪਨਾ ਨੂੰ ਰੋਕਣ ਲਈ ਕੇਵਲ ਇਕ ਜੁਆਬੀ ਹਥਿਆਰ ਸੀ । ਸਿੱਖਾਂ ਨੇ ਹਮੇਸ਼ਾਂ ਲਈ ਆਪਣੀ ਕਿਸਮਤ ਭਾਰਤ ਨਾਲ ਜੋੜ ਦਿੱਤੀ ਹੈ ।

ਗਿਆਨੀ ਕਰਤਾਰ ਸਿੰਘ ਨੇ ਸਰਦਾਰ ਬਲਵੰਤ ਸਿੰਘ ਰਾਹੀਂ ਪੰਜਾਬ ਵਿਧਾਨ ਸਭਾ ਦੇ 18 ਕਾਂਗਰਸੀ ਮੈਂਬਰਾਂ ਵਲੋਂ ਪੰਜਾਬੀ ਸੂਬੇ ਦੇ ਹੱਕ ਵਿਚ ਇਕ ਯਾਦ ਪੱਤਰ ਭਿਜਵਾਇਆ । ਆਖ਼ਰ ਪਾਰਲੀਮੈਂਟਰੀ ਕਮੇਟੀ ਨੇ ਸਰਕਾਰ ਨੂੰ ਇਹ ਸਿਫ਼ਾਰਸ਼ ਕਰ ਦਿੱਤੀ ਕਿ ਮੌਜੂਦਾ ਪੰਜਾਬ ਵਿਚ ਇਕ ਪੰਜਾਬੀ ਬੋਲੀ ਦਾ ਰਾਜ ਸਥਾਪਤ ਕੀਤਾ ਜਾਵੇ । ਇਹ ਇਕ ਮਹੱਤਵਪੂਰਨ ਅਤੇ ਦੂਰ ਰਸ ਨਤੀਜਿਆਂ ਵਾਲਾ ਫ਼ੈਸਲਾ ਸੀ । ਇਕ ਪ੍ਰਕਾਰ ਇਸ ਫ਼ੈਸਲੇ ਨੇ ਗਿਆਨੀ ਕਰਤਾਰ ਸਿੰਘ ਜਿਹੇ ਪੁਰਾਣੇ ਨੇਤਾਵਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਦਿੱਤਾ । ਗਿਆਨੀ ਕਰਤਾਰ ਸਿੰਘ ਨੇ ਹੀ ਕਾਂਗਰਸ ਪਾਰਟੀ ਵਿਚ ਪੰਜਾਬੀ ਸੂਬੇ ਦੇ ਹੱਕ ਵਿਚ ਵਾਤਾਵਰਣ ਪੈਦਾ ਕੀਤਾ ਸੀ ।

## ਹੱਦਬੰਦੀ ਕਮਿਸ਼ਨ

29 ਮਾਰਚ, 1966 ਨੂੰ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਨੇ ਨਵੇਂ ਪੰਜਾਬ ਲਈ ਇਕ ਤਿੰਨ ਮੈਂਬਰੀ ਹੱਦਬੰਦੀ ਕਮਿਸ਼ਨ ਨਿਯੁਕਤ ਕੀਤਾ । ਸੁਪਰੀਮ ਕੋਰਟ ਦੇ ਜੱਜ ਜਸਟਿਸ ਜੇ. ਸੀ. ਸ਼ਾਹ ਨੂੰ ਇਸ ਕਮਿਸ਼ਨ ਦਾ ਪ੍ਰਧਾਨ ਅਤੇ ਸ੍ਰੀ ਐਸ. ਦੱਤ ਅਤੇ ਸ੍ਰੀ ਐਮ. ਐਮ. ਫ਼ਿਲਿਪ ਨੂੰ ਇਸ ਦੇ ਮੈਂਬਰ ਨਿਯੁਕਤ ਕੀਤਾ ਗਿਆ । ਕਮਿਸ਼ਨ ਨੇ 26 ਅਪ੍ਰੈਲ, 1966 ਨੂੰ ਆਪਣਾ ਕੰਮ ਆਰੰਭ ਕਰ ਦਿੱਤਾ । ਇਸ ਵਾਰ ਫਿਰ ਗਿਆਨੀ ਕਰਤਾਰ ਸਿੰਘ ਨੇ ਨਵੇਂ ਪੰਜਾਬ ਵਿਚ ਵੱਧ ਤੋਂ ਵੱਧ ਇਲਾਕੇ ਸ਼ਾਮਲ ਕਰਵਾਉਣ ਲਈ ਸਿਰਤੋੜ ਯਤਨ ਕੀਤਾ ।

ਗਿਆਨੀ ਕਰਤਾਰ ਸਿੰਘ ਨੇ 44 ਕਾਂਗਰਸੀ ਨੇਤਾਵਾਂ ਵਲੋਂ ਸ਼ਾਹ ਕਮਿਸ਼ਨ ਨੂੰ ਇਕ ਯਾਦ ਪੱਤਰ ਪੇਸ਼ ਕੀਤਾ, ਜਿਸ ਵਿਚ ਜ਼ੋਰ ਦਿੱਤਾ ਗਿਆ ਸੀ ਕਿ ਪੰਜਾਬੀ ਬੋਲੀ ਦੇ ਇਸ ਰਾਜ ਦਾ ਆਕਾਰ ਵਧਾਇਆ ਜਾਵੇ ਅਤੇ ਇਸ ਦੀਆਂ ਹੱਦਾਂ ਕੇਵਲ ਭਾਸ਼ਾ ਦੇ ਆਧਾਰ ਤੇ ਨੀਯਤ ਕੀਤੀਆਂ ਜਾਣ । ਉਸ ਨੇ ਜ਼ਾਤੀ ਤੌਰ ਤੇ,

Digitized by Panjab Digital Library | www.panjabdigilib.org

ਕਾਂਗੜਾ ਜ਼ਿਲੇ ਦੇ ਵੱਡੇ ਭਾਗ ਨੂੰ ਪੰਜਾਬ ਵਿਚ ਮਿਲਾਉਣ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਕਾਂਗੜੀ ਪੰਜਾਬੀ ਦੀ ਹੀ ਉਪਭਾਸ਼ਾ ਹੈ ਅਤੇ ਭੂਗੋਲਿਕ ਦਰਿਸ਼ਟੀਕੋਣ ਤੋਂ 3000 ਫੁੱਟ ਉੱਚਾਈ ਤੋਂ ਘੱਟ ਖੇਤਰਾਂ ਨੂੰ ਮੈਦਾਨਾਂ ਵਿਚ ਹੀ ਗਿਣਿਆ ਜਾਂਦਾ ਹੈ। ਉਸ ਨੇ ਆਪਣੀ ਆਖ਼ਰੀ ਲੜਾਈ ਊਨਾ ਤਸੀਲ ਨੂੰ ਹਿਮਾਚਲ ਦੀ ਬਜਾਏ ਪੰਜਾਬ ਵਿਚ ਸ਼ਾਮਲ ਕਰਵਾਉਣ ਲਈ ਲੜੀ। ਉਸ ਨੇ ਭਾਵਕ ਹੋ ਕੇ ਬਨਤੀ ਕੀਤੀ ਕਿ 1947 ਵਿਚ ਸਿੱਖ ਬੜੇ ਦੁੱਖ ਨਾਲ ਸ੍ਰੀ ਗੁਰੂ ਨਾਨਕ ਦੇਵ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਗੁਵਾ ਚੁੱਕੇ ਹਨ। ਪਰ ਹੁਣ ਉਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਖ਼ਾਲਸੇ ਦੇ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੋਂ ਵਾਂਝਿਆਂ ਨਾ ਰੱਖਿਆ ਜਾਏ। ਉਸ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਨੂਰਪੁਰ ਬੇਦੀ ਇਲਾਕੇ ਦੇ ਆਰਥਕ ਅਤੇ ਸੱਭਿਆਚਾਰਕ ਸੰਬੰਧ ਹੁਸ਼ਿਆਰਪੁਰ ਜ਼ਿਲੇ ਦੀ ਗੜ੍ਹਸ਼ੰਕਰ ਤਸੀਲ ਨਾਲ ਹਨ! ਨਿਰਸੰਦੇਹ ਅਨੰਦਪੁਰ ਸਾਹਿਬ, ਨੰਗਲ ਟਾਊਨਸ਼ਿਪ ਅਤੇ ਨੂਰਪੂਰ ਬੇਦੀ ਨੂੰ ਪੰਜਾਬ ਵਿਚ ਸ਼ਾਮਲ ਕਰਵਾਉਣ ਦਾ ਸਿਹਰਾ ਗਿਆਨੀ ਕਰਤਾਰ ਸਿੰਘ ਦੇ ਸਿਰ ਹੈ। ਉਸ ਦੀ ਪ੍ਰੇਰਨਾ ਦੁਵਾਰਾ ਸਰਦਾਰ ਬੂਟਾ ਸਿੰਘ ਐਮ. ਪੀ. ਅਤੇ ਸਰਦਾਰ ਦਲਜੀਤ ਸਿੰਘ ਐਮ. ਪੀ. ਦੇ ਯਤਨਾਂ ਨਾਲ ਅਨੰਦਪੁਰ ਸਾਹਿਬ ਨੂੰ ਸਬ-ਡਵੀਜ਼ਨ ਬਣਾ ਦਿੱਤਾ ਗਿਆ ਅਤੇ ਇਸ ਪ੍ਰਕਾਰ ਅਨੰਦਪੁਰ ਸਾਹਿਬ ਦੀ ਮਹੱਤਤਾ ਵਿਚ ਹੋਰ ਵਾਧਾ ਹੋਇਆ। ਜੇ ਉਹ ਅਬੋਹਰ ਸਬ-ਤਸੀਲ ਦਾ ਪਿੰਡ ਕੰਦੂ ਖੇੜਾ ਜੋ ਕਿ ਹਰਿਆਣਾ ਰਾਜ ਦੀ ਹੱਦ ਤੇ ਮਹੱਤਵਪੂਰਨ ਪਿੰਡ ਹੈ, ਮੁਕਤਸਰ ਤਸੀਲ ਵਿਚ ਸ਼ਾਮਲ ਨਾ ਕਰਵਾਉਂਦਾ ਤਾਂ ਪੰਜਾਬ ਦੀਆਂ ਅਬੋਹਰ ਅਤੇ ਫ਼ਾਜ਼ਿਲਕਾ ਤਸੀਲਾਂ 1966 ਵਿਚ ਹੀ ਹਰਿਆਣਾ ਵਿਚ ਸ਼ਾਮਲ ਕਰ ਦਿੱਤੀਆਂ ਜਾਂਦੀਆਂ। ਇਸ ਪਿੰਡ ਨੂੰ ਮੁਕਤਸਰ ਤਸੀਲ ਵਿਚ ਸ਼ਾਮਲ ਕਰਨ ਨਾਲ ਅਬੋਹਰ ਦੀ ਹੱਦ ਕਿਸੇ ਪਾਸਿਓਂ ਵੀ ਹਰਿਆਣਾ ਨਾਲ ਨਾ ਮਿਲ ਸਕੀ।

ਹੱਦਬੰਦੀ ਕਮਿਸ਼ਨ ਨੇ ਮਈ, 1966 ਵਿਚ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਕਮਿਸ਼ਨ ਦੇ ਬਹੁਸੰਮਤੀ ਮੈਂਬਰਾਂ ਨੇ ਚੰਡੀਗੜ੍ਹ ਨੂੰ ਹਰਿਆਣੇ ਵਿਚ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ, ਛੇਤੀ ਹੀ ਭਾਰਤੀ ਸੰਸਦ ਨੇ ਪੰਜਾਬ ਪੁਨਰਗਠਨ ਐਕਟ ਪਾਸ ਕਰ ਦਿੱਤਾ ਅਤੇ 18 ਸਤੰਬਰ, 1966 ਨੂੰ ਰਾਸ਼ਟਰਪਤੀ ਨੇ ਇਸ ਐਕਟ ਦੀ ਮਨਜ਼ੂਰੀ ਦੇ ਦਿੱਤੀ। ਨਵੇਂ ਰਾਜ ਪੰਜਾਬ ਅਤੇ ਹਰਿਆਣਾ 1 ਨਵੰਬਰ, 1966 ਨੂੰ

Digitized by Panjab Digital Library | www.panjabdigilib.org

ਹੋਂਦ ਵਿਚ ਆ ਗਏ। ਸ਼੍ਰੋਮਣੀ ਅਕਾਲੀ ਦਲ ਨੇ ਚੰਡੀਗੜ੍ਹ ਸ਼ਹਿਰ ਨੂੰ ਪੰਜਾਬ ਵਿਚ ਹੀ ਰੱਖਣ ਲਈ ਅੰਦੋਲਨ ਆਰੰਭ ਦਿੱਤਾ ਅਤੇ ਪਿਛੋਂ ਇਹ ਝਗੜਾ ਸਾਲਸੀ ਲਈ ਭਾਰਤ ਦੇ ਪਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਹਵਾਲੇ ਕਰ ਦਿੱਤਾ ਗਿਆ।

ਗਿਆਨੀ ਕਰਤਾਰ ਸਿੰਘ ਅਤੇ ਉਸ ਦੇ ਨਿਕਟਵਰਤੀ ਸਲਾਹਕਾਰ ਸਰਦਾਰ ਕਾਬਲ ਸਿੰਘ ਨੇ ਸ਼ਾਹ ਕਮਿਸ਼ਨ ਅੱਗੇ ਰੋਸ ਪ੍ਰਗਟ ਕੀਤਾਂ ਕਿ ਉਨ੍ਹਾਂ ਦਾ ਨਵੇਂ ਪੰਜਾਬ ਵੱਲ ਕ੍ਰਿਆਤਮਕ ਰੁਝਾਨ ਨਹੀਂ ਹੈ ਅਤੇ ਕੁਝ ਖ਼ੁਦਗਰਜ਼ ਅਨਸਰ ਕਮਿਸ਼ਨ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੇ ਹਨ। ਗਿਆਨੀ ਕਰਤਾਰ ਸਿੰਘ ਨੇ ਕਮਿਸ਼ਨ ਦੇ ਮੈਂਬਰਾਂ ਨੂੰ ਯਾਦ ਕਰਵਾਇਆ ਕਿ ਸੰਸਦੀ ਕਮੇਟੀ ਦੇ ਪਰਧਾਨ ਸਰਦਾਰ ਹੁਕਮ ਸਿੰਘ ਨੇ ਸਾਫ਼ ਕਿਹਾ ਸੀ ਕਿ ਰਿਜਨਲ ਫ਼ਾਰਮੂਲੇ ਅਨੁਸਾਰ ਪੰਜਾਬ ਪਹਿਲਾ ਹੀ ਪੰਜਾਬੀ ਅਤੇ ਹਿੰਦੀ ਖੇਤਰਾਂ ਵਿਚ ਵੰਡਿਆ ਜਾ ਚੁੱਕਿਆ ਹੈ ਅਤੇ ਉਨ੍ਹਾਂ ਹੱਦਾਂ ਨੂੰ ਬਦਲਣ ਦੀ ਕੋਈ ਅਵੱਸ਼ਕਤਾ ਨਹੀਂ ਹੈ। ਗਿਆਨੀ ਜੀ ਨੇ ਕਮਿਸ਼ਨ ਨੂੰ ਚੇਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਪੰਜਾਬੀ ਬੋਲੀ ਦੇ ਪ੍ਰਾਂਤ ਨੂੰ ਛੋਟਾ ਕਰਨ ਦਾ ਯਤਨ ਕੀਤਾ ਤਾਂ ਉਹ ਮਾਸਟਰ ਤਾਰਾ ਸਿੰਘ ਜਿਹੇ ਕਟੜ ਪੰਥੀ ਅਕਾਲੀ ਲੀਡਰਾਂ ਦੇ ਹੱਥ ਵਿਚ ਖੇਲ੍ਹ ਰਹੇ ਹੋਣਗੇ ਅਤੇ ਬਗੈਰ ਮੰਗ ਤੋਂ ਸਿੱਖ ਬਹੁਸੰਮਤੀ ਦਾ ਰਾਜ ਸਥਾਪਤ ਕਰ ਰਹੇ ਹੋਣਗੇ। ਜਿਸ ਨਾਲ ਵੱਖਵਾਦੀ ਸ਼ਕਤੀਆਂ ਨੂੰ ਉਤਸ਼ਾਹ ਮਿਲ ਸਕਦਾ ਹੈ।

ਅਸਲ ਵਿਚ ਭਾਰਤ ਦਾ ਗ੍ਰਹਿ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਅਤੇ ਪੰਜਾਬ ਦੇ ਪ੍ਰਮੁੱਖ ਕਾਂਗਰਸ ਨੇਤਾ ਆਰੰਭ ਤੋਂ ਹੀ ਪੰਜਾਬੀ ਬੋਲੀ ਦੇ ਰਾਜ ਦੇ ਕੱਟੜ ਵਿਰੋਧੀ ਸਨ ਅਤੇ ਜਦੋਂ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਇਹ ਹੋਂਦ ਵਿਚ ਆ ਹੀ ਗਿਆ ਸੀ, ਤਾਂ ਉਹ ਇਸ ਦੇ ਆਕਾਰ, ਸ਼ਕਤੀ ਅਤੇ ਸਾਧਨਾਂ ਨੂੰ ਘੱਟ ਤੋਂ ਘੱਟ ਕਰਨਾ ਚਾਹੁੰਦੇ ਸਨ। ਪੰਜਾਬ ਦਾ ਕਾਂਗਰਸ ਮੰਤਰੀ ਮੰਡਲ ਹੱਦਬੰਦੀ ਕਮਿਸ਼ਨ ਦੇ ਸਾਹਮਣੇ ਪੰਜਾਬ ਦਾ ਪੱਖ ਠੀਕ ਢੰਗ ਨਾਲ ਪੇਸ਼ ਨਾ ਕਰ ਸਕਿਆ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਅਤੇ ਨੀਮ ਪਹਾੜੀ ਇਲਾਕੇ ਪੰਜਾਬ ਦੇ ਹੱਥੋਂ ਨਿਕਲ ਗਏ। ਨਵੇਂ ਪੰਜਾਬ ਨੂੰ ਸਾਂਝੀ ਜਾਇਦਾਦ ਦਾ 60 ਫ਼ੀ ਸਦੀ ਭਾਗ ਮਿਲਣਾ ਸੀ ਪਰ ਦਿੱਲੀ ਵਿਚ ਜਾਇਦਾਦ ਦਾ ਉਸ ਨੂੰ ਕੇਵਲ 10 ਫ਼ੀ ਸਦੀ ਭਾਗ ਦਿੱਤਾ ਗਿਆ। ਸ਼ਿਮਲੇ ਵਿਖੇ

Digitized by Panjab Digital Library | www.panjabdigilib.org

ਚੈਮਸਫ਼ੋਰਡ ਕਲੱਬ ਪੰਜਾਬ ਸਰਕਾਰ ਨੇ ਆਪ ਖ਼ਰੀਦਿਆ ਹੋਇਆ ਸੀ ਪਰ ਉਹ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਬਗੈਰ ਮੁਆਵਜ਼ਾ ਲਏ ਹੀ ਦੇ ਦਿੱਤਾ ਗਿਆ ਅਤੇ ਪਿਛੋਂ ਪੰਜਾਬ ਲਈ ਉਥੇ ਕੋਈ ਚੰਗਾ ਰੈਸਟ ਹਾਊਸ ਖ਼ਰੀਦਣਾ ਵੀ ਮੁਸ਼ਕਲ ਹੋ ਗਿਆ ।

ਪੰਜਾਬੀ ਬੋਲੀ ਦੇ ਇਲਾਕਿਆਂ ਨੂੰ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੋਂ ਬਚਾਉਣ ਲਈ ਗਿਆਨੀ ਕਰਤਾਰ ਸਿੰਘ ਤੇ ਕਾਂਗਰਸ ਵਿਚ ਉਸ ਦੇ ਸਾਥੀ ਇਕੱਲੇ ਹੀ ਸੰਘਰਸ਼ ਕਰ ਰਹੇ ਸਨ। ਬਦਕਿਸਮਤੀ ਨਾਲ ਐਨ ਉਸ ਨਾਜ਼ਕ ਮੌਕੇ ਤੇ ਅਕਾਲੀ ਨੇਤਾ ਸੰਤ ਫ਼ਤਿਹ ਸਿੰਘ ਇੰਗਲੈਂਡ ਦੀ ਯਾਤਰਾ ਤੇ ਚਲੇ ਗਏ ਅਤੇ ਬਾਕੀ ਅਕਾਲੀ ਨੇਤਾ ਵੀ ਸ਼ਾਹ ਕਮਿਸ਼ਨ ਨੂੰ ਪ੍ਰਭਾਵਤ ਨਾ ਕਰ ਸਕੇ । ਜੇ ਸੰਤ ਫ਼ਤਿਹ ਸਿੰਘ ਅਤੇ ਅਕਾਲੀ ਦਲ ਉਸ ਸਮੇਂ ਪੰਜਾਬ ਦੇ ਪੁਰਾਣੇ ਅਤੇ ਬਾਰਸੂਖ਼ ਕਾਂਗਰਸ ਨੇਤਾਵਾਂ ਦਾ ਮਿਲਵਰਤਣ ਪ੍ਰਾਪਤ ਕਰਦੇ ਅਤੇ ਪੰਜਾਬ ਦਾ ਪੱਖ ਕੇਂਦਰੀ ਸਰਕਾਰ ਅਤੇ ਸ਼ਾਹ ਕਮਿਸ਼ਨ ਦੇ ਸਾਹਮਣੇ ਠੀਕ ਢੰਗ ਨਾਲ ਪੇਸ਼ ਕੀਤਾ ਜਾਂਦਾ ਤਾਂ ਸਾਡੇ ਇਲਾਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਨਾ ਕੀਤੇ ਜਾਂਦੇ । ਅਜੇ ਵੀ ਸਮੇਂ ਨੂੰ ਸੰਭਾਲਿਆ ਜਾ ਸਕਦਾ ਹੈ ਅਤੇ ਪੰਜਾਬ ਵਿਚ ਏਕਤਾ ਦਾ ਵਾਤਾਵਰਣ ਪੈਦਾ ਕਰ ਕੇ ਇਹ ਇਲਾਕੇ ਵਾਪਸ ਲਏ ਜਾ ਸਕਦੇ ਹਨ । ਇਸ ਸੰਬੰਧ ਵਿਚ ਅਖਬਾਰਾਂ ਦੇ ਐਡੀਟਰ ਅਤੇ ਹੋਰ ਪਾਰਟੀਆਂ ਦੇ ਨੇਤਾਵਾਂ ਨੂੰ ਵੀ ਯਤਨ ਤੇਜ਼ ਕਰ ਦੇਣੇ ਚਾਹੀਦੇ ਹਨ ।

## ਕੁਦਰਤ ਦਾ ਕਰੋਪ

ਆਜ਼ਾਦ ਪੰਜਾਬ ਦਾ ਨਿਰਮਾਤਾ ਲੰਬੇ ਸੰਘਰਸ਼ ਅਤੇ ਦੇਰ ਤਕ ਉਡੀਕਣ ਮਗਰੋਂ ਪੰਜਾਬੀ ਸੂਬੇ ਦੀ ਸ਼ਕਲ ਵਿਚ ਆਪਣੇ ਨਿਸ਼ਾਨੇ ਤੇ ਪਹੁੰਚ ਗਿਆ ਸੀ। ਪਰ ਇਹ ਇਕ ਪ੍ਰਕਾਰ ਉਸ ਦੀਆਂ ਉਮੰਗਾਂ ਅਤੇ ਰਾਜਨੀਤਿਕ ਜੀਵਨ ਦਾ ਸਿਖਰ ਅਤੇ ਅੰਤ ਸੀ । ਇਸ ਪਿਛੋਂ ਗਿਆਨੀ ਕਰਤਾਰ ਸਿੰਘ ਪੰਜਾਬ ਦੀ ਰਾਜਨੀਤੀ ਵਿਚ ਇਕ ਤਰਸ ਯੋਗ ਹਸਤੀ ਤੋਂ ਵੱਧ ਕੁਝ ਨਾ ਰਿਹਾ। ਹੁਣ ਤਾਂ ਕੁਦਰਤ ਵੀ ਉਸ ਤੇ ਕਰੋਪ ਸੀ ਅਤੇ ਉਸ ਦੀ ਸਿਹਤ ਦਿਨ-ਬ-ਦਿਨ ਨਿੱਘਰਦੀ ਜਾ ਰਹੀ ਸੀ। ਦੂਜੇ ਵਿਸ਼ਵ-ਯੁੱਧ ਦੇ ਬਹਾਦਰ ਜੇਤੂ ਚਰਚਲ ਦੇ ਪਤਨ ਵਾਂਗ ਗਿਆਨੀ ਕਰਤਾਰ

Digitized by Panjab Digital Library | www.panjabdigilib.org

ਸਿਘ 1967 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਦਸੂਹਾ ਹਲਕੇ ਤੋਂ ਆਜ਼ਾਦ ਉਮੀਦਵਾਰ ਮਹੰਤ ਰਾਮ ਪਰਕਾਸ਼ ਦਾਸ ਦੇ ਮੁਕਾਬਲੇ ਵਿਚ ਹਾਰ ਗਿਆ। ਇਸ ਪਿਛੋਂ ਉਹ ਸਖ਼ਤ ਬੀਮਾਰ ਪੈ ਗਿਆ ਅਤੇ ਮਾਯੂਸ ਹੋ ਕੇ ਉਸ ਨੇ ਕਾਂਗਰਸ ਪਾਰਟੀ ਤੋਂ ਤਿਆਗ ਪੱਤਰ ਦੇ ਦਿੱਤਾ। ਉਹ ਚੰਡੀਗੜ੍ਹ ਅਤੇ ਹਰਿਆਣਾ ਵਿਚ ਜਾਣ ਬੁੱਝ ਕੇ ਸ਼ਾਮਲ ਕੀਤੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਵਾਉਣ ਲਈ ਅਕਾਲੀ ਦਲ ਦੇ ਅੰਦੋਲਨ ਵੱਲ ਗਹੁ ਨਾਲ ਦੇਖ ਰਿਹਾ ਸੀ। ਪਰ ਹੁਣ ਉਸ ਵਿਚ ਵੱਧ ਚੜ੍ਹ ਕੇ ਭਾਗ ਲੈਣ ਦੀ ਹਿੰਮਤ ਨਹੀਂ ਸੀ। ਪ੍ਰਮੁੱਖ ਅਕਾਲੀ ਨੇਤਾ ਉਸ ਨੂੰ ਫਿਰ ਪ੍ਰਸਿਧਤਾ ਵਿਚ ਲਿਆਉਣ ਦੇ ਹੱਕ ਵਿਚ ਨਹੀਂ ਸਨ। ਇਥੋਂ ਤਕ ਕਿ ਜਦੋਂ 1969 ਵਿਚ ਪੰਜਾਬ ਦੇ ਅਕਾਲੀ ਮੁੱਖ ਮੰਤਰੀ ਸਰਦਾਰ ਗੁਰਨਾਮ ਸਿੰਘ ਨੇ ਉਸ ਦੀਆਂ ਪੰਥ ਅਤੇ ਅਕਾਲੀ ਪਾਰਟੀ ਲਈ ਮਹਾਨ ਸੇਵਾਵਾਂ ਦੀ ਪ੍ਰਸ਼ੰਸਾ ਵਜੋਂ ਉਸ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਜ਼ ਸੀਲੈਕਸ਼ਨ ਬੋਰਡ ਦਾ ਪ੍ਰਧਾਨ ਨੀਯਤ ਕਰਨ ਦਾ ਸੁਝਾਅ ਦਿੱਤਾ ਤਾਂ ਉਨ੍ਹਾਂ ਨੇ ਮੁੱਖ ਮੰਤਰੀ ਦੇ ਇਸ ਸੁਝਾਅ ਦਾ ਕਰੜਾ ਵਿਰੋਧ ਕੀਤਾ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਨੂੰ ਫਿਰ ਏਨੀ ਪ੍ਰਸਿਧਤਾ ਨਾ ਦਿੱਤੀ ਜਾਵੇ।

ਮਾਰਚ, 1970 ਵਿਚ ਉਸ ਦੇ ਪੁਰਾਣੇ ਸ਼ਰਧਾਲੂ ਅਤੇ ਪੰਜਾਬ ਦੇ ਨਵੇਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਨੂੰ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੋਂ ਪੰਜਾਬੀ ਬੋਲਦੇ ਇਲਾਕੇ ਵਾਪਿਸ ਲੈਣ ਸੰਬੰਧੀ ਕਮਿਸ਼ਨ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ। 1971 ਵਿਚ ਉਸ ਨੇ ਅਕਾਲੀ ਟਿਕਟ ਤੇ ਹੁਸ਼ਿਆਰਪੁਰ ਹਲਕੇ ਤੋਂ ਪ੍ਰਸਿੱਧ ਕਾਂਗਰਸ ਨੇਤਾ ਹੁਣ ਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਦੇ ਵਿਰੁੱਧ ਲੋਕ ਸਭਾ ਦੀ ਸੀਟ ਲਈ ਚੋਣ ਲੜੀ, ਪਰ ਹਾਰ ਗਿਆ। ਗਿਆਨੀ ਕਰਤਾਰ ਸਿੰਘ ਦਾ ਇਹ ਆਖ਼ਰੀ ਰਾਜਨੀਤਿਕ ਘੋਲ ਅਤੇ ਯਤਨ ਸੀ।

## ਅੰਤਮ ਯਾਤਰਾ

1971 ਵਿਚ ਗਿਆਨੀ ਕਰਤਾਰ ਸਿੰਘ ਨੂੰ ਕੁਝ ਸਮੇਂ ਲਈ ਸਖ਼ਤ ਬੀਮਾਰੀ ਦੀ ਹਾਲਤ ਵਿਚ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਤਿੰਨ ਸਾਲ ਗੰਭੀਰ ਬੀਮਾਰ ਰਹਿਣ ਪਿਛੋਂ ਉਹ 10 ਜੂਨ, 1974 ਸੰਵੇਰ

Digitized by Panjab Digital Library | www.panjabdigilib.org

ਨੂੰ ਸਦਾ ਲਈ ਇਸ ਫਾਨੀ ਜਹਾਨ ਨੂੰ ਛੱਡ ਗਿਆ। ਪੰਜਾਬ ਅਤੇ ਭਾਰਤ ਦੇ ਹੋਰ ਭਾਗਾਂ ਵਿਚ ਉਸ ਦੇ ਲੱਖਾਂ ਸ਼ਰਧਾਲੂਆਂ ਵਿਚ ਅਫਸੋਸ ਅਤੇ ਮਾਤਮ ਦਾ ਵਾਤਾਵਰਨ ਛਾ ਗਿਆ। 11 ਜੂਨ ਨੂੰ ਉਸ ਨੂੰ ਆਪਣੇ ਪੁਰਾਣੇ ਪੰਜਾਬ ਵਿਧਾਨ ਸਭਾ ਹਲਕੇ ਦੇ ਮੁੱਖ ਨਗਰ ਟਾਂਡਾ ਉੜਮੁੜ ਵਿਚ ਸਰਕਾਰੀ ਕਾਲਜ ਦੀ ਗਰਾਊਂਡ ਵਿਚ ਸਰਕਾਰੀ ਸਨਮਾਨ ਨਾਲ ਅਗਨ ਭੇਂਟ ਕਰ ਦਿੱਤਾ ਗਿਆ ਅਤੇ ਉਸ ਦੀ ਯਾਦ ਨੂੰ ਸਦੀਵੀ ਰੱਖਣ ਲਈ ਸਰਕਾਰੀ ਕਾਲਜ ਟਾਂਡਾ ਉੜਮੁੜ ਦਾ ਨਾਂ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਰੱਖ ਦਿੱਤਾ ਗਿਆ।

10 ਜੂਨ, 1974 ਨੂੰ ਪੰਜਾਬ ਰਾਜ ਤੋਂ ਇਕ ਸੂਝਵਾਨ ਅਤੇ ਸਿਆਸਤ ਦਾ ਧਨੀ ਹਮੇਸ਼ਾਂ ਲਈ ਖੁੱਸ ਗਿਆ। ਉਸ ਜਿਹੇ ਪੱਥ ਪ੍ਰਦਰਸ਼ਕ, ਵਿਚਾਰ ਭੰਡਾਰ ਅਤੇ ਚਤਰ ਨੀਤੀਵਾਨ ਕਿਸੇ ਦੇਸ਼ ਵਿਚ ਕਿਸਮਤ ਨਾਲ ਹੀ ਪੈਦਾ ਹੁੰਦੇ ਹਨ।

□

Digitized by Panjab Digital Library | www.panjabdigilib.org

# 8

# ਗਿਆਨੀ ਕਰਤਾਰ ਸਿੰਘ ਦਾ ਪਰਿਵਾਰ

ਗਿਆਨੀ ਕਰਤਾਰ ਸਿੰਘ ਲਾਇਲਪੁਰ ਜ਼ਿਲੇ ਦੇ ਪਿੰਡ ਚੱਕ ਨੰਬਰ 40 ਝੰਗ ਬ੍ਰਾਂਚ ਦੇ ਖਹਿਰਾ ਗੋਤ ਦੇ ਜੱਟ ਸਿੱਖ ਖ਼ਾਨਦਾਨ ਨਾਲ ਸੰਬੰਧ ਰਖਦੇ ਹਨ। ਉਸ ਦੇ ਵਡੇਰੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਨਾਗੋਕੇ ਦੇ ਵਸਨੀਕ ਸਨ। ਉਸ ਦੇ ਬਾਬਾ ਦਫੇਦਾਰ ਮੇਜਰ ਅਮਰ ਸਿੰਘ ਨੂੰ ਰਸਾਲਾ ਨੰਬਰ 12 ਦੇ ਬਾਲਾ ਹਿਸਾਰ ਦੇ ਯੁਧ ਵਿਚ ਪਠਾਣਾਂ ਵਿਰੁੱਧ ਯੁਧ ਦੇ ਅਵਸਰ ਤੇ ਵਿਸ਼ੇਸ਼ ਬਹਾਦਰੀ ਦਿਖਾਉਣ ਕਾਰਨ 1898 ਵਿਚ ਦੋ ਮੁਰੱਬੇ ਭੂਮੀ ਲਾਇਲਪੁਰ ਵਿਚ ਮਿਲੀ ਹੋਈ ਸੀ।

ਦਫੇਦਾਰ ਮੇਜਰ ਅਮਰ ਸਿੰਘ ਦੇ ਦੋ ਪੁੱਤਰ ਰਸਾਲਦਾਰ ਮੇਜਰ ਜਗਤ ਸਿੰਘ ਅਤੇ ਸਰਦਾਰ ਭਗਤ ਸਿੰਘ ਸਨ। ਸਰਦਾਰ ਭਗਤ ਸਿੰਘ ਦੀ ਸ਼ਾਦੀ ਬੀਬੀ ਜੀਵਨ ਕੌਰ ਨਾਲ ਹੋਈ। ਇਨ੍ਹਾਂ ਦੇ ਦੋ ਪੁੱਤਰ ਕਰਤਾਰ ਸਿੰਘ ਤੇ ਮੁਖਤਾਰ ਸਿੰਘ ਪੈਦਾ ਹੋਏ, ਪਰ ਮੁਖਤਾਰ ਸਿੰਘ ਤਿੰਨ ਸਾਲਾਂ ਦੀ ਛੋਟੀ ਉਮਰ ਵਿਚ ਹੀ ਪ੍ਰਲੋਕ ਸਿਧਾਰ ਗਿਆ। 12 ਸਾਲ ਦੀ ਉਮਰ ਵਿਚ ਗਿਆਨੀ ਕਰਤਾਰ ਸਿੰਘ ਦਾ ਵਿਆਹ ਚੱਕ ਨੰਬਰ 57 ਖਿਆਲਾ ਜ਼ਿਲ੍ਹਾ ਲਾਇਲਪੁਰ ਦੇ ਸਰਦਾਰ ਜਗਤ ਸਿੰਘ ਦੀ ਪੁੱਤਰੀ ਬੀਬੀ ਹਰਨਾਮ ਕੌਰ ਨਾਲ ਹੋਇਆ, ਜੋ ਅੱਜ ਵੀ ਜ਼ਿੰਦਾ ਹਨ ਅਤੇ ਆਪਣੇ ਬੁਢ਼ਾਪੇ ਦੇ ਆਖਰੀ ਦਿਨ ਪਿੰਡ ਚਮਿਆਰੀ ਜ਼ਿਲ੍ਹਾ ਜਲੰਧਰ ਵਿਖੇ ਆਪਣੇ ਭਰਾਵਾਂ ਗਿਆਨੀ ਦਰਸ਼ਨ ਸਿੰਘ



Digitized by Panjab Digital Library | www.panjabdigilib.org

ਅਤੇ ਸਰਦਾਰ ਸੂਰਤ ਸਿੰਘ ਦੇ ਪਰਿਵਾਰ ਨਾਲ ਗੁਜ਼ਾਰ ਰਹੇ ਹਨ। ਮਾਤਾ ਹਰਨਾਮ ਕੌਰ ਦੀ ਆਮਦਨੀ ਦਾ ਸਾਧਨ ਸਿਰਫ਼ ਉਹ 250 ਰੁਪੈ ਮਹੀਨਾ ਪੈਨਸ਼ਨ ਹੈ ਜੋ ਉਹਨਾਂ ਨੂੰ ਇਕ ਸੁਤੰਤਰਤਾ ਸੰਗਰਾਮੀ ਦੀ ਪਤਨੀ ਵਜੋਂ ਮਿਲਦੀ ਹੈ। ਕਰਤਾਰ ਸਿੰਘ ਨੇ ਆਪਣੇ ਹਿੱਸੇ ਦੀ ਸਾਰੀ ਜ਼ਮੀਨ ਦੇਸ਼ ਅਤੇ ਕੌਮ ਦੇ ਲੇਖੇ ਲਾ ਦਿੱਤੀ। ਅਤੇ ਆਪਣੀ ਪਤਨੀ ਲਈ ਕੋਈ ਜਾਇਦਾਦ ਜਾਂ ਪੈਸਾ ਛਡ ਕੇ ਨਹੀਂ ਗਏ। ਪਰ ਉਹਨਾਂ ਦੇ ਆਪਣੀ ਪਤਨੀ ਨਾਲ ਬੜੇ ਚੰਗੇ ਸੰਬੰਧ ਸਨ ਅਤੇ ਜਦੋਂ ਮੰਤਰੀ ਜਾਂ ਵਿਧਾਨ ਪਰਿਸ਼ਦ ਦੇ ਮੈਂਬਰ ਸਨ ਤਾਂ ਬੀਬੀ ਹਰਨਾਮ ਕੌਰ ਬਹੁਤ ਵਾਰ ਉਹਨਾਂ ਕੋਲ ਸ਼ਿਮਲੇ ਜਾਂ ਚੰਡੀਗੜ੍ਹ ਰਹਿੰਦੀ ਸੀ। ਪਰਮਾਤਮਾ ਨੇ ਇਸ ਜੋੜੀ ਨੂੰ ਔਲਾਦ ਤੋਂ ਵਾਂਝਿਆਂ ਹੀ ਰੱਖਿਆ, ਬੀਬੀ ਹਰਨਾਮ ਕੌਰ ਦਾ ਭਾਈ ਸੁਰਗਵਾਸੀ ਗਿਆਨੀ ਦਰਸ਼ਨ ਸਿੰਘ ਆਪਣੇ ਇਲਾਕੇ ਦਾ ਪ੍ਰਸਿੱਧ ਸਿਆਸੀ ਵਰਕਰ ਸੀ ਅਤੇ ਉਹਨਾਂ ਨੇ ਅਕਾਲੀ ਮੋਰਚਿਆਂ ਵਿਚ ਵੀ ਭਾਗ ਲਿਆ। ਉਹ ਲੰਬਾ ਸਮਾਂ ਜ਼ਿਲ੍ਹਾ ਪਰਿਸ਼ਦ ਜਲੰਧਰ ਦੇ ਮੈਂਬਰ ਵੀ ਰਹੇ ਹਨ। ਉਹਨਾਂ ਦੇ ਪਿਤਾ ਜੀ ਨੂੰ ਅੰਗਰੇਜ਼ ਰਾਜ ਸਮੇਂ ਬੱਬਰ ਅਕਾਲੀਆਂ ਦੀ ਸਹਾਇਤਾ ਕਰਨ ਦੇ ਦੋਸ਼ ਵਿਚ 500 ਰੁਪਏ ਜੁਰਮਾਨਾ ਹੋਇਆ ਸੀ।

ਇਹ ਗੱਲ ਆਮ ਪ੍ਰਚਲਿਤ ਹੈ ਕਿ ਜਦੋਂ ਪੰਜਾਬ ਦੀ ਵੰਡ ਤੋਂ ਪਿਛੋਂ ਗਿਆਨੀ ਕਰਤਾਰ ਸਿੰਘ ਦਾ ਟੱਬਰ ਉੜਮੜ ਟਾਂਡਾ ਵਿਖੇ ਵਸ ਗਿਆ ਤਾਂ ਗਿਆਨੀ ਜੀ ਨੇ ਆਪਣੇ ਪਿਤਾ ਸਰਦਾਰ ਭਗਤ ਸਿੰਘ ਨੂੰ ਦੂਜੀ ਸ਼ਾਦੀ ਕਰਾਉਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਉਹਨਾਂ ਦੀ ਪੀੜ੍ਹੀ ਚਲਦੀ ਰਹੇ ਕਿਉਂਕਿ ਆਪ ਤਾਂ ਉਹ ਫੱਕਰ ਵਿਅਕਤੀ ਸਨ ਅਤੇ ਘਰੇਲੂ ਰੁਝੇਵਿਆਂ ਲਈ ਉਹਨਾਂ ਕੋਲ ਕੋਈ ਸਮਾਂ ਹੀ ਨਹੀਂ ਸੀ। ਉਹਨਾਂ ਦੇ ਜ਼ੋਰ ਦੇਣ ਤੇ ਉਹਨਾਂ ਦੇ ਪਿਤਾ ਨੇ 1949 ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਝਬਾਲ ਦੇ ਸਰਦਾਰ ਕਰਤਾਰ ਸਿੰਘ ਦੀ ਲੜਕੀ ਬੀਬੀ ਪਾਲ ਕੌਰ ਨਾਲ ਵਿਆਹ ਕਰਵਾਂ ਲਿਆ। ਇਸ ਸਮੇਂ ਬੀਬੀ ਪਾਲ ਕੌਰ ਦੀ ਉਮਰ 60 ਸਾਲ ਹੈ ਅਤੇ, ਉਹ ਗਿਆਨੀ ਜੀ ਦੀ ਦੂਜੀ ਮਾਂ ਹੋਣ ਤੇ ਬੜਾ ਫ਼ਖਰ ਕਰਦੀ ਹੈ। ਮਾਤਾ ਪਾਲ ਕੌਰ ਤੋਂ ਗਿਆਨੀ ਜੀ ਦੇ ਦੋ ਭਰਾਵਾਂ ਨੇ ਜਨਮ ਲਿਆ। ਨਿਸ਼ਾਨ ਸਿੰਘ ਜਿਸ ਦੀ ਉਮਰ 27 ਸਾਲ ਹੈ, ਅੱਠਵੀਂ ਤੱਕ ਪੜ੍ਹਿਆ ਹੋਇਆ ਹੈ ਅਤੇ ਸੈਦੋਪੁਰ ਦਾਤਾ ਤੋਂ ਬੀਬੀ ਮਨਜੀਤ ਕੌਰ ਨਾਲ ਉਸ ਦੀ ਸ਼ਾਦੀ ਤੋਂ ਇਕ ਲੜਕਾ ਹੈ। ਨਿਸ਼ਾਨ ਸਿੰਘ ਖੇਤੀ

Digitized by Panjab Digital Library | www.panjabdigilib.org

ਦਾ ਕੰਮ ਕਰਦਾ ਹੈ, ਪਰ ਪ੍ਰਸਿੱਧ ਸਿਆਸੀ ਨੇਤਾ ਉਸ ਦਾ ਗਿਆਨੀ ਕਰਤਾਰ ਸਿੰਘ ਦਾ ਛੋਟਾ ਭਾਈ ਹੋਣ ਵਜੋਂ ਬੜਾ ਸਤਿਕਾਰ ਕਰਦੇ ਹਨ।

ਗਿਆਨੀ ਕਰਤਾਰ ਸਿੰਘ ਦਾ ਭਾਈ ਸਤਿਨਾਮ ਸਿੰਘ ਜਿਸ ਦੀ ਉਮਰ 25 ਸਾਲ ਹੈ, ਪੰਜਾਬ ਯੂਨੀਵਰਸਿਟੀ ਦਾ ਗਰੈਜੂਏਟ ਹੈ। ਉਹ ਬੜਾ ਹੋਣਹਾਰ, ਹੁਸ਼ਿਆਰ ਅਤੇ ਸਮਝਦਾਰ ਨੌਜਵਾਨ ਹੈ, ਪਰ ਉਸ ਨੂੰ ਸਿਆਸਤ ਨਾਲ ਕੋਈ ਲਗਾਓ ਨਹੀਂ। ਉਸਨੂੰ ਵੀ ਇਸ ਗੱਲ ਤੇ ਮਾਣ ਹੈ ਕਿ ਉਹ ਮਹਾਨ ਨੇਤਾ ਗਿਆਨੀ ਕਰਤਾਰ ਸਿੰਘ ਦਾ ਭਾਈ ਹੈ।

ਗਿਆਨੀ ਜੀ ਦੀ ਦੂਜੀ ਮਾਂ ਅਤੇ ਭਰਾ ਆਪਣੇ ਉਹਨਾਂ ਨਾਲ ਚੰਗੇ ਸੰਬੰਧਾਂ ਦੀਆ ਬੜੀਆਂ ਮਿੱਠੀਆਂ ਯਾਦਾਂ ਸਾਂਭੀ ਬੈਠੇ ਹਨ। ਉਹ ਦਸਦੇ ਹਨ ਕਿ ਗਿਆਨੀ ਜੀ ਹਰ ਸਮੇਂ ਉਹਨਾਂ ਦੀ ਸਹਾਇਤਾ ਕਰਨ ਨੂੰ ਤਿਆਰ ਰਹਿੰਦੇ ਸਨ। ਪਰ ਉਹਨਾਂ ਨੇ ਉਹਨਾਂ ਤੋਂ ਕਦੀ ਵੀ ਕੋਈ ਮਾਲੀ ਸਹਾਇਤੀ ਨਹੀਂ ਸੀ ਮੰਗੀ। ਸਾਡੇ ਲਈ ਉਹਨਾਂ ਦਾ ਸਨੇਹ ਤੇ ਪਿਆਰ ਹੀ ਕਾਫੀ ਸੀ। ਉਹਨਾਂ ਦੀ ਮਾਂ ਨੇ ਦਸਿਆ ਕਿ ਜਦੋਂ ਨਿਸ਼ਾਨ ਸਿੰਘ ਛੋਟਾ ਜਿਹਾ ਬੱਚਾ ਸੀ, ਤਾਂ ਗਿਆਨੀ ਜੀ ਉਸ ਨੂੰ ਮੁੱਢਲੀ ਵਿਦਿਆ ਦੇਣ ਲਈ ਚੰਡੀਗੜ੍ਹ ਲੈ ਗਏ ਅਤੇ ਤਿੰਨ ਸਾਲ ਆਪਣੇ ਕੋਲ ਰਖਿਆ। ਉਹ ਉਸ ਨੂੰ ਆਪਣੇ ਬੱਚੇ ਨਾਲੋਂ ਵੀ ਵੱਧ ਪਿਆਰ ਕਰਦੇ ਸਨ ਅਤੇ ਜਦੋਂ ਥੱਕੇ ਹੋਏ ਟੂਰ ਤੋਂ ਆਉਂਦੇ ਸਨ ਤਾਂ ਕਹਿੰਦੇ ਸਨ ਨਿਸ਼ਾਨ ਸਿੰਘ ਨੂੰ ਮੇਰੀ ਹਿੱਕ ਤੇ ਪਾ ਦਿਓ, ਤਾਂ ਜੋ ਮੇਰਾ ਥਕੇਵਾਂ ਲਹਿ ਜਾਵੇ।" ਸਤਿਨਾਮ ਸਿੰਘ ਵੀ ਗਿਆਨੀ ਜੀ ਨਾਲ ਆਪਣੀ ਸ਼ਿਮਲਾ ਯਾਤਰਾ ਨੂੰ ਬੜਾ ਯਾਦ ਕਰਦਾ ਹੈ।

ਗਿਆਨੀ ਜੀ ਨੇ ਆਪਣੇ ਪਿਤਾ ਨੂੰ ਟਾਂਡਾ ਉੜਮੜ ਦੇ ਨੇੜੇ 20 ਕਿੱਲੇ ਚੰਗੀ ਭੂਮੀ ਅਲਾਟ ਕਰਾ ਦਿੱਤੀ ਸੀ। ਭਾਵੇਂ ਆਪਣਾ ਹਿੱਸਾ ਉਹਨਾਂ ਨੇ ਬਾਅਦ ਵਿਚ ਵੇਚ ਕੇ ਚੋਣਾਂ ਆਦਿ ਦੇ ਖਰਚਾਂ ਵਿਚ ਲਾ ਦਿੱਤਾ। ਇਕ ਵਾਰੀ ਉਹਨਾਂ ਨੇ ਘਰ ਦੀ ਸਾਢੇ ਸਤ ਹਾਰਸ ਪਾਵਰ ਦੀ ਮੋਟਰ ਦੀ ਵੀ ਆਪਣੇ ਕੋਲੋਂ ਮੁਰੰਮਤ ਕਰਵਾ ਦਿੱਤੀ ਸੀ ਅਤੇ ਜਦੋਂ ਵੀ ਉਹ ਟਾਂਡੇ ਆਉਂਦੇ ਸਨ, ਤਾਂ ਆਪਣੇ ਮਾਤਾ ਪਿਤਾ ਤੇ ਭਰਾਵਾਂ ਨੂੰ ਜ਼ਰੂਰ ਮਿਲ ਕੇ ਜਾਂਦੇ ਸਨ। ਉਹਨਾਂ ਨੂੰ ਗਿਆਨੀ ਜੀ ਤੋਂ ਕੁਝ ਲਾਭ ਲੈਣ ਦਾ ਕਦੀ ਵੀ ਵਿਚਾਰ ਪੈਦਾ ਨਹੀਂ ਹੋਇਆ।

ਦੋਵੇਂ ਭਰਾ ਖੇਤੀ ਦਾ ਕੰਮ ਕਰਦੇ ਹਨ ਅਤੇ ਨਿੱਕੀ ਇੱਟ ਦੇ ਪੁਰਾਣੇ

Digitized by Panjab Digital Library | www.panjabdigilib.org

ਮੁਸਲਮਾਨਾਂ ਦੇ ਮਕਾਨ ਵਿਚ ਪਿੰਡ ਉੜਮੜ ਵਿਖੇ ਆਪਣੀ ਮਾਂ ਨਾਲ ਰਹਿੰਦੇ ਹਨ। ਉਹਨਾਂ ਦਾ ਆਮ ਕਿਸਾਨਾਂ ਵਾਲਾ ਚੰਗਾ ਗੁਜ਼ਾਰਾ ਹੈ ਅਤੇ ਉਹਨਾਂ ਪਾਸ ਇਕ ਟਰੈਕਟਰ ਵੀ ਹੈ । ਗਿਆਨੀ ਜੀ ਲਗਦੇ ਵਾਹ ਆਪਣੇ ਰਿਸ਼ਤੇਦਾਰਾਂ ਦੀ ਸਹਾਇਤਾ ਕਰਦੇ ਸਨ, ਪਰ ਉਹਨਾਂ ਦੀ ਹਦਾਇਤ ਸੀ ਕਿ ਉਹ ਕੋਈ ਵੀ ਗਲਤ ਢੰਗ ਦੀ ਸਹਾਇਤਾ ਜਾਂ ਕੰਮ ਨਹੀਂ ਕਰਨਗੇ । ਗਿਆਨੀ ਜੀ ਦਾ ਪਰਿਵਾਰ ਇਸ ਗੱਲ ਤੇ ਖੁਸ਼ ਹੈ ਕਿ ਉਨ੍ਹਾਂ ਨੇ ਸਰਕਾਰੀ ਕਾਲਜ ਟਾਂਡਾ ਉੜਮੜ ਦੀ ਸਥਾਪਨਾ ਲਈ ਵਿਸ਼ੇਸ਼ ਯਤਨ ਕੀਤੇ ਜਿੱਥੇ ਕਿ ਇਲਾਕੇ ਦੇ ਲੜਕੇ, ਲੜਕੀਆਂ ਹਮੇਸ਼ਾਂ ਉੱਚ ਵਿਦਿਆ ਪ੍ਰਾਪਤ ਕਰਦੇ ਰਹਿਣਗੇ ਅਤੇ ਹੁਣ ਕਾਲਜ ਨਾਲ ਉਹਨਾਂ ਦਾ ਨਾਂ ਵੀ ਜੋੜ ਦਿੱਤਾ ਗਿਆ ਹੈ ।

ਗਿਆਨੀ ਜੀ ਦੀ ਮਾਤਾ ਤੇ ਭਰਾਵਾਂ ਦੀ ਸਭ ਤੋਂ ਵਿਸ਼ੇਸ਼ ਯਾਦ ਗਿਆਨੀ ਜੀ ਦੀ ਅੰਤਮ ਯਾਤਰਾ ਸਮੇਂ ਉਹਨਾਂ ਦੇ ਮਿਰਤਕ ਸਰੀਰ ਨੂੰ ਉਹਨਾਂ ਦੇ ਗ੍ਰਹਿ ਵਿਖੇ ਲਿਆਉਣਾ ਸੀ । ਉਹਨਾਂ ਦੀ ਦੇਹ ਦੇ ਜਲੂਸ ਨਾਲ ਆ ਰਹੇ ਰਾਜਨੀਤਿਕ ਨੇਤਾਵਾਂ, ਸਰਕਾਰੀ ਅਧਿਕਾਰੀਆਂ ਅਤੇ ਹੋਰ ਨਿਕਟਵਰਤੀਆਂ ਨੇ ਪਰਿਵਾਰ ਦੀ ਬੇਨਤੀ ਨੂੰ ਮੰਨਦੇ ਹੋਏ ਉਹਨਾਂ ਨੂੰ ਗਿਆਨੀ ਜੀ ਦੇ ਸਰੀਰ ਨੂੰ ਨਹਾਉਣ, ਨਵੇਂ ਕਪੜੇ ਪਾਉਣ ਤੇ ਹੋਰ ਆਖਰੀ ਰਸਮਾਂ ਕਰਨ ਦਾ ਮੌਕਾ ਦਿੱਤਾ । ਹਜ਼ਾਰਾਂ ਲੋਕ ਉਨ੍ਹਾਂ ਦੇ ਅੰਤਮ ਦਰਸ਼ਨਾਂ ਲਈ ਉਨ੍ਹਾਂ ਦੇ ਗ਼ਰੀਬਖਾਨੇ ਵਿਖੇ ਪਧਾਰੇ ਤੇ ਫਿਰ ਜਲੂਸ ਉਥੋਂ ਕਾਲਜ ਵਲ ਤੁਰਿਆ, ਜਿੱਥੇ ਕਿ ਗਿਆਨੀ ਜੀ ਦੀ ਦੇਹ ਦਾ ਸੰਸਕਾਰ ਕੀਤਾ ਗਿਆ । 22 ਜੂਨ 1974 ਨੂੰ ਵੀ ਪਹਿਲਾਂ ਉਹਨਾਂ ਦੇ ਘਰ ਅਖੰਡ ਪਾਠ ਦਾ ਭੋਗ ਪਿਆ ਜਿੱਥੇ ਗਿਆਨੀ ਜ਼ੈਲ ਸਿੰਘ, ਮੁੱਖ ਮੰਤਰੀ ਪੰਜਾਬ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਿਹੇ ਪ੍ਰਸਿੱਧ ਨੇਤਾਵਾਂ ਨੇ ਗਿਆਨੀ ਜੀ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਤੇ ਪਿੱਛੋਂ ਵੱਡਾ ਇਕੱਠ ਕਾਲਜ ਵਿਖੇ ਹੋਇਆ । ਇਸ ਪ੍ਰਕਾਰ ਉਹਨਾਂ ਦੇ ਵਾਜਬ ਹੱਕ ਨੂੰ ਸਵੀਕਾਰ ਕੀਤਾ ਗਿਆ ਅਤੇ ਆਪਣੇ ਪਰਿਵਾਰ ਦੇ ਸਭ ਤੋਂ ਪ੍ਰਸਿੱਧ ਅਤੇ ਮਹਾਨ ਸੇਵਕ ਦੀਆਂ ਆਖਰੀ ਰਸਮਾਂ ਉਸ ਦੇ ਆਪਣੇ ਘਰ ਕਰਨ ਦਾ ਅਵਸਰ ਦਿੱਤਾ ਗਿਆ । ਪਰ ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਗਿਆਨੀ ਜੀ ਦੇ ਅੰਗੀਠੇ ਦੀ ਠੀਕ ਦੇਖ-ਭਾਲ ਨਹੀਂ ਹੋ ਰਹੀ ।

ਗਿਆਨੀ ਕਰਤਾਰ ਸਿੰਘ, ਨਿਸ਼ਾਨ ਸਿੰਘ ਅਤੇ ਉਹਨਾਂ ਦੀਆਂ ਤਿੰਨ ਭੈਣਾਂ ਦੇ

Digitized by Panjab Digital Library | www.panjabdigilib.org

ਪਿਤਾ ਸਰਦਾਰ ਭਗਤ ਸਿੰਘ ਸਾਦੇ ਸੁਭਾਅ ਦੇ ਸਨ, ਅਤੇ ਆਖਰੀ ਦਮ ਤੱਕ ਹੱਥੀਂ ਖੇਤੀ ਕਰਦੇ ਰਹੇ। ਉਹ ਰਾਜਨੀਤੀ ਅਤੇ ਹੋਰ ਸਮਾਜਿਕ ਕਾਰਜਾਂ ਵਿਚ ਆਪਣੇ ਪੁੱਤਰ ਦੀ ਹਰ ਤਰ੍ਹਾਂ ਸਹਾਇਤਾ ਕਰਦੇ ਸਨ। ਉਹ ਪੱਕੇ ਗੁਰਸਿੱਖ ਸਨ ਅਤੇ ਬਾਰ ਤੋਂ ਟਾਂਡਾ ਉੜਮੜ ਦੇ ਇਲਾਕੇ ਦੇ ਸਾਰੇ ਵਸਨੀਕ ਉਹਨਾਂ ਦਾ ਬੜਾ ਸਤਿਕਾਰ ਕਰਦੇ ਸਨ। ਉਹ ਬੜੇ ਮਾਣ ਨਾਲ ਕਿਹਾ ਕਰਦੇ ਸਨ ਕਿ ਗਿਆਨੀ ਕਰਤਾਰ ਸਿੰਘ ਤਾਂ ਉਹਨਾਂ ਦੇ ਘਰ ਇਕ ਅਵਤਾਰ ਪੈਦਾ ਹੋਇਆ ਹੈ, ਅਤੇ ਇਸ ਦਰਵੇਸ਼ ਅਤੇ ਸੰਤ ਸੁਭਾ ਹਸਤੀ ਨੂੰ ਵਾਹਿਗੁਰੂ ਨੇ ਉਹਨਾਂ ਦਾ ਸਿਰ ਉੱਚਾ ਕਰਨ ਤੇ ਆਮ ਜਨਤਾ ਦੀ ਸੇਵਾ ਕਰਨ ਲਈ ਭੇਜਿਆ ਹੈ। ਉਹ ਕਹਿੰਦੇ ਸਨ ਕਿ ਉਹਨਾ ਨੇ ਇਹ ਕਸਮ ਖਾਧੀ ਹੋਈ ਹੈ ਕਿ ਉਹ ਗਿਆਨੀ ਜੀ ਦੀ ਘਾਲਣਾ ਦਾ ਕੋਈ ਵੀ ਮਾਲੀ ਜਾਂ ਰਾਜਨੀਤਿਕ ਲਾਭ ਨਹੀਂ ਉਠਾਉਣਗੇ ਅਤੇ ਉਹ ਉਸ ਨੂੰ ਹਮੇਸ਼ਾਂ ਰੱਬੀ ਰੂਪ ਅਤੇ ਪ੍ਰਮਾਤਮਾ ਵਲੋਂ ਜਨਤਾ ਦਾ ਸੇਵਕ ਹੀ ਸਮਝਦੇ ਰਹੇ ਹਨ। ਸਰਦਾਰ ਭਗਤ ਸਿੰਘ 1960 ਵਿਚ 85 ਸਾਲ ਦੀ ਉਮਰ ਵਿਚ ਪਰਲੋਕ ਸਿਧਾਰ ਗਏ।

ਜਿਵੇਂ ਕਿ ਪਹਿਲਾਂ ਲਿਖਿਆ ਗਿਆ ਹੈ, ਗਿਆਨੀ ਕਰਤਾਰ ਸਿੰਘ ਦੀਆਂ ਤਿੰਨ ਭੈਣਾਂ ਸਨ। ਉਹਨਾਂ ਦੀ ਵੱਡੀ ਭੈਣ ਮਾਤਾ ਤੇਜ਼ ਕੌਰ ਅਜੇ ਵੀ ਜ਼ਿੰਦਾ ਹੈ ਅਤੇ 82 ਸਾਲ ਦੀ ਉਮਰ ਵਿਚ ਵੀ ਚੰਗੇ ਤਕੜੇ ਲਗਦੇ ਹਨ। ਉਹਨਾਂ ਦੀ ਸ਼ਾਦੀ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਵਡਾਲਾ ਦੇ ਸਰਦਾਰ ਜੀਵਨ ਸਿੰਘ ਪੁਲੀਸ ਇੰਸਪੈਕਟਰ ਨਾਲ ਹੋਈ। ਉਹਨਾਂ ਦਾ ਇਕ ਲੜਕਾ ਸਰਦਾਰ ਜਗੀਰ ਸਿੰਘ ਖੇਤੀ ਕਰਦਾ ਹੈ ਅਤੇ ਲੜਕੀ ਹਰਬੰਸ ਕੌਰ ਪਿੰਡ ਖੱਖਰ ਜ਼ਿਲ੍ਹਾ ਜਲੰਧਰ ਦੇ ਸਰਦਾਰ ਮੁਲਤਾਨ ਸਿੰਘ ਲੈਂਡਲਾਰਡ ਨਾਲ ਵਿਆਹੀ ਹੋਈ ਹੈ। ਗਿਆਨੀ ਜੀ ਦੀ ਦੂਜੀ ਅਤੇ ਛੋਟੀ ਭੈਣ ਬੀਬੀ ਪਾਰੋ ਜਲੰਧਰ ਨੇੜੇ ਪਿੰਡ ਜਗਾਨ ਦੇ ਸਰਦਾਰ ਭਗਤ ਸਿੰਘ ਲੈਂਡਲਾਰਡ ਦੇ ਨਾਲ ਵਿਆਹੀ ਹੋਈ ਹੈ ਅਤੇ ਉਹਨਾਂ ਦੇ ਘਰ ਇਕ ਲੜਕਾ ਸੁਲੱਖਣ ਸਿੰਘ ਐਮ. ਏ. ਪਾਸ ਹੈ ਅਤੇ ਰਿਜਨਲ ਪਾਸਪੋਰਟ ਆਫਿਸ ਜਲੰਧਰ ਵਿਖੇ ਅਧਿਕਾਰੀ ਹੈ ਅਤੇ ਉਹਨਾਂ ਦਾ ਦੂਜਾ ਲੜਕਾ ਰਣਜੀਤ ਸਿੰਘ ਆਪਣੇ ਇਲਾਕੇ ਦਾ ਉੱਘਾ ਸਮਾਜਿਕ ਅਤੇ ਸਿਆਸੀ ਕਾਰਕੁਨ ਹੈ। ਗਿਆਨੀ ਜੀ ਦੀ ਤੀਜੀ ਭੈਣ ਮਾਤਾ ਪਰਸਿੰਨ ਕੌਰ ਗੁਜ਼ਰ ਚੁਕੀ ਹੈ ਅਤੇ ਉਹਨਾਂ ਦੀ ਸ਼ਾਦੀ ਸਰਦਾਰ ਹਰਨਾਮ ਸਿੰਘ ਨਾਲ ਹੋਈ। ਉਹਨਾਂ ਦਾ ਪਰਿਵਾਰ ਦਸੂਹੇ ਨੇੜੇ ਹਰ-ਦੋ-ਥਲੇ ਵਿਖੇ ਰਹਿ ਰਿਹਾ ਹੈ। ਉਹਨਾਂ ਦਾ ਲੜਕਾ ਸਰਦਾਰ ਭਗਵੰਤ ਸਿੰਘ ਉਰਫ ਕਾਹਲਾ ਸਿੰਘ ਇਲਾਕੇ ਦਾ ਪ੍ਰਮੁੱਖ ਅਕਾਲੀ ਅਤੇ ਧਾਰਮਿਕ

Digitized by Panjab Digital Library | www.panjabdigilib.org

ਨੇਤਾ ਹੈ ਅਤੇ ਗਿਆਨੀ ਕਰਤਾਰ ਸਿੰਘ ਦੇ ਭਾਣਜੇ ਵਜੋਂ ਵੀ ਉਸ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ। ਉਹਨਾਂ ਦੀ ਲੜਕੀ ਬੀਬੀ ਸੁਰਜੀਤ ਕੌਰ ਅੱਜ ਕੱਲ ਇੰਗਲੈਂਡ ਵਿਚ ਹੈ ਅਤੇ ਜ਼ਿਲ੍ਹਾ ਜਲੰਧਰ ਦੇ ਪਿੰਡ ਜੌਹਲ ਵਿਖੇ ਵਿਆਹੀ ਹੋਈ ਹੈ। ਗਿਆਨੀ ਕਰਤਾਰ ਸਿੰਘ ਦੀ ਭੂਆ ਬੀਬੀ ਭਾਨ ਕੌਰ ਅਤੇ ਫੁਫੜ ਜੀ ਸਰਦਾਰ ਕਰਤਾਰ ਸਿੰਘ ਵੀ ਹਰ ਦੋ ਥਲੇ ਵਸੇ ਹੋਏ ਹਨ। ਸਰਦਾਰ ਕਰਤਾਰ ਸਿੰਘ ਨੇ ਜੈਤੋਂ ਦੇ ਮੋਰਚੇ ਵਿਚ ਕੈਦ ਕੱਟੀ ਸੀ। ਉਹਨਾਂ ਦਾ ਪੁੱਤਰ ਸ: ਅਜੀਤ ਸਿੰਘ ਪੰਜਾਬ ਪੁਲਿਸ ਵਿਚ ਡਿਪਟੀ ਸੁਪਰਡੈਂਟ ਪੁਲਿਸ ਹੈ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ 1947 ਵਿਚ ਪੰਜਾਬ ਦੀ ਵੰਡ ਤੋਂ ਪਹਿਲਾਂ ਗਿਆਨੀ ਕਰਤਾਰ ਸਿੰਘ ਦੇ ਤਾਇਆ ਜੀ ਸਰਦਾਰ ਬਹਾਦਰ ਰਸਾਲਦਾਰ ਮੇਜਰ ਜਗਤ ਸਿੰਘ ਓ. ਬੀ. ਆਈ. ਉਹਨਾਂ ਦੇ ਖਾਨਦਾਨ ਦੇ ਸਭ ਤੋਂ ਵਧ ਪੜ੍ਹੇ ਹੋਏ ਅਤੇ ਸਭ ਤੋਂ ਪ੍ਰਸਿੱਧ ਵਿਅਕਤੀ ਸਨ । ਨਿਰਸੰਦੇਹ ਉਹ ਗਿਆਨੀ ਜੀ ਦੇ ਪ੍ਰੇਰਨਾ ਸਰੋਤ ਅਤੇ ਆਰੰਭ ਵਿਚ ਉਹਨਾਂ ਦੇ ਰਾਜਨੀਤਕ ਗੁਰੂ ਸਨ। ਛੋਟੀ ਉਮਰ ਵਿਚ ਗਿਆਨੀ ਕਰਤਾਰ ਸਿੰਘ ਆਪਣੇ ਤਾਇਆ ਜੀ ਕੋਲ ਕਈ ਕਈ ਦਿਨ ਅੰਮ੍ਰਿਤਸਰ ਰਹਿੰਦੇ ਸਨ। 1919 ਨੂੰ ਵਿਸਾਖੀ ਵਾਲੇ ਦਿਨ ਜਦੋਂ ਜਲ੍ਹਿਆਂ ਵਾਲਾ ਹੱਤਿਆ ਕਾਂਡ ਹੋਇਆ ਤਾਂ ਉਸ ਦਿਨ ਵੀ ਗਿਆਨੀ ਕਰਤਾਰ ਸਿੰਘ ਉਨ੍ਹਾਂ ਕੋਲ ਅੰਮ੍ਰਿਤਸਰ ਹੀ ਸੀ। ਇਸ ਘਟਨਾ ਦਾ ਉਸ ਦੇ ਦਿਲ ਤੇ ਡੂੰਘਾ ਪ੍ਰਭਾਵ ਪਿਆ। ਗਿਆਨੀ ਜੀ ਦਾ ਦ੍ਰਿਸ਼ਟੀਕੋਣ ਵਿਸ਼ਾਲ ਕਰਨ ਵਿਚ ਅਤੇ ਵਿਦਿਆ ਪ੍ਰਾਪਤੀ ਵਿਚ ਰਸਾਲਦਾਰ ਮੇਜਰ ਜਗਤ ਸਿੰਘ ਦਾ ਵਿਸ਼ੇਸ਼ ਯੋਗਦਾਨ ਸੀ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਵੀ ਗਿਆਨੀ ਜੀ ਦੇ ਤਾਇਆ ਜੀ ਨੇ ਹੀ ਉਸ ਨੂੰ ਦਾਖਲ ਕਰਵਾਇਆ ਸੀ। ਲੰਬੇ ਸਮੇਂ ਤੱਕ ਸਰਦਾਰ ਜਗਤ ਸਿੰਘ ਦੇ ਕੋਈ ਔਲਾਦ ਪੈਦਾ ਨਹੀਂ ਹੋਈ ਅਤੇ ਉਹ ਗਿਆਨੀ ਕਰਤਾਰ ਸਿੰਘ ਨੂੰ ਹੀ ਪੁੱਤਰ ਦਾ ਪਿਆਰ ਦਿੰਦੇ ਸਨ। ਸਰਦਾਰ ਜਗਤ ਸਿੰਘ ਆਪਣਾ ਬਹੁਤਾ ਸਮਾਂ ਪਰਮਾਤਮਾ ਦੀ ਭਗਤੀ ਵਿਚ ਹੀ ਲੀਨ ਰਹਿੰਦੇ ਸਨ ਅਤੇ ਆਖਰੀ ਦਮ ਤੱਕ ਗੁਰਦਵਾਰਾ ਸਿੰਘ ਸਭਾ ਉੜਮੁੜ ਦੇ ਪ੍ਰਧਾਨ ਰਹੇ। 1964 ਵਿਚ ਉਹ 100 ਸਾਲ ਦੀ ਉਮਰ ਵਿਚ ਵਾਹਿਗੁਰੂ ਨੂੰ ਪਿਆਰੇ ਹੋ ਗਏ।

ਰਸਾਲਦਾਰ ਮੇਜਰ ਜਗਤ ਸਿੰਘ ਦੇ ਚਾਰ ਪੁੱਤਰ ਹਨ। ਇਹਨਾਂ ਦੇ ਵੱਡੇ

Digitized by Panjab Digital Library | www.panjabdigilib.org

ਲੜਕੇ ਸਰਦਾਰ ਅਵਤਾਰ ਸਿੰਘ ਚੰਗੇ ਪੜ੍ਹੇ ਲਿਖੇ ਹਨ ਅਤੇ ਯੂ. ਪੀ. ਵਿਚ ਪਿੰਡ ਰਾਮ ਰਾਜ ਜ਼ਿਲ੍ਹਾ ਮੁਜ਼ੱਫਰ ਨਗਰ ਵਿਖੇ ਆਪਣੇ ਫਾਰਮ ਤੇ ਰਹਿੰਦੇ ਹਨ । ਉਹ ਯੂ. ਪੀ. ਸਿੱਖ ਪ੍ਰਤੀਨਿਧ ਬੋਰਡ ਦੇ ਮੀਤ ਪ੍ਰਧਾਨ ਹਨ ਅਤੇ ਕਈ ਸਾਲ ਤੱਕ ਮੁਜ਼ੱਫਰ ਨਗਰ ਜ਼ਿਲ੍ਹਾ ਪ੍ਰੀਸ਼ਦ ਦੇ ਪ੍ਰਧਾਨ ਰਹਿ ਚੁਕੇ ਹਨ । ਕੁਝ ਸਮਾਂ ਪਹਿਲਾਂ ਉਹਨਾਂ ਦੀ ਹਿੰਮਤ ਨਾਲ ਗਿਆਨੀ ਕਰਤਾਰ ਸਿੰਘ ਦਾ ਚਿੱਤਰ ਅਜਾਇਬ ਘਰ ਅੰਮ੍ਰਿਤਸਰ ਵਿਖੇ ਲਾ ਦਿੱਤਾ ਗਿਆ । ਉਹ 1947 ਤੋਂ ਪਹਿਲਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਲਾਇਲ-ਪੁਰ ਦੇ ਸਕੱਤਰ ਸਨ । ਸਰਦਾਰ ਜਗਤ ਸਿੰਘ ਦਾ ਦੂਜਾ ਲੜਕਾ ਸਰਦਾਰ ਬਚਿੱਤਰ ਸਿੰਘ ਮਾਡਲ ਟਾਊਨ ਟਾਂਡਾ ਉੜਮੁੜ ਵਿਖੇ ਰਹਿੰਦਾ ਹੈ ਅਤੇ ਆਪਣੇ ਪਰਿਵਾਰ ਦੇ 65 ਏਕੜ ਫਾਰਮ ਦੀ ਦੇਖ ਭਾਲ ਕਰ ਰਿਹਾ ਹੈ । ਉਹ ਮਿਊਂਸਪਲ ਕਮੇਟੀ ਟਾਂਡਾ ਉੜਮੁੜ ਦਾ ਮੀਤ ਪ੍ਰਧਾਨ ਵੀ ਰਿਹਾ ਹੈ ਅਤੇ ਇਲਾਕੇ ਦਾ ਸਿਰਕੱਢ ਸਿਆਸੀ ਵਰਕਰ ਹੈ ਅਤੇ ਆਪਣੇ ਭਾਈ ਗਿਆਨੀ ਕਰਤਾਰ ਸਿੰਘ ਨੂੰ ਬੜੇ ਸਨੇਹ ਅਤੇ ਸਤਿਕਾਰ ਨਾਲ ਯਾਦ ਕਰਦਾ ਹੈ । ਸਰਦਾਰ ਜਗਤ ਸਿੰਘ ਦਾ ਤੀਜਾ ਲੜਕਾ ਕੈਪਟਨ ਹਰਜਿੰਦਰ ਸਿੰਘ ਦੋ ਸਾਲ ਪਹਿਲਾਂ ਗੁਜ਼ਰ ਗਿਆ ਸੀ ਅਤੇ ਚੌਥਾ ਲੜਕਾ ਸਰਦਾਰ ਜਸਵਿੰਦਰ ਸਿੰਘ ਨੇਵੀ ਵਿਚ ਕੈਪਟਨ ਹੈ ।

ਨਿਰਸੰਦੇਹ ਗਿਆਨੀ ਕਰਤਾਰ ਸਿੰਘ ਦਾ ਪਰਿਵਾਰ ਚੰਗਾ ਪ੍ਰਫੁਲਿਤ ਹੈ ਅਤੇ ਉਹਨਾਂ ਦਾ ਸੱਚੇ ਦਿਲੋਂ ਸਤਿਕਾਰ ਕਰਦਾ ਹੈ, ਪਰ ਇਹ ਸਪੱਸ਼ਟ ਹੈ ਕਿ ਗਿਆਨੀ ਕਰਤਾਰ ਸਿੰਘ ਇਕ ਨਿਰ-ਸੁਆਰਥ ਅਤੇ ਕੁਰਬਾਨੀ ਵਾਲਾ ਰਾਜਨੀਤਕ ਨੇਤਾ ਸੀ । ਆਪਣੀ ਮੌਤ ਤੋਂ ਪਿਛੋਂ ਉਹ ਇਕ ਪੈਸੇ ਦੀ ਵੀ ਜਾਇਦਾਦ ਨਹੀਂ ਛੱਡ ਕੇ ਗਿਆ। ਅਤੇ ਆਪਣੇ ਸਭ ਤੋਂ ਨੇੜੇ ਦੇ ਸੰਬੰਧੀਆਂ, ਅਰਥਾਤ ਸੁਪਤਨੀ ਹਰਨਾਮ ਕੌਰ, ਦੋ ਭਰਾਵਾਂ ਅਤੇ ਭੈਣਾਂ ਦੇ ਪਰਿਵਾਰ ਨੂੰ ਉਹਨਾਂ ਨੇ ਕਿਸੇ ਕਿਸਮ ਦਾ ਨਿੱਜੀ ਲਾਭ ਨਹੀਂ ਪਹੁੰਚਾਇਆ । ਉਨ੍ਹਾਂ ਦੇ ਪਰਿਵਾਰ ਨੂੰ ਤਾਂ ਇਸ ਗੱਲ ਦਾ ਹੀ ਬੜਾ ਮਾਣ ਹੈ ਕਿ ਉਨ੍ਹਾਂ ਦੇ ਪਰਿਵਾਰ ਵਿਚ ਗਿਆਨੀ ਕਰਤਾਰ ਸਿੰਘ ਜਿਹਾ ਮਹਾਨ ਵਿਅਕਤੀ ਪੈਦਾ ਹੋਇਆ, ਜਿਸ ਨੂੰ ਪੰਥ ਦਾ ਦਿਮਾਗ ਅਤੇ ਪਥ ਪ੍ਰਦਰਸ਼ਕ ਕਿਹਾ ਜਾਂਦਾ ਹੈ । ਅੱਜ ਕੱਲ ਦੇ ਸਮਿਆਂ ਵਿਚ ਇਹੋ ਜਿਹੇ ਕੁਰਬਾਨੀ ਦੇ ਪੁੰਜ ਵਿਰਲੇ ਹੀ ਹਨ ।

□□

Digitized by Panjab Digital Library | www.panjabdigilib.org

# ਅੰਤਿਕਾ—1

## (ੳ) ਸੱਚਰ-ਗਿਆਨੀ ਫ਼ਾਰਮੂਲੇ ਦੀਆ ਮੁੱਖ ਧਾਰਾਵਾਂ

(1) ਪੂਰਬੀ ਪੰਜਾਬ ਵਿਚ ਦੋ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਪੰਜਾਬੀ ਅਤੇ ਹਿੰਦੀ, ਅਤੇ ਦੋ ਲਿਪੀਆਂ ਚੱਲ ਰਹੀਆਂ ਹਨ; ਗੁਰਮੁਖੀ ਅਤੇ ਦੇਵਨਾਗਰੀ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਦੀ ਇਲਾਕਾਈ ਭਾਸ਼ਾ ਪੰਜਾਬੀ ਹੋਵੇਗੀ ਤੇ ਹਿੰਦੀ ਬੋਲਦੇ ਇਲਾਕੇ ਦੀ ਹਿੰਦੀ। ਪੰਜਾਬੀ ਤੋਂ ਭਾਵ ਗੁਰਮੁਖੀ ਅੱਖਰਾਂ ਵਿਚ ਲਿਖੀ ਪੰਜਾਬੀ ਅਤੇ ਹਿੰਦੀ ਤੋਂ ਮੁਰਾਦ ਦੇਵਨਾਗਰੀ ਵਿਚ ਲਿਖੀ ਹਿੰਦੀ ਹੋਵੇਗੀ।

(2) ਮੱਦ ਨੰਬਰ 5 ਵਿਚ ਦਿੱਤੀ ਛੋਟ ਨੂੰ ਛੱਡ ਕੇ ਪੰਜਾਬੀ ਬੋਲਦੇ ਇਲਾਕੇ ਦੇ ਸਾਰੇ ਸਕੂਲਾਂ ਵਿਚ ਦਸਵੀਂ ਜਮਾਤ ਤਕ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇਗਾ ਅਤੇ ਹਿੰਦੀ ਇਕ ਲਾਜ਼ਮੀ ਮਜ਼ਮੂਨ ਵਜੋਂ ਪ੍ਰਾਇਮਰੀ ਦੀ ਅਖੀਰਲੀ ਸ਼ਰੇਣੀ ਤੋਂ ਦਸਵੀਂ ਸ਼ਰੇਣੀ ਤਕ ਪੜ੍ਹਾਈ ਜਾਵੇਗੀ—ਲੜਕੀਆਂ ਦੀ ਸੂਰਤ ਵਿਚ ਕੇਵਲ ਮਿਡਲ ਸ਼ਰੇਣੀਆਂ ਤਕ। ਕਈ ਹਾਲਤਾਂ ਅਜਿਹੀਆਂ ਹੋਣਗੀਆਂ ਜਦੋਂ ਵਿਦਿਆਰਥੀਆਂ ਦਾ ਪਿਤਾ ਜਾਂ ਸਰਬਰਾਹ, ਇਸ ਬਿਨਾ ਉੱਤੇ ਕਿ ਬੱਚੇ ਦੀ ਮਾਤ-ਭਾਸ਼ਾ ਇਲਾਕਾਈ ਭਾਸ਼ਾ ਨਹੀਂ, ਸਗੋਂ ਹਿੰਦੀ ਹੈ, ਆਪਣੇ ਬੱਚੇ ਨੂੰ ਹਿੰਦੀ ਵਿਚ ਤਾਲੀਮ ਦਿਵਾਣਾ ਚਾਹੇਗਾ। ਅਜਿਹੀਆਂ ਹਾਲਤਾਂ ਵਿਚ ਪਿਤਾ ਜਾਂ ਸਰਬਰਾਹ ਦੇ ਬਿਆਨ ਤੇ ਕਿਸੇ ਕਿਸਮ ਦੀ ਸ਼ੰਕਾ ਪ੍ਰਗਟ ਨਾ ਕਰਦਿਆਂ ਹੋਇਆਂ, ਉਸ ਬੱਚੇ ਦਾ ਹਿੰਦੀ ਵਿਚ ਸਿੱਖਿਆ ਦਾ ਪ੍ਰਬੰਧ ਕੀਤਾ ਜਾਏਗਾ। ਅਜੇਹੇ ਪ੍ਰਬੰਧ ਲਈ ਸ਼ਰਤ ਇਹ ਹੋਵੇਗੀ ਕਿ ਹਿੰਦੀ ਵਿਚ ਵਿਦਿਆ



Digitized by Panjab Digital Library | www.panjabdigilib.org

ਪ੍ਰਾਪਤ ਕਰਨ ਵਾਲੇ ਬੱਚਿਆਂ ਦੀ ਗਿਣਤੀ ਸਕੂਲ ਵਿਚ 40 ਤੋਂ ਘੱਟ ਨਾ ਹੋਵੇ। ਅਜੇਹੇ ਪ੍ਰਬੰਧ ਹੇਠ ਪ੍ਰਾਈਮਰੀ ਦੀ ਪੱਧਰ ਤਕ ਪੜ੍ਹਾਈ ਦਾ ਮਾਧਿਅਮ ਹਿੰਦੀ ਹੋਵੇਗਾ, ਪਰ ਇਲਾਕਾਈ ਭਾਸ਼ਾ ਦੀ ਸੂਰਤ ਵਿਚ ਪ੍ਰਾਈਮਰੀ ਦੀ ਅਖੀਰਲੀ ਸ਼ਰੇਣੀ ਤੋਂ ਲਾਜ਼ਮੀ ਮਜ਼ਮੂਨ ਦੇ ਤੌਰ ਤੇ ਪੜ੍ਹਾਈ ਜਾਵੇਗੀ ਅਤੇ ਲੜਕੀਆਂ ਦੀ ਹਾਲਤ ਵਿਚ ਛੇਵੀਂ ਜਮਾਤ ਤੋਂ। ਸੈਕੰਡਰੀ ਸਟੇਜ ਵਿਚ ਵੀ ਪੜ੍ਹਾਈ ਦਾ ਮਾਧਿਅਮ ਉਹਨਾਂ ਸਰਕਾਰੀ, ਮਿਉਂਸਪਲ ਅਤੇ ਜ਼ਿਲਾ ਬੋਰਡਾਂ ਦੇ ਸਕੂਲਾਂ ਵਿਚ ਹਿੰਦੀ ਹੋਵੇਗਾ ਜਿਹਨਾਂ ਵਿਚ ਵਿਦਿਆਰਥੀਆਂ ਦੀ ਇਕ-ਤਿਹਾਈ ਹਿੰਦੀ ਵਿਚ ਸਿੱਖਿਆ ਲੈਣ ਦੀ ਮੰਗ ਕਰੇਗੀ। ਸਰਕਾਰੀ ਸਹਾਇਤਾ ਪਾ ਰਹੇ ਸਕੂਲਾਂ ਪਾਸੋਂ ਵੀ ਅਜੇਹੀਆਂ ਸਹੂਲਤਾਂ ਦਿੱਤੇ ਜਾਣ ਦੀ ਮੰਗ ਕਰੇਗੀ।

(3) ਮੱਦ ਨੰਬਰ 5 ਵਿਚ ਦਿੱਤੀ ਛੋਟ ਨੂੰ ਛੱਡ ਕੇ ਹਿੰਦੀ ਬੋਲਦੇ ਇਲਾਕੇ (ਇਸ ਵਿਚ ਹਿੰਦੀ ਬੋਲਦੇ ਇਲਾਕੇ ਲਈ ਉਸੇ ਤਰ੍ਹਾਂ ਦੀਆਂ ਸ਼ਰਤਾਂ ਤੇ ਸਹੂਲਤਾਂ ਹਨ, ਜਿਵੇਂ ਉਪਰ ਮੱਦ ਨੰਬਰ 2 ਵਿਚ ਪੰਜਾਬੀ ਬੋਲਦੇ ਇਲਾਕੇ ਲਈ ਦਿੱਤੀਆਂ ਗਈਆਂ ਹਨ)।

(4) ਨਵੇਂ ਹਾਲਾਤ ਵਿਚ ਸਰਕਾਰ ਲੋੜ ਅਨੁਸਾਰ ਨਵੀਆਂ ਹਦਾਇਤਾਂ ਜਾਰੀ ਕਰ ਸਕੇਗੀ।

(5) ਅਜਿਹੇ ਮਨਜ਼ੂਰ ਹੋਏ ਸਕੂਲਾਂ ਨੂੰ, ਜੋ ਸਰਕਾਰ ਪਾਸੋਂ ਸਹਾਇਤਾ ਨਹੀਂ ਲੈ ਰਹੇ ਹੋਣਗੇ, ਸਿੱਖਿਆ ਦਾ ਮਾਧਿਅਮ ਆਪਣੀ ਮਰਜ਼ੀ ਅਨੁਸਾਰ ਰੱਖਣ ਦੀ ਆਗਿਆ ਹੋਵੇਗੀ। ਉਨ੍ਹਾਂ ਉੱਤੇ ਸਿੱਖਿਆ ਦੇ ਮਾਧਿਅਮ ਦੇ ਪ੍ਰਬੰਧ ਕਰਨ ਦੀ ਸ਼ਰਤ ਲਾਗੂ ਨਹੀਂ ਹੋਵੇਗੀ, ਪਰ ਉਹਨਾਂ ਨੂੰ ਪੰਜਾਬੀ ਜਾਂ ਹਿੰਦੀ (ਜਿਵੇਂ ਵੀ ਸਥਿਤੀ ਹੋਵੇ) ਦੂਜੀ ਭਾਸ਼ਾ ਵਜੋਂ ਪੜ੍ਹਾਉਣੀ ਅਵੱਸ਼ਕ ਹੋਵੇਗੀ।

ਫਾਰਮੂਲੇ ਵਿਚ ਆਏ ਹਿੰਦੀ ਅਤੇ ਪੰਜਾਬੀ ਇਲਾਕਿਆਂ ਦੀ ਹੱਦ-ਬੰਦੀ ਕਰਨ ਲਈ ਜੋ ਕਮੇਟੀ ਬਣਾਈ ਗਈ, ਉਸ ਦੇ 11 ਮੈਂਬਰ ਸਨ। ਇਹਨਾਂ ਨੇ ਲੰਬੀ ਸੋਚ ਵਿਚਾਰ ਤੋਂ ਪਿਛੋਂ ਜੋ ਫੈਸਲਾ ਦਿੱਤਾ, ਉਹ ਇਸ ਪ੍ਰਕਾਰ ਸੀ।

(ੳ) ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫੀਰੋਜ਼ਪੁਰ, ਲੁਧਿਆਣਾ ਅਤੇ ਹੁਸ਼ਿਆਰਪੁਰ ਦੇ ਜ਼ਿਲੇ ਪੰਜਾਬੀ ਬੋਲਦੇ ਇਲਾਕੇ ਹਨ; ਜ਼ਿਲਾ ਅੰਬਾਲਾ ਦੀਆਂ ਤਹਿਸੀਲਾਂ ਰੋਪੜ ਅਤੇ ਖਰੜ ਵੀ ਇਸ ਖੰਡ ਦਾ ਭਾਗ ਹਨ।

Digitized by Panjab Digital Library | www.panjabdigilib.org

(ਅ) ਰੋਹਤਕ, ਗੁੜਗਾਉਂ, ਕਰਨਾਲ, ਕਾਂਗੜਾ ਅਤੇ ਹਿਸਾਰ ਹਿੰਦੀ ਬੋਲਦੇ ਇਲਾਕੇ ਹਨ ।

(ੲ) ਰਾਜਧਾਨੀ ਚੰਡੀਗੜ੍ਹ ਦੋ-ਭਾਸ਼ੀ ਮੰਨੀ ਜਾਵੇ ।

## (ਅ) ਪੈਪਸੂ ਫਾਰਮੂਲਾ

(1) ਜ਼ਿਲਾ ਮਹਿੰਦਰਗੜ੍ਹ, ਜ਼ਿਲਾ ਸੰਗਰੂਰ ਦੀ ਤਹਿਸੀਲ ਜੀਂਦ ਅਤੇ ਤਹਿਸੀਲ ਨਰਵਾਨਾ ਅਤੇ ਪਹਾੜੀ ਜ਼ਿਲੇ ਦੀ (ਸਣੇ ਛਛਰੌਲੀ ਪਰ ਡੇਰਾ ਬੱਸੀ ਦੀ ਪੁਲੀਸ ਚੌਕੀ ਨੂੰ ਕੱਢ ਕੇ) ਪ੍ਰਮੁੱਖ ਅਦਾਲਤੀ ਭਾਸ਼ਾ ਹਿੰਦੀ ਹੋਵੇਗੀ ।

(2) ਉਪਰ ਲਿਖੇ ਮਦ ਨੰਬਰ 1 ਦੇ ਸਾਰੇ ਇਲਾਕੇ ਵਿਚ ਪੰਜਾਬੀ ਵੀ ਇਕ ਦੂਜੀ ਭਾਸ਼ਾ ਹੋਵੇਗੀ ਅਤੇ

(3) ਪੈਪਸੂ ਦੇ ਬਾਕੀ ਰਹਿੰਦੇ ਇਲਾਕੇ ਵਿਚ ਗੁਰਮੁਖੀ ਅੱਖਰਾਂ ਵਿਚ ਲਿਖੀ ਪੰਜਾਬੀ ਪ੍ਰਧਾਨ ਅਦਾਲਤੀ ਭਾਸ਼ਾ ਹੋਵੇਗੀ ।

## (ੲ) ਸੱਚਰ ਫ਼ਾਰਮੂਲੇ ਅਨੁਸਾਰ ਭਾਸ਼ਾਈ ਜ਼ੋਨ

### (1) ਹਿੰਦੀ ਜ਼ੋਨ

ਰੋਹਤਕ, ਗੁੜਗਾਓਂ, ਕਰਨਾਲ ਅਤੇ ਕਾਂਗੜਾ ਜ਼ਿਲੇ, ਹਿਸਾਰ ਜ਼ਿਲੇ ਦੇ ਘੱਘਰ ਨਦੀ ਤੋਂ ਦੱਖਣ ਵੱਲ ਦੇ ਇਲਾਕੇ ਅਤੇ ਅੰਬਾਲਾ ਜ਼ਿਲੇ ਦੀਆਂ ਜਗਾਧਰੀ ਅਤੇ ਨਰਾਇਣਗੜ੍ਹ ਤਹਿਸੀਲਾਂ ।

### (2) ਪੰਜਾਬੀ ਜ਼ੋਨ

ਅੰਮ੍ਰਿਤਸਰ, ਜਲੰਧਰ, ਗੁਰਦਾਸਪੁਰ, ਫਿਰੋਜ਼ਪੁਰ, ਲੁਧਿਆਣਾ ਅਤੇ ਹੁਸ਼ਿਆਰਪੁਰ ਜ਼ਿਲੇ, ਹਿਸਾਰ ਜ਼ਿਲੇ ਦੇ ਘੱਘਰ ਨਦੀ ਤੋਂ ਪੂਰਬ ਵੱਲ ਫਿਰੋਜ਼ਪੁਰ ਅਤੇ ਪਟਿਆਲਾ ਜ਼ਿਲੇ ਨਾਲ ਲਗਦੇ ਇਲਾਕੇ, ਅੰਬਾਲਾ ਜ਼ਿਲੇ ਦੀਆ ਖਰੜ ਅਤੇ ਰੋਪੜ ਤਹਿਸੀਲਾਂ ।

### (3) ਦੋ-ਭਾਸ਼ੀ ਜ਼ੋਨ

ਸ਼ਿਮਲਾ ਅਤੇ ਅੰਬਾਲਾ ਜ਼ਿਲਾ ਦੀ ਅੰਬਾਲਾ ਤਹਿਸੀਲ ।

———

Digitized by Panjab Digital Library | www.panjabdigilib.org

# ਅੰਤਿਕਾ—2

## ਫਰਵਰੀ 1956 ਵਿਚ ਪਾਸ ਹੋਏ ਰਿਜਨਲ ਫਾਰਮੂਲੇ ਦੀਆਂ ਭਾਸ਼ਾ ਸੰਬੰਧੀ ਮੱਦਾਂ

1. ਸੱਚਰ ਫਾਰਮੂਲਾ ਪੰਜਾਬ ਵਿਚ ਤੇ ਪੈਪਸੂ ਫਾਰਮੂਲਾ ਪੈਪਸੂ ਦੇ ਇਲਾਕਿਆਂ ਵਿਚ ਚਲਦਾ ਰਹੇਗਾ। (ਮੱਦ 9)
2. ਜ਼ਿਲਾ ਪੱਧਰ ਅਤੇ ਉਸ ਤੋਂ ਹੇਠਾਂ ਹਰੇਕ ਇਲਾਕੇ ਦੀ ਸਰਕਾਰੀ ਭਾਸ਼ਾ, ਉਸ ਇਲਾਕੇ ਦੀ ਵਿਸ਼ੇਸ਼ ਮਾਤ ਭਾਸ਼ਾ ਹੀ ਹੋਵੇਗੀ। (ਮਦ 10)
3. ਪੰਜਾਬ ਪ੍ਰਦੇਸ਼ ਦੋ-ਭਾਸ਼ਾਈ ਪ੍ਰਾਂਤ ਹੋਵੇਗਾ ਅਤੇ ਰਾਜ ਦੀ ਸਰਕਾਰੀ ਭਾਸ਼ਾ ਵਜੋਂ ਦੋਵੇਂ (ਗੁਰਮੁਖੀ ਅੱਖਰਾਂ ਵਿਚ ਪੰਜਾਬੀ ਅਤੇ ਦੇਵਨਾਗਰੀ ਅੱਖਰਾਂ ਵਿਚ ਹਿੰਦੀ) ਚਲਣਗੀਆਂ। (ਮਦ 11)
4. ਪੰਜਾਬ ਸਰਕਾਰ ਪੰਜਾਬੀ ਅਤੇ ਹਿੰਦੀ ਦੀ ਪ੍ਰਫੁੱਲਤਾ ਲਈ ਦੋ ਵਖਰੇ ਵਖਰੇ ਵਿਭਾਗ, ਹਿੰਦੀ ਅਤੇ ਪੰਜਾਬੀ ਸਥਾਪਿਤ ਕਰੇਗੀ। (ਮਦ 12)
5. ਭਾਸ਼ਾਈ ਘੱਟ-ਗਿਣਤੀਆਂ ਲਈ ਤਜਵੀਜ਼ ਕੀਤੀਆਂ ਗਈਆਂ ਸਹੂਲਤਾਂ ਅਤੇ ਸੁਰੱਖਿਆਵਾਂ ਭਾਰਤ ਦੇ ਦੂਜੇ ਪ੍ਰਦੇਸ਼ਾਂ ਵਾਂਗ ਪੰਜਾਬ ਪ੍ਰਦੇਸ਼ ਤੇ ਵੀ ਲਾਗੂ ਹੋਣਗੀਆਂ। (ਮਦ 13)
6. ਕੇਂਦਰੀ ਸਰਕਾਰ ਪੰਜਾਬੀ ਦੇ ਵਾਧੇ ਅਤੇ ਪ੍ਰਫੁੱਲਤਾ ਲਈ ਹਰ ਤਰ੍ਹਾਂ ਸਹਾਇਤਾ ਕਰੇਗੀ। (ਮਦ 14)

———

Digitized by Panjab Digital Library | www.panjabdigilib.org

## APPENDIX III

### Select Bibliograghy

### A—Punjabi


1. ਅਰਜਨ ਸਿੰਘ ਗੜਗੱਜ —ਮੇਰਾ ਆਪਣਾ ਆਪ
2. ਸਰਦੂਲ ਸਿੰਘ ਕਵੀਸ਼ਰ —ਸਾਕਾ ਨਨਕਾਣਾ ਸਾਹਿਬ
3. ਸੁੰਦਰ ਸਿੰਘ ਮਖਦੂਮਪੁਰ —ਬੱਬਰ ਅਕਾਲੀ ਲਹਿਰ ਦਾ ਇਤਿਹਾਸ
4. ਸਾਹਿਬ ਸਿੰਘ —ਮੇਰੀ ਜੀਵਨ ਕਹਾਣੀ
5. ਸ਼ਮਸ਼ੇਰ ਸਿੰਘ ਅਸ਼ੋਕ —ਪੰਜਾਬ ਦੀਆਂ ਲਹਿਰਾਂ
6. ਐਚ. ਐਸ. ਦਲਗੀਰ —ਅਕਾਲੀ ਪਾਰਟੀ ਦਾ ਇਤਿਹਾਸ
7. ਖਜ਼ਾਨ ਸਿੰਘ —ਇਤਿਹਾਸ ਗੁਰਦਵਾਰਾ ਸ਼ਹੀਦ ਗੰਜ
8. ਗੰਡਾ ਸਿੰਘ —ਭਾਈ ਜੋਧ ਸਿੰਘ ਅਭਿਨੰਦਨ ਗਰੰਥ
9. ਗੰਡਾ ਸਿੰਘ —ਬਾਬਾ ਖੜਕ ਸਿੰਘ ਅਭਿਨੰਦਨ ਗਰੰਥ
10. ਗੁਰਚਰਨ ਸਿੰਘ ਗਿਆਨੀ —ਅਣਖੀ ਸੂਰਮਾ—ਜੀਵਨ ਮਾਸਟਰ ਤਾਰਾ ਸਿੰਘ
11. ਗੁਰਚਰਨ ਸਿੰਘ ਸਹਿੰਸਰਾ —ਗ਼ਦਰ ਪਾਰਟੀ ਦਾ ਇਤਿਹਾਸ
12. ਗੁਰਮੁੱਖ ਸਿੰਘ ਮੁਸਾਫ਼ਰ —ਵੀਹਵੀਂ ਸਦੀ ਦੇ ਸ਼ਹੀਦ
13. ਚਕਰਕੌਰ ਸਿੰਘ ਅਕਾਲੀ —ਪੰਜਾਬ ਦਾ ਖ਼ੂਨੀ ਇਤਿਹਾਸ
14. ਜਸਦੇਵ ਸਿੰਘ ਸੰਧੂ —ਗਿਆਨੀ ਕਰਤਾਰ ਸਿੰਘ ਤੇ ਲੇਖ (ਪੰਜਾਬੀ ਯੂਨੀਵਰਸਿਟੀ)




Digitized by Panjab Digital Library | www.panjabdigilib.org

15. ਜਗਜੀਤ ਸਿੰਘ ਡਾਕਟਰ —ਸਿੰਘ ਸਭਾ ਲਹਿਰ ਦਾ ਇਤਿਹਾਸ
16. ਤਾਰਾ ਸਿੰਘ ਮਾਸਟਰ —ਮੇਰੀ ਯਾਦ
17. ਤਾਰਾ ਸਿੰਘ ਮਾਸਟਰ —ਕਾਂਗਰਸ ਤੇ ਸਿੱਖ
18. ਤੇਜਾ ਸਿੰਘ ਪ੍ਰਿੰਸੀਪਲ —ਆਰਸੀ
19. ਧੰਨਾ ਸਿੰਘ ਗੁਲਸ਼ਨ —ਅੱਜ ਦਾ ਪੰਜਾਬ ਤੇ ਸਿੱਖ ਰਾਜਨੀਤੀ
20. ਨਰਿੰਜਣ ਸਿੰਘ ਪ੍ਰਿੰਸੀਪਲ —ਜੀਵਨ ਯਾਤਰਾ ਮਾਸਟਰ ਤਾਰਾ ਸਿੰਘ
21. ਨਾਹਰ ਸਿੰਘ ਗਿਆਨੀ —ਆਜ਼ਾਦੀ ਦੀਆਂ ਲਹਿਰਾਂ
22. ਪਰਤਾਪ ਸਿੰਘ ਗਿਆਨੀ —ਅਕਾਲੀ ਲਹਿਰ ਦਾ ਇਤਿਹਾਸ
23. ਪਰਤਾਪ ਸਿੰਘ ਗਿਆਨੀ —ਪਾਕਿਸਤਾਨੀ ਘੱਲੂਘਾਰਾ
24. ਪਰਮਾ ਨੰਦ ਭਾਈ —ਤਾਰੀਖ-ਇ-ਹਿੰਦ
25. ਰੰਧਾਵਾ ਮਹਿੰਦਰ ਸਿੰਘ —ਪੰਜਾਬ

## B—English

1. A. K. Majumdar —Advent of Independence.
2. Ajit Singh —Punjabi Suba.
3. Ambedkar. B. R. —Pakistan or the Partition of India.
4. Azad, Maulana —India Wins Freedom.
5. Aziz, K. K. —The Making of Pakistan.
6. Bajwa, Harcharn Singh —Fifty Years of Panjab Politics.
7. Bali, A. N. —Now it can be Told.
8. Campbell Johnston —Mission With Mountbetton.
9. Chhabra, G. S. —Advanced Study in History of Punjab Vol. II.

Digitized by Panjab Digital Library | www.panjabdigilib.org

10. Chhabra, G. S. —The Advanced History of Modern India.
11. Darling Malcolm —The Punjab Peasant in Prosperity and Debt.
12- Datta, V. N. —Jalian Wala Bagh Tragedy.
13. Durlabh Singh —The Valiant Fighter.
14. E. N. Mangat Rai—Committment my Style.
15. Fateh Singh Sant —Memorandum Prsesented to Prime minister, 1961.
16. Francis Tucker —While Memory Serves.
17. Harbans Singh —Heritage of the Sikhs.
18. Gurbachan Singh & Lal Singh —The Idea of Sihh State.
19. Gurnam Singh —A Unilingual Panjabi State.
20. Jawahar Lal Nehru—An Autobiography.
21. Kartar Singh Giani—The Case for a Hindu Sikh Province 1946.
22. Khosla. G. D. —Stern Reckoning.
23. Khushwant Singh—History of the Sikhs. Vol II.
24. Kirpal Singh —Partition of Punjab.
25. Lakshman Singh Bhagat—Autobiography
26. Larry Callins —Freedom At Midnight.
27. Menon, V. P. —Transfer of Power in India.
28. Micheal Brecher —Nehru-A Political Biography
29. Micheal Edwards—The Last years of British India.

Digitized by Panjab Digital Library | www.panjabdigilib.org

30. Misra, D. P. —Living An Era Vol. II.
31. Narang, Gokal Chand—Transformation of Sikhism.
32. Nayyar, Baldev Raj —Contemporary Political Leadership in Punjab.
33. P. Sitarammaya —History of Indian National Congress.
34. Parkash Tandon —Punjabi Century.
35. Parma Nand, Bhai —The Story of My Life.
36. Penderal Moon —Divide & Quit.
37. Randhawa, M. S. —Out of Ashes.
38. Sadhu Sarup Singh —Sikhs Demand their. Homeland 1945.
39. Sahni, Ruchi Ram —Struggle for Reform in Sikh Shrines.
40. Sethi, R. R. —The Last Phase.
41. Sri Ram Sharma —Punjab in Ferment.
42. Tara Chand —History of Freedom Movement.

## C—News Paper Files.

1. The Daily Tribune.
2. ,, ,, AKali Patrika.
3. ,, ,, Ajit.
4. ,, ,, Hind Samachar.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1382

Digitized by Panjab Digital Library | www.panjabdigilib.org

Digitized by Panjab Digital Library | www.panjabdigilib.org